## ਕੰਟਰੋਲ ਰੇਖਾ ਕੋਲ ਬਾਰੂਦੀ ਸੁਰੰਗ ’ਚ ਧਮਾਕਾ, ਜਵਾਨ ਜ਼ਖ਼ਮੀ

ਜੰਮੂ, 18 ਅਪ੍ਰੈਲ (ਪ੍ਰਤੀਨਿਧੀ) : ਜੰਮੂ ਕਸ਼ਮੀਰ ਦੇ ਪੁੰਛ ਜ਼ਿਲ੍ਹੇ ’ਚ ਸ਼ਨੀਵਾਰ ਨੂੰ ਕੰਟਰੋਲ ਰੇਖਾ (ਐੱਲਓਸੀ) ਕੋਲ ਇਕ ਸਰਹੱਦੀ ਪਿੰਡ ’ਚ ਬਾਰੂਦੀ ਸੁਰੰਗ ਧਮਾਕੇ ’ਚ ਫ਼ੌਜ ਦਾ ਇਕ ਜਵਾਨ ਜ਼ਖ਼ਮੀ ਹੋ ਗਿਆ, ਜਦੋਂ ਕਿ ਜੰਗ ਲੱਗੀ ਇਕ ਬਾਰੂਦੀ ਸੁਰੰਗ ਨੂੰ ਸੁਰੱਖਿਅਤ ਰੂਪ ਨਾਲ ਨਕਾਰਾ ਕਰ ਦਿੱਤਾ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਇਹ ਹਾਦਸਾ ਬਾਲਾਕੋਟ ਖੇਤਰ ’ਚ ਫ਼ੌਜ ਦੇ ਇਕ ਦਲ ਦੀ ਗਸ਼ਤੀ ਮੁਹਿੰਮ ਦੌਰਾਨ ਹੋਇਆ, ਜਿਸ ’ਚ ਇਕ ਅਗਨੀਵੀਰ ਜ਼ਖ਼ਮੀ ਹੋ ਗਿਆ।

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

# ਚੜ੍ਹਦੀਕਲਾ

www.charhdikala.com DAILY CHARDHIKALA, NEW DELHI Email : charhdikala@gmail.com

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ‘ਦਰਦੀ’ | ਸੰਪਾਦਕ : ਜਸਕੀਰਤ ਸਿੰਘ

## ਭੂਚਾਲ ਦੇ ਤੇਜ਼ ਝਟਕਿਆਂ ਨਾਲ ਕੰਬਿਆ ਕਸ਼ਮੀਰ

ਸ੍ਰੀਨਗਰ, 18 ਅਪ੍ਰੈਲ (ਪ੍ਰਤੀਨਿਧੀ) : ਜੰਮੂ-ਕਸ਼ਮੀਰ ਵਿਚ ਸ਼ਨੀਵਾਰ ਸਵੇਰੇ ਉਸ ਸਮੇਂ ਦਹਿਸ਼ਤ ਦਾ ਮਾਹੌਲ ਬਣ ਗਿਆ, ਜਦੋਂ ਕਸ਼ਮੀਰ ਘਾਟੀ ਦੇ ਕਈ ਹਿੱਸਿਆ ਵਿਚ ਭੂਚਾਲ ਦੇ ਤੇਜ਼ ਝਟਕਿਆਂ ਨਾਲ ਧਰਤੀ ਕੰਬ ਗਈ। ਭੂਚਾਲ, ਜਿਸਦਾ ਕੇਂਦਰ ਅਫਗਾਨਿਸਤਾਨ ਦੇ ਬਦਖਸ਼ਾਨ ਦੇ ਜ਼ੈਬਕ ਖੇਤਰ ਵਿੱਚ ਸੀ, ਦੀ ਤੀਬਰਤਾ ਰਿਕਟਰ ਪੈਮਾਨੇ ’ਤੇ 5.0 ਮਾਪੀ ਗਈ ਹੈ। ਭੂਚਾਲ ਸੰਬੰਧੀ ਅੰਕੜਿਆਂ ਅਨੁਸਾਰ, ਭੂਚਾਲ ਸਵੇਰੇ 8:24 ਵਜੇ ਦੇ ਕਰੀਬ ਆਇਆ ਅਤੇ ਇਸਦੀ ਡੂੰਘਾਈ ਲਗਭਗ 190 ਕਿਲੋਮੀਟਰ ਸੀ।

PRGI (RNI) Regd. No. 57283/1994 ਸਾਲ/ year 31 ਅੰਕ ਨੰ. Volume No : 107 ਨਵੀਂ ਦਿੱਲੀ, ਐਤਵਾਰ 19 ਅਪ੍ਰੈਲ, 2026, Sunday 19 April, 2026 ਮੁੱਲ/Price in Rs. 2 ਰੁਪਏ, ਕੁਲ ਪੇਜ/Total Pages 8 ਫੋਨ ਨੰ. : 23353936

# ਹੋਰਮੁਜ਼ ’ਚ ਭਾਰਤੀ ਟੈਂਕਰ ਤੇ ਚੱਲੀਆਂ ਗੋਲੀਆਂ, ਈਰਾਨੀ ਰਾਜਦੂਤ ਤਲਬ



ਨਵੀਂ ਦਿੱਲੀ, 18 ਅਪ੍ਰੈਲ (ਪ੍ਰਤੀਨਿਧੀ) : ਹੋਰਮੁਜ਼ ਜਲਡਮਰੂ ਦੇ ਨੇੜੇ ਈਰਾਨੀ ਫੌਜਾਂ ਵੱਲੋਂ ਇੱਕ ਭਾਰਤੀ ਝੰਡੇ ਵਾਲੇ ਤੇਲ ਟੈਂਕਰ ’ਤੇ ਫਾਇਰਿੰਗ ਕਰਨ ਦੀ ਘਟਨਾ ਤੋਂ ਬਾਅਦ ਭਾਰਤ ਅਤੇ ਈਰਾਨ ਵਿਚਾਲੇ ਕੂਟਨੀਤਕ ਤਣਾਅ ਪੈਦਾ ਹੋ ਗਿਆ ਹੈ। ਇਸ ਗੰਭੀਰ ਮਾਮਲੇ ’ਤੇ ਸਖ਼ਤ ਇਤਰਾਜ਼ ਜਤਾਉਂਦੇ ਹੋਏ ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਸ਼ਨੀਵਾਰ ਨੂੰ ਈਰਾਨੀ ਰਾਜਦੂਤ ਨੂੰ ਤਲਬ ਕੀਤਾ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ, ਭਾਰਤੀ ਤੇਲ ਟੈਂਕਰ ‘ਸਨਮਾਰ ਹੇਰਾਲਡ’ ’ਤੇ ਈਰਾਨੀ ਫੌਜਾਂ ਵੱਲੋਂ ਉਸ ਸਮੇਂ ਹਮਲਾ ਕੀਤਾ ਗਿਆ ਜਦੋਂ ਉਹ ਰਣਨੀਤਕ ਤੌਰ ’ਤੇ ਮਹੱਤਵਪੂਰਨ ਹਰਮੁਜ਼ ਦੇ ਜਲਡਮਰੂਮੱਧ ਦੇ ਨੇੜਿਓਂ ਗੁਜ਼ਰ ਰਿਹਾ ਸੀ। ਇਸ ਘਟਨਾ ਤੋਂ ਬਾਅਦ ਵਿਦੇਸ਼ ਮੰਤਰਾਲੇ ਨੇ ਈਰਾਨੀ ਰਾਜਦੂਤ ਡਾ. ਮੁਹੰਮਦ ਫਤਾਲੀ ਨੂੰ ਮੀਟਿੰਗ ਲਈ ਬੁਲਾਇਆ ਤਾਂ ਜੋ ਇਸ ਘਟਨਾ ਵਿਰੁੱਧ ਰਸਮੀ ਵਿਰੋਧ ਦਰਜ ਕਰਵਾਇਆ ਜਾ ਸਕੇ। ਸੂਤਰਾਂ ਅਨੁਸਾਰ, ਭਾਰਤ ਸਰਕਾਰ ਨੇ ਸਮੁੰਦਰੀ ਰਸਤੇ ਵਿੱਚ ਵਾਪਰੀ ਇਸ ਘਟਨਾ ਨੂੰ ਬਹੁਤ ਗੰਭੀਰਤਾ ਨਾਲ ਲਿਆ ਹੈ ਅਤੇ ਈਰਾਨੀ ਪੱਖ ਕੋਲ ਆਪਣਾ ਸਖ਼ਤ ਇਤਰਾਜ਼ ਦਰਜ ਕਰਵਾਇਆ ਹੈ।ਦੱਸ ਦਈਏ ਕਿ ਸ਼ਨੀਵਾਰ ਨੂੰ ਹਰਮੁਜ਼ ਨੂੰ ਪਾਰ ਕਰਨ ਦੀ ਕੋਸ਼ਿਸ਼ ਕਰ ਰਹੇ ਘੱਟੋ-ਘੱਟ ਦੋ ਵਪਾਰਕ ਜਹਾਜ਼ਾਂ ’ਤੇ ਗੋਲੀਬਾਰੀ ਹੋਣ ਦੀ ਖਬਰ ਸਾਹਮਣੇ ਆਈ ਸੀ। ਹਾਲਾਂਕਿ ਇਸ ਦੌਰਾਨ ਜਹਾਜ਼ਾਂ ਬਾਰੇ ਜਾਣਕਾਰੀ ਸਾਂਝੀ ਨਹੀਂ ਕੀਤੀ ਗਈ ਸੀ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਅਮਰੀਕਾ ਵੱਲੋਂ ਜਾਰੀ ਨਾਕਾਬੰਦੀ ਦੇ ਜਵਾਬ ਵਿੱਚ ਈਰਾਨ ਨੇ ਰਣਨੀਤਕ ਤੌਰ ’ਤੇ ਬੇਹੱਦ ਮਹੱਤਵਪੂਰਨ ‘ਸਟਰੇਟ ਆਫ ਹੋਰਮੁਜ਼’ ਨੂੰ ਮੁੜ ਬੰਦ ਕਰਨ ਦਾ ਐਲਾਨ ਕਰ ਦਿੱਤਾ। ਈਰਾਨ ਦੀ ਸਰਕਾਰੀ ਮੀਡੀਆ ਨੇ ਇੱਕ ਵੀਡੀਓ ਜਾਰੀ ਕਰਕੇ ਦਿਖਾਇਆ ਹੈ ਕਿ ਕਿਸ ਤਰ੍ਹਾਂ ਹੋਰਮੁਜ਼ ਨੂੰ ਪਾਰ ਕਰਨ ਦੀ ਕੋਸ਼ਿਸ਼ ਕਰ ਰਹੇ ਦਰਜਨਾਂ ਜਹਾਜ਼ਾਂ ਨੂੰ ਵਾਪਸ ਮੁੜਨਾ ਪੈ ਰਿਹਾ ਹੈ।

# ਕੇਂਦਰੀ ਕਰਮਚਾਰੀਆਂ ਤੇ ਪੈਨਸ਼ਨਰਾਂ ਦੇ ਡੀ.ਏ.’ਚ ਹੋਇਆ 2 ਫ਼ੀਸਦੀ ਦਾ ਵਾਧਾ

## 50 ਲੱਖ ਕੇਂਦਰੀ ਕਰਮਚਾਰੀਆਂ ਅਤੇ 69 ਲੱਖ ਪੈਨਸ਼ਨਰਾਂ ਨੂੰ ਹੋਵੇਗਾ ਲਾਭ

ਨਵੀਂ ਦਿੱਲੀ, 18 ਅਪ੍ਰੈਲ (ਪ੍ਰਤੀਨਿਧੀ) : ਦੇਸ਼ ਦੇ ਇੱਕ ਕਰੋੜ ਤੋਂ ਵੱਧ ਕੇਂਦਰੀ ਕਰਮਚਾਰੀਆਂ ਅਤੇ ਪੈਨਸ਼ਨਰਾਂ ਦਾ ਇੰਤਜ਼ਾਰ ਸ਼ਨੀਵਾਰ ਨੂੰ ਖਤਮ ਹੋ ਗਿਆ ਹੈ। ਕੇਂਦਰ ਸਰਕਾਰ ਨੇ ਅਧਿਕਾਰਤ ਤੌਰ ’ਤੇ ਮਹਿੰਗਾਈ ਭੱਤੇ (ਡੀਏ) ਤੇ ਮਹਿੰਗਾਈ ਰਾਹਤ (ਡੀ ਆਰ) ਵਿੱਚ 2 ਫੀਸਦੀ ਵਾਧੇ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਫੈਸਲੇ ਨਾਲ ਮੁਲਾਜ਼ਮਾਂ ਦੀ ਮਹੀਨਾਵਾਰ ਸੈਲਰੀ ਤੇ ਪੈਨਸ਼ਨਰਾਂ ਦੀ ਪੈਨਸ਼ਨ ਵਿੱਚ ਵੱਡਾ ਉਛਾਲ ਦੇਖਣ ਨੂੰ ਮਿਲੇਗਾ।

60 ਫੀਸਦੀ ਹੋਇਆ ਮਹਿੰਗਾਈ ਭੱਤਾ

ਕੈਬਨਿਟ ਦੀ ਮਨਜ਼ੂਰੀ ਤੋਂ ਬਾਅਦ ਹੁਣ ਕੇਂਦਰੀ ਕਰਮਚਾਰੀਆਂ ਦਾ ਮਹਿੰਗਾਈ ਭੱਤਾ 58 ਫੀਸਦੀ ਤੋਂ ਵਧ ਕੇ 60 ਫੀਸਦੀ ਹੋ ਜਾਵੇਗਾ। ਇਹ ਵਾਧਾ 7ਵੇਂ ਤਨਖਾਹ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਦੇ ਆਧਾਰ ’ਤੇ ਕੀਤਾ ਗਿਆ ਹੈ। ਖਾਸ ਗੱਲ ਇਹ ਹੈ ਕਿ ਇਹ ਵਾਧਾ ਜਨਵਰੀ ਤੋਂ ਲਾਗੂ ਮੰਨਿਆ ਜਾਵੇਗਾ, ਜਿਸ ਕਾਰਨ ਕਰਮਚਾਰੀਆਂ ਨੂੰ ਪਿਛਲੇ ਮਹੀਨਿਆਂ ਦਾ ਏਰੀਅਰ ਵੀ ਮਿਲੇਗਾ। ਆਮ ਤੌਰ ’ਤੇ ਸਰਕਾਰ ਮਾਰਚ ਵਿੱਚ ਇਸਦਾ ਐਲਾਨ ਕਰਦੀ ਹੈ, ਪਰ ਇਸ ਵਾਰ ਇਹ ਫੈਸਲਾ ਅਪ੍ਰੈਲ ਦੇ ਅੱਧ ਵਿੱਚ ਲਿਆ ਗਿਆ ਹੈ।



ਕਿਉਂ ਵਧਾਇਆ ਜਾਂਦਾ ਹੈ ਡੀਏ ?

ਸਰਕਾਰ ਆਪਣੇ ਕਰਮਚਾਰੀਆਂ ਦੀ ਖਰੀਦ ਸ਼ਕਤੀ ਅਤੇ ਜੀਵਨ ਪੱਧਰ ਨੂੰ ਬਰਕਰਾਰ ਰੱਖਣ ਲਈ ਸਾਲ ਵਿੱਚ ਦੋ ਵਾਰ (ਜਨਵਰੀ ਅਤੇ ਜੁਲਾਈ) ਮਹਿੰਗਾਈ ਭੱਤੇ ਵਿੱਚ ਬਦਲਾਅ ਕਰਦੀ ਹੈ। ਇਸਦਾ ਮੁੱਖ ਮਕਸਦ ਵਧਦੀ ਮਹਿੰਗਾਈ ਦੇ ਅਸਰ ਨੂੰ ਘੱਟ ਕਰਨਾ ਹੁੰਦਾ ਹੈ।

ਕੈਬਨਿਟ ਦੇ ਹੋਰ ਅਹਿਮ ਫੈਸਲੇ

ਮਹਿੰਗਾਈ ਭੱਤੇ ਤੋਂ ਇਲਾਵਾ, ਕੈਬਨਿਟ ਨੇ ਕੁਝ ਹੋਰ ਵੱਡੇ ਫੈਸਲੇ ਵੀ ਲਏ ਹਨ:

ਸੌਂਵਰੇਨ ਮੈਰੀਟਾਈਮ ਫੰਡ: ਭਾਰਤੀ ਜਹਾਜ਼ਾਂ ਨੂੰ ਕਿਫਾਇਤੀ ਬੀਮਾ ਸੁਰੱਖਿਆ ਦੇਣ ਲਈ 13,000 ਕਰੋੜ ਰੁਪਏ ਦੇ ਫੰਡ ਨੂੰ ਮਨਜ਼ੂਰੀ ਦਿੱਤੀ ਗਈ ਹੈ।

ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ: ਇਸ ਯੋਜਨਾ ਨੂੰ 2028 ਤੱਕ ਵਧਾ ਦਿੱਤਾ ਗਿਆ ਹੈ, ਜਿਸ ਲਈ 3,000 ਕਰੋੜ ਰੁਪਏ ਦਾ ਵਾਧੂ ਬਜਟ ਰੱਖਿਆ ਗਿਆ ਹੈ।

ਇਸ ਦੇ ਨਾਲ ਹੀ ਮੁਲਾਜ਼ਮ ਜਥੇਬੰਦੀਆਂ ਹੁਣ 8ਵੇਂ ਤਨਖਾਹ ਕਮਿਸ਼ਨ ਦੇ ਗਠਨ ਅਤੇ ਘੱਟੋ-ਘੱਟ ਮੂਲ ਤਨਖਾਹ 18,000 ਰੁਪਏ ਤੋਂ ਵਧਾ ਕੇ 69,000 ਰੁਪਏ ਕਰਨ ਦੀ ਮੰਗ ਵੀ ਕਰ ਰਹੀਆਂ ਹਨ।

# ਲੱਦਾਖ ’ਚ ਤਣਾਅ ਮਗਰੋਂ ਪਹਿਲੀ ਵਾਰ ਭਾਰਤ-ਚੀਨ ਵਿਚਾਲੇ ਹੋਈ ਗੱਲਬਾਤ !ਕਈ ਮੁੱਦਿਆਂ ’ਤੇ ਹੋਈ ਚਰਚਾ



ਨਵੀਂ ਦਿੱਲੀ, 18 ਅਪ੍ਰੈਲ (ਪ੍ਰਤੀਨਿਧੀ) : ਸਾਲ 2024 ਦੌਰਾਨ ਲੱਦਾਖ ’ਚ ਭਾਰਤੀ-ਚੀਨੀ ਫੌਜ ਵਿਚਾਲੇ ਹੋਏ ਟਕਰਾਅ ਮਗਰੋਂ ਦੋਵਾਂ ਦੇਸ਼ਾਂ ਵਿਚਾਲੇ ਰਿਸ਼ਤਿਆਂ ’ਚ ਤਣਾਅ ਪੈਦਾ ਹੋ ਗਿਆ ਸੀ। ਇਸੇ ਦੌਰਾਨ ਭਾਰਤ ਅਤੇ ਚੀਨ ਨੇ 16-17 ਅਪ੍ਰੈਲ ਨੂੰ ਨਵੀਂ ਦਿੱਲੀ ਵਿੱਚ ਸ਼ੰਘਾਈ ਸਹਿਯੋਗ ਸੰਗਠਨ (ਐਸ.ਸੀ.ਓ.) ਨਾਲ ਸਬੰਧਤ ਮੁੱਦਿਆਂ ’ਤੇ ਆਪਣੀ ਪਹਿਲੀ ਰਸਮੀ ਦੁਵੱਲੀ ਬੈਠਕ ਕੀਤੀ। ਇਹ ਮੀਟਿੰਗ ਪੂਰਬੀ ਲੱਦਾਖ ਵਿੱਚ ਫੌਜੀ ਟਕਰਾਅ ਸੁਲਝਣ ਤੋਂ ਬਾਅਦ ਦੋਵਾਂ ਮੁਲਕਾਂ ਵਿਚਾਲੇ ਇੱਕ ਵੱਡੀ ਕੂਟਨੀਤਕ ਪਹਿਲ ਮੰਨੀ ਜਾ ਰਹੀ ਹੈ।

ਭਾਰਤ ਵੱਲੋਂ ਐਸ.ਸੀ.ਓ. ਕੌਮੀ ਤਾਲਮੇਲ ਅਧਿਕਾਰੀ ਆਲੋਕ ਏ. ਡਿਮਰੀ ਅਤੇ ਚੀਨ ਵੱਲੋਂ ਉਨ੍ਹਾਂ ਦੇ ਹਮਰੁਤਬਾ ਯਾਨ ਵੇਨਬਿਨ ਨੇ ਆਪਣੇ-ਆਪਣੇ ਵਫ਼ਦਾਂ ਦੀ ਅਗਵਾਈ ਕੀਤੀ। ਵਿਦੇਸ਼ ਮੰਤਰਾਲੇ ਅਨੁਸਾਰ, ਦੋਵਾਂ ਧਿਰਾਂ ਨੇ ਐਸ.ਸੀ.ਓ. ਆਗੂਆਂ ਦੇ ਫ਼ੈਸਲਿਆਂ ਨੂੰ ਲਾਗੂ ਕਰਨ ਅਤੇ ਸੰਗਠਨ ਦੇ ਭਵਿੱਖ ਦੀ ਰਣਨੀਤੀ ਬਾਰੇ ਵਿਚਾਰ-ਵਟਾਂਦਰਾ ਕੀਤਾ। ਇਸ ਵਿੱਚ ਸੁਰੱਖਿਆ, ਵਪਾਰ, ਸੰਪਰਕ ਅਤੇ ਲੋਕਾਂ ਵਿਚਾਲੇ ਰਾਬਤੇ ਵਰਗੇ ਖੇਤਰ ਸ਼ਾਮਲ ਸਨ। ਦੋਵੇਂ ਵਫ਼ਦਾਂ ਨੇ ਵਿਦੇਸ਼ ਮੰਤਰਾਲੇ ਦੇ ਸਕੱਤਰ ਸਿਬੀ ਜੌਰਜ ਨਾਲ ਵੀ ਮੁਲਾਕਾਤ ਕੀਤੀ ਅਤੇ ਐਸ.ਸੀ.ਓ. ਦੇ ਤਹਿਤ ਚੱਲ ਰਹੇ ਸਹਿਯੋਗ ਦੀ ਨਜ਼ਰਸਾਨੀ ਕੀਤੀ।

ਇਹ ਬੈਠਕ ਅਜਿਹੇ ਸਮੇਂ ਹੋਈ ਹੈ ਜਦੋਂ ਚੀਨੀ ਆਗੂਆਂ ਦੇ ਭਾਰਤ ਆਉਣ ਦੀਆਂ ਸੰਭਾਵਨਾਵਾਂ ਵਧ ਗਈਆਂ ਹਨ। ਹੁਣ ਚੀਨੀ ਵਿਦੇਸ਼ ਮੰਤਰੀ ਵਾਂਗ ਯੀ 14-15 ਮਈ ਨੂੰ ਬ੍ਰਿਕਸ ਵਿਦੇਸ਼ ਮੰਤਰੀਆਂ ਦੀ ਬੈਠਕ ਲਈ ਭਾਰਤ ਆ ਸਕਦੇ ਹਨ, ਜਦਕਿ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਦੇ ਵੀ ਸਤੰਬਰ ਵਿੱਚ ਹੋਣ ਵਾਲੇ ਬ੍ਰਿਕਸ ਸਿਖਰ ਸੰਮੇਲਨ ਲਈ ਭਾਰਤ ਆਉਣ ਦੀ ਉਮੀਦ ਹੈ।ਇਸ ਦੌਰਾਨ ਭਾਰਤ ਨੇ ਸਪੱਸ਼ਟ ਕੀਤਾ ਹੈ ਕਿ ਉਹ ਐਸ.ਸੀ.ਓ. ਵਿੱਚ ਸਹਿਯੋਗ ਦਾ ਸਮਰਥਨ ਕਰਦਾ ਹੈ, ਪਰ ਇਹ ਸਹਿਯੋਗ ਮੈਂਬਰ ਦੇਸ਼ਾਂ ਦੀ ਪ੍ਰਭੂਸੱਤਾ ਅਤੇ ਖੇਤਰੀ ਅਖੰਡਤਾ ਦੇ ਸਨਮਾਨ ’ਤੇ ਅਧਾਰਤ ਹੋਣਾ ਚਾਹੀਦਾ ਹੈ।

# ਭਾਰਤੀ ਹਵਾਈ ਫ਼ੌਜ ਦੇ ਜੈੱਟ ਦੇ ਲੈਂਡਿੰਗ ਹਾਦਸੇ ਕਾਰਨ ਵਪਾਰਕ ਆਵਾਜਾਈ ਪ੍ਰਭਾਵਿਤ

ਨਵੀਂ ਦਿੱਲੀ, 18 ਅਪ੍ਰੈਲ (ਪ੍ਰਤੀਨਿਧੀ) : : ਸ਼ੁੱਕਰਵਾਰ ਰਾਤ ਨੂੰ ਪੁਣੇ ਸਥਿਤ ਭਾਰਤੀ ਹਵਾਈ ਫੌਜ (ਆਈਏਐਫ) ਦੇ ਬੇਸ ’ਤੇ ਲੈਂਡਿੰਗ ਦੌਰਾਨ ਭਾਰਤੀ ਹਵਾਈ ਫੌਜ ਦੇ ਇੱਕ ਸੁਖੋਈ 30ਐਮ.ਕੇ.ਆਈ. ਲੜਾਕੂ ਜਹਾਜ਼ ਨਾਲ ਹਾਦਸਾ ਵਾਪਰ ਗਿਆ। ਜਹਾਜ਼ ਦੇ ਦੋਵੇਂ ਪਾਇਲਟ ਸੁਰੱਖਿਅਤ ਹਨ। ਜਹਾਜ਼ ਦੇ ਅੰਡਰ-ਕੈਰੇਜ, ਜਿਥੇ ਵਿੱਚ ਪਹੀਏ ਅਤੇ ਲੈਂਡਿੰਗ ਗੀਅਰ ਹੁੰਦੇ ਹਨ, ਵਿੱਚ ਕੁਝ ਸਮੱਸਿਆ ਆ ਗਈ ਸੀ। ਸੂਤਰਾਂ ਨੇ ਦੱਸਿਆ ਕਿ ਹਾਦਸੇ ਦੇ ਕਾਰਨਾਂ ਦਾ ਪਤਾ ਲਗਾਇਆ ਜਾ ਰਿਹਾ ਹੈ।

ਪੁਣੇ ਸਥਿਤ ਹਵਾਈ ਫੌਜ ਦਾ ਬੇਸ, ਜੋ ਕਿ ਨਾਗਰਿਕ ਉਡਾਣਾਂ ਲਈ ਵੀ ਵਰਤਿਆ ਜਾਂਦਾ ਹੈ, ਦੇ ਰਨਵੇਅ ਦੇ ਬੰਦ ਹੋਣ ਕਾਰਨ ਵਪਾਰਕ ਹਵਾਬਾਜ਼ੀ ਦੇ ਸ਼ਡਿਊਲ ਪ੍ਰਭਾਵਿਤ ਹੋਏ। ਹਵਾਈ ਫੌਜ ਦੇ ਕਰਮਚਾਰੀਆਂ ਨੇ ਸ਼ਨਿਚਰਵਾਰ ਸਵੇਰੇ 8 ਵਜੇ ਰਨਵੇਅ ਨੂੰ ਖੋਲ੍ਹਣ ਲਈ ਰਾਤ ਭਰ ਕੰਮ ਕੀਤਾ। ਹਵਾਈ ਫੌਜ ਦੇ ਅਧਿਕਾਰੀਆਂ ਨੇ ਦੱਸਿਆ ਕਿ ਪੁਣੇ ਹਵਾਈ ਅੱਡੇ ਦਾ ਰਨਵੇਅ, ਜੋ ਕਿ ਭਾਰਤੀ ਹਵਾਈ ਫੌਜ ਦੇ ਜਹਾਜ਼ ਨਾਲ ਵਾਪਰੀ ਇਕ ਘਟਨਾ ਕਾਰਨ ਅਸਥਾਈ ਤੌਰ ’ਤੇ ਉਪਲਬਧ ਨਹੀਂ ਸੀ, ਨੂੰ ਹੁਣ ਬਹਾਲ ਕਰ ਦਿੱਤਾ ਗਿਆ ਹੈ ਅਤੇ ਚਾਲੂ ਘੋਸ਼ਿਤ ਕਰ ਦਿੱਤਾ ਗਿਆ ਹੈ।ਸਾਰੇ ਲੋੜੀਂਦੇ ਸੁਰੱਖਿਆ ਨਿਰੀਖਣ ਅਤੇ ਮਨਜ਼ੂਰੀਆਂ ਪੂਰੀਆਂ ਕਰ ਲਈਆਂ ਗਈਆਂ ਹਨ। ਸੰਚਾਲਨ ਪੜਾਅਵਾਰ ਤਰੀਕੇ ਨਾਲ ਮੁੜ ਸ਼ੁਰੂ ਹੋ ਰਿਹਾ ਹੈ। ਏਅਰ ਫੋਰਸ ਸਟੇਸ਼ਨ ਪੁਣੇ ਦੇ ਕਰਮਚਾਰੀਆਂ ਨੇ ਰਨਵੇਅ ਨੂੰ ਚਾਲੂ ਕਰਨ ਲਈ ਰਾਤ ਭਰ ਮਿਹਨਤ ਕੀਤੀ, ਤਾਂ ਜੋ ਜਲਦੀ ਤੋਂ ਜਲਦੀ ਸੁਰੱਖਿਅਤ ਉਡਾਣਾਂ ਮੁੜ ਸ਼ੁਰੂ ਹੋ ਸਕਣ।

## ਚਾਰਧਾਮ ਦੀ ਯਾਤਰਾ ਲਈ ਆਫ਼ਲਾਈਨ ਰਜਿਸਟ੍ਰੇਸ਼ਨ ਸ਼ੁਰੂ

ਰਿਸ਼ੀਕੇਸ਼, 18 ਅਪ੍ਰੈਲ (ਪ੍ਰਤੀਨਿਧੀ) : ਅਗਲੇ ਐਤਵਾਰ ਤੋਂ ਸ਼ੁਰੂ ਹੋਣ ਵਾਲੀ ਚਾਰਧਾਮ ਯਾਤਰਾ ਲਈ ਸ਼ਰਧਾਲੂਆਂ ਲਈ ਆਫਲਾਈਨ ਰਜਿਸਟ੍ਰੇਸ਼ਨ ਸ਼ੁੱਕਰਵਾਰ ਨੂੰ ਸ਼ੁਰੂ ਹੋ ਗਈ ਸੀ ਅਤੇ ਪਹਿਲੇ ਦਿਨ 2,713 ਸ਼ਰਧਾਲੂਆਂ ਨੇ ਸਰੀਰਕ ਤੌਰ ’ਤੇ ਆਪਣੇ ਆਪ ਨੂੰ ਰਜਿਸਟਰ ਕੀਤਾ। ਇਸ ਦੀ ਜਾਣਕਾਰੀ ਅਧਿਕਾਰੀਆਂ ਨੇ ਦਿੱਤੀ ਹੈ। ਅਧਿਕਾਰੀਆਂ ਨੇ ਦੱਸਿਆ ਕਿ ਯਮੁਨੋਤਰੀ ਧਾਮ ਲਈ 683 ਸ਼ਰਧਾਲੂਆਂ, ਗੰਗੋਤਰੀ ਧਾਮ ਲਈ 690, ਕੇਦਾਰਨਾਥ ਧਾਮ ਲਈ 667 ਅਤੇ ਬਦਰੀਨਾਥ ਧਾਮ ਲਈ 673 ਸ਼ਰਧਾਲੂਆਂ ਨੇ ਔਫਲਾਈਨ ਰਜਿਸਟ੍ਰੇਸ਼ਨ ਕਰਵਾਈ।

ਉਨ੍ਹਾਂ ਦੱਸਿਆ ਕਿ ਕਾਊਂਟਰ ’ਤੇ ਰਜਿਸਟ੍ਰੇਸ਼ਨ ਕਰਨ ਤੋਂ ਇਲਾਵਾ ਟੀਮਾਂ ਸ਼ਰਧਾਲੂਆਂ ਨੂੰ ਉਨ੍ਹਾਂ ਦੀ ਸਹੂਲਤ ਲਈ ਉਨ੍ਹਾਂ ਦੇ ਠਹਿਰਨ ਵਾਲੇ ਸਥਾਨਾਂ ’ਤੇ ਵੀ ਰਜਿਸਟਰ ਕਰ ਰਹੀਆਂ ਹਨ। ਇਸ ਦੌਰਾਨ 6 ਮਾਰਚ ਤੋਂ ਸ਼ੁਰੂ ਹੋਈ ਚਾਰਧਾਮ ਸ਼ਰਧਾਲੂਆਂ ਲਈ ਆਨਲਾਈਨ ਰਜਿਸਟ੍ਰੇਸ਼ਨ ਪ੍ਰਕਿਰਿਆ ਲਗਾਤਾਰ ਜਾਰੀ ਹੈ ਅਤੇ ਹੁਣ ਤੱਕ ਕੁੱਲ 18,22,975 ਸ਼ਰਧਾਲੂ ਆਨਲਾਈਨ ਰਜਿਸਟ੍ਰੇਸ਼ਨ ਕਰਵਾ ਚੁੱਕੇ ਹਨ। ਇਸ ਤਰ੍ਹਾਂ ਹੁਣ ਤੱਕ ਕੁੱਲ 18,25,688 ਸ਼ਰਧਾਲੂਆਂ ਨੇ ਦੋਵਾਂ ਤਰੀਕਿਆਂ ਰਾਹੀਂ ਰਜਿਸਟ੍ਰੇਸ਼ਨ ਕਰਵਾਈ ਹੈ।ਦੱਸ ਦੇਈਏ ਕਿ ਅਕਸ਼ੈ ਤ੍ਰਿਤੀਆ ਦੇ ਖ਼ਾਸ ਮੌਕੇ ’ਤੇ 19 ਅਪ੍ਰੈਲ ਨੂੰ ਉੱਤਰਕਾਸ਼ੀ ਜ਼ਿਲ੍ਹੇ ਦੇ ਗੰਗੋਤਰੀ ਅਤੇ ਯਮੁਨੋਤਰੀ ਮੰਦਰਾਂ ਦੇ ਕਿਵਾੜ ਖੋਲ੍ਹਣ ਨਾਲ ਚਾਰਧਾਮ ਯਾਤਰਾ ਸ਼ੁਰੂ ਹੋਵੇਗੀ।

# ਬਿਹਾਰ ਦੇ ਉੱਪ ਮੁੱਖ ਮੰਤਰੀਆਂ ਨੂੰ ਮਿਲੇਗੀ ਜ਼ੈਡ ਸ਼੍ਰੇਣੀ ਦੀ ਸੁਰੱਖਿਆ

ਪਟਨਾ, 18 ਅਪ੍ਰੈਲ (ਪ੍ਰਤੀਨਿਧੀ) : ਬਿਹਾਰ ਸਰਕਾਰ ਨੇ ਉੱਪ ਮੁੱਖ ਮੰਤਰੀਆਂ ਵਿਜੇ ਕੁਮਾਰ ਚੌਧਰੀ ਅਤੇ ਬਿਜੇਂਦਰ ਪ੍ਰਸਾਦ ਯਾਦਵ ਦੀ ਸੁਰੱਖਿਆ ਵਿਵਸਥਾ ਵਧਾ ਦਿੱਤੀ ਹੈ। ਅਧਿਕਾਰੀਆਂ ਨੇ ਸ਼ਨੀਵਾਰ ਨੂੰ ਇਹ ਜਾਣਕਾਰੀ ਦਿੱਤੀ। ਰਾਜ ਦੇ ਗ੍ਰਹਿ ਵਿਭਾਗ ਵਲੋਂ ਜਾਰੀ ਨੋਟੀਫਿਕੇਸ਼ਨ ਅਨੁਸਾਰ, ਦੋਵੇਂ ਉੱਪ ਮੁੱਖ ਮੰਤਰੀਆਂ ਨੂੰ ਹੁਣ ’ਜ਼ੈੱਡ’ ਸ਼੍ਰੇਣੀ ਦੀ ਸੁਰੱਖਿਆ ਪ੍ਰਦਾਨ ਕੀਤੀ ਜਾਵੇਗੀ। ਇਕ ਅਧਿਕਾਰੀ ਨੇ ਦੱਸਿਆ ਕਿ ਵਿਭਾਗ ਵਲੋਂ ਚੌਧਰੀ ਅਤੇ ਯਾਦਵ ਦੀ ਸੁਰੱਖਿਆ ਵਿਵਸਥਾ ਦੀ ਸਮੀਖਿਆ ਕੀਤੇ ਜਾਣ ਤੋਂ ਬਾਅਦ ਇਹ ਫ਼ੈਸਲਾ ਲਿਆ ਗਿਆ।

’ਜ਼ੈੱਡ’ ਸ਼੍ਰੇਣੀ ਦੀ ਸੁਰੱਖਿਆ ’ਚ ਸਿਖਲਾਈ ਪ੍ਰਾਪਤ ਕਰਮਚਾਰੀਆਂ ਦੀ ਇਕ ਸਮਰਪਿਤ ਟੀਮ ਸ਼ਾਮਲ ਹੁੰਦੀ ਹੈ, ਜੋ ਉੱਨਤ ਹਥਿਆਰਾਂ ਨਾਲ ਲੈੱਸ ਹੁੰਦੀ ਹੈ। ਬਿਹਾਰ ਦੇ ਸਾਬਕਾ ਮੁੱਖ ਮੰਤਰੀ ਨਿਤੀਸ਼ ਕੁਮਾਰ ਹੁਣ ਰਾਜ ਸਭਾ ਦੇ ਮੈਂਬਰ ਹਨ। ਉਨ੍ਹਾਂ ਨੂੰ ਹਾਲ ’ਚ ਸੂਬਾ ਸਰਕਾਰ ਵਲੋਂ ’ਜ਼ੈੱਡ ਪਲੱਸ’ ਸ਼੍ਰੇਣੀ ਦੀ ਸੁਰੱਖਿਆ ਪ੍ਰਦਾਨ ਕੀਤੀ ਗਈ ਹੈ।

# ਕੇਂਦਰ ਦਾ ਸੰਘੀ ਢਾਂਚਾ ਬਦਲਣ ਦਾ ‘ਮਨਸੂਬਾ’ ਨਾਕਾਮ, ਵਿਰੋਧੀ ਏਕਤਾ ਦੀ ਹੋਈ ਜਿੱਤ: ਪ੍ਰਿਅੰਕਾ ਗਾਂਧੀ

## ਲੋਕ ਸਭਾ ’ਚ ਮਹਿਲਾ ਰਾਖਵਾਂਕਰਨ ਸੋਧ ਬਿੱਲ ਡਿੱਗਣ ਨੂੰ ਦੱਸਿਆ ਸੰਵਿਧਾਨ ਦੀ ਜਿੱਤ

ਨਵੀਂ ਦਿੱਲੀ, 18 ਅਪ੍ਰੈਲ (ਪ੍ਰਤੀਨਿਧੀ) : ਕਾਂਗਰਸ ਦੀ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਵਾਡਰਾ ਨੇ ਅੱਜ ਕੇਂਦਰ ਸਰਕਾਰ ’ਤੇ ਤਿੱਖਾ ਹਮਲਾ ਕਰਦਿਆਂ ਦੋਸ਼ ਲਾਇਆ ਕਿ ਭਾਜਪਾ ਸਰਕਾਰ ਮਹਿਲਾ ਰਾਖਵਾਂਕਰਨ ਦੀ ਆੜ ਵਿੱਚ ਦੇਸ਼ ਦੇ ਸੰਘੀ ਢਾਂਚੇ ਨੂੰ ਬਦਲਣ ਦੀ ਸਾਜ਼ਿਸ਼ ਰਚ ਰਹੀ ਸੀ। ਉਨ੍ਹਾਂ ਕਿਹਾ ਕਿ ਲੋਕ ਸਭਾ ਵਿੱਚ 131ਵੀਂ ਸੰਵਿਧਾਨਕ ਸੋਧ ਬਿੱਲ ਦਾ ਡਿੱਗਣਾ ਨਾ ਸਿਰਫ਼ ਸੰਵਿਧਾਨ ਅਤੇ ਲੋਕਤੰਤਰ ਦੀ ਜਿੱਤ ਹੈ, ਸਗੋਂ ਇਹ ਵਿਰੋਧੀ ਧਿਰ ਦੀ ਮਜ਼ਬੂਤ ਏਕਤਾ ਦਾ ਸਬੂਤ ਵੀ ਹੈ।



ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪ੍ਰਿਅੰਕਾ ਗਾਂਧੀ ਨੇ ਕਿਹਾ ਕਿ ਸਰਕਾਰ ਦੀ ਨੀਅਤ ਔਰਤਾਂ ਨੂੰ ਹੱਕ ਦੇਣ ਦੀ ਨਹੀਂ, ਸਗੋਂ ਹੱਦਬੰਦੀ ਰਾਹੀਂ ਆਪਣੀ ਸੱਤਾ ਨੂੰ ਲੰਬੇ ਸਮੇਂ ਤੱਕ ਸੁਰੱਖਿਅਤ ਕਰਨ ਦੀ ਸੀ। ਉਨ੍ਹਾਂ ਕਿਹਾ, ਸਰਕਾਰ ਨੇ ਸੋਚਿਆ ਸੀ ਕਿ ਜੇਕਰ ਬਿੱਲ ਪਾਸ ਹੋ ਗਿਆ ਤਾਂ ਉਹ ਆਪਣੀ ਮਰਜ਼ੀ ਅਨੁਸਾਰ ਸੀਟਾਂ ਵਧਾ ਕੇ ਸਿਆਸੀ ਲਾਹਾ ਲੈਣਗੇ, ਅਤੇ ਜੇਕਰ ਫੇਲ੍ਹ ਹੋ ਗਿਆ ਤਾਂ ਵਿਰੋਧੀ ਧਿਰ ਨੂੰ ਮਹਿਲਾ ਵਿਰੋਧੀ ਗਰਦਾਨ ਕੇ ਖੁਦ ‘ਮਸੀਹਾ’ ਬਣ ਜਾਣਗੇ। ਉਨ੍ਹਾਂ ਹਾਥਰਸ ਕਾਂਡ ਅਤੇ ਮਹਿਲਾ ਪਹਿਲਵਾਨਾਂ ਦੇ ਮੁੱਦੇ ਦਾ ਹਵਾਲਾ ਦਿੰਦਿਆਂ ਕਿਹਾ ਕਿ ਔਰਤਾਂ ਦਾ ਮਸੀਹਾ ਬਣਨਾ ਇੰਨਾ ਸੌਖਾ ਨਹੀਂ ਹੈ।ਪ੍ਰਿਅੰਕਾ ਨੇ ਮੰਗ ਕੀਤੀ ਕਿ ਸਰਕਾਰ 2023 ਦੇ ਮਹਿਲਾ ਰਾਖਵਾਂਕਰਨ ਐਕਟ ਨੂੰ ਲੋਕ ਸਭਾ ਦੀ ਮੌਜੂਦਾ ਗਿਣਤੀ ’ਤੇ ਹੀ ਤੁਰੰਤ ਲਾਗੂ ਕਰੇ।

ਜ਼ਿਕਰਯੋਗ ਹੈ ਕਿ ਸਰਕਾਰ ਨੇ ਇਸ ਬਿੱਲ ਰਾਹੀਂ ਲੋਕ ਸਭਾ ਦੀਆਂ ਸੀਟਾਂ 543 ਤੋਂ ਵਧਾ ਕੇ 816 ਕਰਨ ਦਾ ਪ੍ਰਸਤਾਅ ਰੱਖਿਆ ਸੀ। ਕਾਂਗਰਸੀ ਆਗੂ ਨੇ ਕਿਹਾ ਕਿ ਔਰਤਾਂ ਦੇ ਮੋਢੇ ’ਤੇ ਬੰਦੂਕ ਰੱਖ ਕੇ ਆਪਣੀ ਮਰਜ਼ੀ ਦੀ ਹੱਦਬੰਦੀ ਕਰਨਾ ਦੇਸ਼ ਦੇ ਹਿੱਤ ਵਿੱਚ ਨਹੀਂ ਸੀ।ਸ਼ੁੱਕਰਵਾਰ ਨੂੰ ਹੋਈ ਵੋਟਿੰਗ ਦੌਰਾਨ ਸਰਕਾਰ ਨੂੰ ਵੱਡਾ ਝਟਕਾ ਲੱਗਾ। ਬਿੱਲ ਦੇ ਹੱਕ ਵਿੱਚ 298 ਵੋਟਾਂ ਪਈਆਂ, ਜਦੋਂ ਕਿ 230 ਮੈਂਬਰਾਂ ਨੇ ਇਸ ਦੇ ਵਿਰੁੱਧ ਵੋਟ ਦਿੱਤੀ। ਦੋ-ਤਿਹਾਈ ਬਹੁਮਤ ਲਈ 352 ਵੋਟਾਂ ਦੀ ਲੋੜ ਸੀ, ਜਿਸ ਕਾਰਨ ਬਿੱਲ ਪਾਸ ਨਹੀਂ ਹੋ ਸਕਿਆ। ਵਿਰੋਧੀ ਧਿਰਾਂ ਨੇ ਸਰਕਾਰ ਦੇ ਉਸ ਖ਼ਤਰਨਾਕ ਮਨਸੂਬੇ ਨੂੰ ਪਛਾੜ ਦਿੱਤਾ ਹੈ ਜਿਸ ਰਾਹੀਂ ਹੱਦਬੰਦੀ ਨੂੰ ਮਹਿਲਾ ਕੋਟੇ ਨਾਲ ਜੋੜਿਆ ਜਾ ਰਿਹਾ ਸੀ।

### ਸੋਨੀਆ ਗਾਂਧੀ ਵੋਟਰ ਸੂਚੀ ਮਾਮਲਾ

# ਅਦਾਲਤ ਵੱਲੋਂ ਦੋਵਾਂ ਧਿਰਾਂ ਨੂੰ ਲਿਖਤੀ ਦਲੀਲਾਂ ਪੇਸ਼ ਕਰਨ ਦੇ ਹੁਕਮ

## ਰਾਊਜ਼ ਐਵੇਨਿਊ ਕੋਰਟ ਵੱਲੋਂ ਮਾਮਲੇ ਦੀ ਅਗਲੀ ਸੁਣਵਾਈ 16 ਮਈ ’ਤੇ ਪਾਏ ਜਾਣ ਦੇ ਹੁਕਮ

ਨਵੀਂ ਦਿੱਲੀ, 18 ਅਪ੍ਰੈਲ (ਪ੍ਰਤੀਨਿਧੀ) : ਦਿੱਲੀ ਦੀ ਇੱਕ ਅਦਾਲਤ ਨੇ ਕਾਂਗਰਸ ਆਗੂ ਸੋਨੀਆ ਗਾਂਧੀ ਦੇ ਵੋਟਰ ਸੂਚੀ ਵਿੱਚ ਕਥਿਤ ਤੌਰ ’ਤੇ ਨਾਂ ਸ਼ਾਮਲ ਕਰਨ ਨਾਲ ਸਬੰਧਤ ਮਾਮਲੇ ਵਿੱਚ ਸਾਰੀਆਂ ਧਿਰਾਂ ਨੂੰ ਇੱਕ ਹਫ਼ਤੇ ਦੇ ਅੰਦਰ ਆਪਣੇ ਲਿਖਤੀ ਜਵਾਬ ਅਤੇ ਦਲੀਲਾਂ ਪੇਸ਼ ਕਰਨ ਲਈ ਕਿਹਾ ਹੈ। ਅਦਾਲਤ ਨੇ ਇਸ ਮਾਮਲੇ ਦੀ ਅਗਲੀ ਸੁਣਵਾਈ 16 ਮਈ ਲਈ ਤੈਅ ਕੀਤੀ ਹੈ। ਸੁਣਵਾਈ ਦੌਰਾਨ ਸ਼ਿਕਾਇਤਕਰਤਾ ਦੇ ਸੀਨੀਅਰ ਵਕੀਲ ਨੇ ਆਪਣੀਆਂ ਜਵਾਬੀ ਦਲੀਲਾਂ ਪੂਰੀਆਂ ਕੀਤੀਆਂ ਅਤੇ ਭਾਰਤੀ ਚੋਣ ਕਮਿਸ਼ਨ ਦੀ ਇੱਕ ਰਿਪੋਰਟ ਰਿਕਾਰਡ ’ਤੇ ਰੱਖਣ ਦੀ ਇਜਾਜ਼ਤ ਮੰਗੀ। ਦੂਜੇ ਪਾਸੇ,



ਸੋਨੀਆ ਗਾਂਧੀ ਵੱਲੋਂ ਪੇਸ਼ ਹੋਏ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਉਹ ਇਸ ਸਬੰਧੀ ਕੁਝ ਹੋਰ ਅਹਿਮ ਦਲੀਲਾਂ ਪੇਸ਼ ਕਰਨਾ ਚਾਹੁੰਦੇ ਹਨ, ਜਿਸ ਤੋਂ ਬਾਅਦ ਅਦਾਲਤ ਨੇ ਲਿਖਤੀ ਦਸਤਾਵੇਜ਼ ਜਮ੍ਹਾ ਕਰਵਾਉਣ ਦੇ ਨਿਰਦੇਸ਼ ਦਿੱਤੇ।

ਜ਼ਿਕਰਯੋਗ ਹੈ ਕਿ 9 ਦਸੰਬਰ 2025 ਨੂੰ ਦਿੱਲੀ ਦੀ ਰਾਊਜ਼ ਐਵੇਨਿਊ ਕੋਰਟ ਦੇ ਵਿਸ਼ੇਸ਼ ਜੱਜ (ਭ੍ਰਿਸ਼ਟਾਚਾਰ ਰੋਕੂ ਕਾਨੂੰਨ) ਵਿਸ਼ਾਲ ਗੋਗਨੇ ਨੇ ਇਸ ਨਜ਼ਰਸਾਨੀ ਪਟੀਸ਼ਨ ਦੀ ਜਾਂਚ ਕਰਨ ਲਈ ਸਹਿਮਤੀ ਜਤਾਈ ਸੀ ਅਤੇ ਸੋਨੀਆ ਗਾਂਧੀ ਤੇ ਦਿੱਲੀ ਪੁਲਿਸ ਨੂੰ ਨੋਟਿਸ ਜਾਰੀ ਕੀਤਾ ਸੀ। ਇਹ ਮਾਮਲਾ ਪਹਿਲਾਂ ਮੈਜਿਸਟਰੇਟ ਅਦਾਲਤ ਵੱਲੋਂ ਖਾਰਜ ਕਰ ਦਿੱਤਾ ਗਿਆ ਸੀ, ਜਿਸ ਨੇ ਐੱਫ.ਆਈ.ਆਰ. ਦਰਜ ਕਰਨ ਦੇ ਹੁਕਮ ਦੇਣ ਤੋਂ ਇਨਕਾਰ ਕਰਦਿਆਂ ਕਿਹਾ ਸੀ ਕਿ ਅਦਾਲਤ ਸੰਵਿਧਾਨਕ ਅਥਾਰਟੀਆਂ ਦੇ ਕੰਮ ਵਿੱਚ ਦਖ਼ਲ ਨਹੀਂ ਦੇ ਸਕਦੀ।

## ਦਿੱਲੀ ਦੇ ਕਈ ਖੇਤਰਾਂ ’ਚ ਟ੍ਰੈਫਿਕ ਐਡਵਾਈਜ਼ਰੀ ਜਾਰੀ, 24 ਅਪ੍ਰੈਲ ਤੱਕ ਪ੍ਰਭਾਵਿਤ ਰਹੇਗੀ ਆਵਾਜਾਈ

ਨਵੀਂ ਦਿੱਲੀ, 18 ਅਪ੍ਰੈਲ (ਪ੍ਰਤੀਨਿਧੀ) : ਦਿੱਲੀ ਟ੍ਰੈਫਿਕ ਪੁਲਿਸ ਨੇ ਰੋਹਿਣੀ ਸੈਕਟਰ 10 ਦੇ ਆਲੇ-ਦੁਆਲੇ 24 ਅਪ੍ਰੈਲ ਤੱਕ ਲਈ ਟ੍ਰੈਫਿਕ ਐਡਵਾਈਜ਼ਰੀ ਜਾਰੀ ਕੀਤੀ ਹੈ। ਇਸ ਦੌਰਾਨ ਖੇਤਰ ਵਿੱਚ ਆਵਾਜਾਈ ’ਤੇ ਪਾਬੰਦੀਆਂ ਅਤੇ ਡਾਇਵਰਸ਼ਨ ਲਾਗੂ ਰਹਿਣਗੇ। ਪੁਲਿਸ ਨੇ ਲੋਕਾਂ ਨੂੰ ਯਾਤਰਾ ਤੋਂ ਪਹਿਲਾਂ ਯੋਜਨਾ ਬਣਾਉਣ ਅਤੇ ਜਨਤਕ ਆਵਾਜਾਈ ਦੀ ਵਰਤੋਂ ਕਰਨ ਦੀ ਅਪੀਲ ਕੀਤੀ ਹੈ।ਰੋਹਿਣੀ ਦੇ ਸਵਰਨ ਜਯੰਤੀ ਪਾਰਕ ਦੇ ਨੇੜੇ ਸ਼ਿਵ ਮਹਾਪੁਰਾਣ ਕਥਾ ਦਾ ਆਯੋਜਨ ਕੀਤਾ ਜਾ ਰਿਹਾ ਹੈ, ਜੋ 16 ਅਪ੍ਰੈਲ ਤੋਂ 24 ਅਪ੍ਰੈਲ ਤੱਕ ਚੱਲੇਗਾ। ਇਸ ਕਾਰਨ ਹਰ ਰੋਜ਼ ਸਵੇਰੇ 11 ਵਜੇ ਤੋਂ ਸ਼ਾਮ 6 ਵਜੇ ਤੱਕ ਟ੍ਰੈਫਿਕ ਪ੍ਰਭਾਵਿਤ ਰਹੇਗਾ।

# ਲੋਕ ਸਭਾ ਅਣਮਿੱਥੇ ਸਮੇਂ ਲਈ ਮੁਲਤਵੀ, ਸੈਸ਼ਨ ’ਚ ਕੁੱਲ 31 ਬੈਠਕਾਂ ਹੋਈਆਂ

ਨਵੀਂ ਦਿੱਲੀ, 18 ਅਪ੍ਰੈਲ (ਅੰਮ੍ਰਿਤਪਾਲ ਸਿੰਘ) : ਲੋਕ ਸਭਾ ਦੀ ਕਾਰਵਾਈ ਸ਼ਨਿਚਰਵਾਰ ਨੂੰ ਅਣਮਿੱਥੇ ਸਮੇਂ ਲਈ ਮੁਲਤਵੀ ਕਰ ਦਿੱਤੀ ਗਈ ਹੈ। ਲੋਕ ਸਭਾ ਸਪੀਕਰ ਓਮ ਬਿਰਲਾ ਨੇ ਸਦਨ ਨੂੰ ਦੱਸਿਆ ਕਿ ਇਸ ਸੈਸ਼ਨ ਵਿੱਚ ਕੁੱਲ 31 ਬੈਠਕਾਂ ਹੋਈਆਂ ਅਤੇ ਸਦਨ ਦੀ ਕਾਰਵਾਈ 151 ਘੰਟੇ ਅਤੇ 42 ਮਿੰਟ ਤੱਕ ਚੱਲੀ।

ਉਨ੍ਹਾਂ ਕਿਹਾ ਕਿ ਇਸ ਸੈਸ਼ਨ ਵਿੱਚ ਕਾਰਜ ਉਤਪਾਦਕਤਾ 93 ਪ੍ਰਤੀਸ਼ਤ ਰਹੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ, ਰੱਖਿਆ ਮੰਤਰੀ ਰਾਜਨਾਥ ਸਿੰਘ ਅਤੇ ਕਈ ਹੋਰ ਪਾਰਟੀਆਂ ਦੇ ਪ੍ਰਮੁੱਖ ਨੇਤਾ ਸਦਨ ਵਿੱਚ ਮੌਜੂਦ ਰਹੇ। ਬਜਟ ਸੈਸ਼ਨ ਦੀ ਸ਼ੁਰੂਆਤ 28 ਜਨਵਰੀ ਨੂੰ ਰਾਸ਼ਟਰਪਤੀ ਦਰੋਪਦੀ ਮੁਰਮੂ ਵੱਲੋਂ ਦੋਵਾਂ ਸਦਨਾਂ ਦੀ ਸਾਂਝੀ ਬੈਠਕ ਨੂੰ ਸੰਬੋਧਨ ਕਰਨ ਨਾਲ ਹੋਈ ਸੀ।

ਪਹਿਲਾਂ ਇਹ ਸੈਸ਼ਨ ਦੋ ਅਪਰੈਲ ਨੂੰ ਮੁਕੰਮਲ ਹੋਣਾ ਸੀ, ਪਰ ਮਹਿਲਾ ਰਾਖਵਾਂਕਰਨ ਨਾਲ ਸਬੰਧਤ ’ਸੰਵਿਧਾਨ (131ਵੀਂ) ਸੋਧ ਬਿੱਲ 2026’ ਅਤੇ ਇਸ ਨਾਲ ਸਬੰਧਤ ਦੋ ਹੋਰ ਬਿੱਲਾਂ ’ਤੇ ਚਰਚਾ ਕਰਨ ਅਤੇ ਇਨ੍ਹਾਂ ਨੂੰ ਪਾਸ ਕਰਾਉਣ ਦੇ ਮਕਸਦ ਨਾਲ ਸੈਸ਼ਨ ਨੂੰ ਵਧਾ ਦਿੱਤਾ ਗਿਆ ਅਤੇ 16 ਤੋਂ 18 ਅਪਰੈਲ ਤੱਕ ਤਿੰਨ ਦਿਨਾਂ ਦੀ ਵਿਸ਼ੇਸ਼ ਬੈਠਕ ਬੁਲਾਈ ਗਈ ਸੀ।



ਇਹ ਸੰਵਿਧਾਨਕ ਸੋਧ ਬਿੱਲ ਪਾਸ ਨਹੀਂ ਹੋ ਸਕਿਆ। ਬਿੱਲ ’ਤੇ ਹੋਈ ਵੋਟਿੰਗ ਦੌਰਾਨ ਇਸ ਦੇ ਪੱਖ ’ਚ 298 ਅਤੇ ਵਿਰੋਧ ’ਚ 230 ਵੋਟਾਂ ਪਈਆਂ। ਲੋਕ ਸਭਾ ਵਿੱਚ ਸੰਵਿਧਾਨ ਸੋਧ ਬਿੱਲ ਨੂੰ ਪਾਸ ਕਰਨ ਲਈ ਦੋ-ਤਿਹਾਈ ਬਹੁਮਤ ਦੀ ਲੋੜ ਹੁੰਦੀ ਹੈ।

ਬਿੱਲ ’ਤੇ ਵੋਟਿੰਗ ਵਿੱਚ 528 ਮੈਂਬਰਾਂ ਨੇ ਹਿੱਸਾ ਲਿਆ। ਇਸ ਬਿੱਲ ਨੂੰ ਪਾਸ ਕਰਨ ਲਈ 352 ਮੈਂਬਰਾਂ ਦੇ ਸਮਰਥਨ ਦੀ ਲੋੜ ਸੀ। ਬਿਰਲਾ ਨੇ ਦੱਸਿਆ ਕਿ ਇਸ ਸੈਸ਼ਨ ਵਿੱਚ ਕੁੱਲ 12 ਸਰਕਾਰੀ ਬਿੱਲ ਪੇਸ਼ ਕੀਤੇ ਗਏ ਅਤੇ ਨੌਂ ਪਾਸ ਕੀਤੇ ਗਏ। ਪਾਸ ਕੀਤੇ ਗਏ ਵਿੱਤ ਬਿੱਲਾਂ ਵਿੱਚ ਆਂਧਰਾ ਪ੍ਰਦੇਸ਼ ਪੁਨਰਗਠਨ ਸੋਧ ਬਿੱਲ ਅਤੇ ਜਨ ਵਿਸ਼ਵਾਸ ਸੋਧ ਬਿੱਲ ਪ੍ਰਮੁੱਖ ਹਨ।

ਰਾਜ ਸਭਾ ਦੀ ਬੈਠਕ ਅਣਮਿੱਥੇ ਸਮੇਂ ਲਈ ਮੁਲਤਵੀ

ਰਾਜ ਸਭਾ ਦੀ ਬੈਠਕ ਸ਼ਨਿਚਰਵਾਰ ਨੂੰ ਅਣਮਿੱਥੇ ਸਮੇਂ ਲਈ ਮੁਲਤਵੀ ਕਰ ਦਿੱਤੀ ਗਈ। ਰਾਜ ਸਭਾ ਦੇ ਚੇਅਰਮੈਨ ਸੀ ਪੀ ਰਾਧਾਕ੍ਰਿਸ਼ਨਨ ਨੇ ਉੱਚ ਸਦਨ ਦੇ 270ਵੇਂ ਸੈਸ਼ਨ ਨੂੰ ਅਣਮਿੱਥੇ ਸਮੇਂ ਲਈ ਮੁਲਤਵੀ ਕਰਨ ਤੋਂ ਪਹਿਲਾਂ ਆਪਣੇ ਰਵਾਇਤੀ ਸੰਬੋਧਨ ਵਿੱਚ ਕਿਹਾ ਕਿ ਸੰਸਦ ਦੇ ਤਿੰਨੋਂ ਸੈਸ਼ਨਾਂ ਵਿੱਚ ਬਜਟ ਸੈਸ਼ਨ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ, ਕਿਉਂਕਿ ਇਹ ਨਾ ਸਿਰਫ਼ ਸਭ ਤੋਂ ਲੰਬਾ ਸੈਸ਼ਨ ਹੁੰਦਾ ਹੈ, ਸਗੋਂ ਦੇਸ਼ ਦੇ ਵਿਕਾਸ ਦੀ ਦਿਸ਼ਾ ਤੈਅ ਕਰਨ ਵਿੱਚ ਵੀ ਸਭ ਤੋਂ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।

ਚੇਅਰਮੈਨ ਨੇ ਦੱਸਿਆ ਕਿ ਸੈਸ਼ਨ ਦੀ ਸ਼ੁਰੂਆਤ ਰਾਸ਼ਟਰਪਤੀ ਦੇ ਭਾਸ਼ਣ ’ਤੇ ਧੰਨਵਾਦ ਮਤੇ ’ਤੇ ਚਰਚਾ ਨਾਲ ਹੋਈ, ਜੋ ਚਾਰ ਦਿਨ ਚੱਲੀ ਅਤੇ ਇਸ ਵਿੱਚ 79 ਮੈਂਬਰਾਂ ਨੇ ਭਾਗ ਲਿਆ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਚਰਚਾ ਦਾ ਜਵਾਬ ਦਿੱਤਾ। ਉਨ੍ਹਾਂ ਕਿਹਾ ਕਿ ਕੇਂਦਰੀ ਬਜਟ 2026-27 ’ਤੇ ਵੀ ਚਾਰ ਦਿਨ ਵਿਸਤ੍ਰਿਤ ਚਰਚਾ ਹੋਈ, ਜਿਸ ਵਿੱਚ 97 ਮੈਂਬਰਾਂ ਨੇ ਹਿੱਸਾ ਲਿਆ। ਇਸ ਤੋਂ ਇਲਾਵਾ ਸਦਨ ਵਿੱਚ ਸਰਕਾਰ ਦੇ ਦੋ ਪ੍ਰਮੁੱਖ ਮੰਤਰਾਲਿਆਂ ਦੇ ਕੰਮਕਾਜ ਬਾਰੇ ਵੀ ਚਰਚਾ ਹੋਈ।

ਚੇਅਰਮੈਨ ਅਨੁਸਾਰ, ਬਜਟ ਸੈਸ਼ਨ ਦੌਰਾਨ ਸਦਨ ਵਿੱਚ ਕੁੱਲ 157 ਘੰਟੇ 40 ਮਿੰਟ ਕੰਮ ਹੋਇਆ।

ਉਨ੍ਹਾਂ ਦੱਸਿਆ ਕਿ ਇਸ ਦੌਰਾਨ 117 ਪ੍ਰਸ਼ਨ ਪੁੱਛੇ ਗਏ, ਸਿਫ਼ਰ ਕਾਲ ਦੌਰਾਨ 446 ਸਵਾਲ ਚੁੱਕੇ ਗਏ ਅਤੇ 207 ਵਿਸ਼ੇਸ਼ ਸਵਾਲ ਲਏ ਗਏ।ਸੈਸ਼ਨ ਦੌਰਾਨ ਸਦਨ ਵਿੱਚ ਟਰਾਂਸਜੈਂਡਰ ਵਿਅਕਤੀ (ਅਧਿਕਾਰਾਂ ਦੀ ਸੁਰੱਖਿਆ) ਸੋਧ ਬਿੱਲ, 2026, ਹਥਿਆਰਬੰਦ ਪੁਲਿਸ ਬਲ (ਆਮ ਪ੍ਰਸ਼ਾਸਨ) ਬਿੱਲ, 2026, ਦੀਵਾਲੀਆਪਨ ਅਤੇ ਸ਼ੋਧਨ ਅਕਸ਼ਮਤਾ ਕੋਡ (ਸੋਧ) ਬਿੱਲ, 2025, ਆਂਧਰਾ ਪ੍ਰਦੇਸ਼ ਪੁਨਰਗਠਨ (ਸੋਧ) ਬਿੱਲ, 2026, ਜਨ ਵਿਸ਼ਵਾਸ (ਉਪਬੰਧਾਂ ਦੀ ਸੋਧ) ਬਿੱਲ 2026 ਅਤੇ ਉਦਯੋਗਿਕ ਸਬੰਧ ਕੋਡ (ਸੋਧ) ਬਿੱਲ, 2026 ’ਤੇ ਚਰਚਾ ਕੀਤੀ ਗਈ ਅਤੇ ਇਨ੍ਹਾਂ ਨੂੰ ਪਾਸ ਕੀਤਾ ਗਿਆ। ਰਾਧਾਕ੍ਰਿਸ਼ਨਨ ਨੇ ਦੱਸਿਆ ਕਿ ਸੈਸ਼ਨ ਦੌਰਾਨ 50 ਨਿੱਜੀ ਬਿੱਲ ਪੇਸ਼ ਕੀਤੇ ਗਏ, ਨਾਲ ਹੀ 94 ਮੌਕਿਆਂ ’ਤੇ ਮੈਂਬਰਾਂ ਨੇ ਸੰਵਿਧਾਨ ਦੀ ਅੱਠਵੀਂ ਅਨੁਸੂਚੀ ਵਿੱਚ ਸ਼ਾਮਲ 12 ਖੇਤਰੀ ਭਾਸ਼ਾਵਾਂ ਵਿੱਚ ਆਪਣੇ ਵਿਚਾਰ ਰੱਖੇ।

## ਸੰਪਾਦਕੀ

# ਕੇਂਦਰੀ ਏਜੰਸੀ ਦੀ ਦੁਰਵਰਤੋਂ

ਲੋਕਤੰਤਰ ਵਿੱਚ ਕੇਂਦਰੀ ਜਾਂਚ ਏਜੰਸੀਆਂ ਜਿਵੇਂ ਕਿ ਸੀਬੀਆਈ (ਕੇਂਦਰੀ ਜਾਂਚ ਬਿਊਰੋ), ਈਡੀ (ਪ੍ਰਵਰਤਨ ਨਿਦੇਸ਼ਾਲਿਆ) ਅਤੇ ਆਈਟੀ (ਆਮਦਨ ਕਰ ਵਿਭਾਗ) ਨਿਰਪੱਖਤਾ, ਕਾਨੂੰਨ ਦੀ ਉੱਚਤਾ ਅਤੇ ਨਿਆਂ ਦੀ ਰਾਖੀ ਲਈ ਸਥਾਪਿਤ ਕੀਤੀਆਂ ਗਈਆਂ ਹਨ। ਪਰ ਜਦੋਂ ਇਹ ਸੰਸਥਾਵਾਂ ਸੱਤਾਧਾਰੀ ਦਲਾਂ ਦੇ ਰਾਜਨੀਤਿਕ ਹਥਿਆਰ ਬਣ ਜਾਂਦੀਆਂ ਹਨ, ਤਾਂ ਇਹ ਲੋਕਤੰਤਰ ਦੀਆਂ ਜੜ੍ਹਾਂ ਨੂੰ ਖੋਖਲਾ ਕਰ ਦਿੰਦੀਆਂ ਹਨ। ਇਹ ਸਮੱਸਿਆ ਅੱਜ ਦੇ ਭਾਰਤ ਵਿੱਚ ਇੱਕ ਗੰਭੀਰ ਬਹਿਸ ਦਾ ਵਿਸ਼ਾ ਬਣੀ ਹੋਈ ਹੈ। ਕੇਂਦਰੀ ਜਾਂਚ ਏਜੰਸੀਆਂ ਦੀ ਰਾਜਨੀਤਿਕ ਦੁਰਵਰਤੋਂ ਦਾ ਮਤਲਬ ਹੈ — ਵਿਰੋਧੀ ਧਿਰ ਦੇ ਨੇਤਾਵਾਂ, ਪੱਤਰਕਾਰਾਂ, ਸਮਾਜਿਕ ਕਾਰਕੁੰਨਾਂ ਜਾਂ ਸਰਕਾਰ ਦੀ ਆਲੋਚਨਾ ਕਰਨ ਵਾਲੇ ਕਿਸੇ ਵੀ ਵਿਅਕਤੀ ਵਿਰੁੱਧ ਜਾਂਚ ਏਜੰਸੀਆਂ ਦਾ ਇਸਤੇਮਾਲ ਕਰਕੇ ਉਨ੍ਹਾਂ ਨੂੰ ਡਰਾਉਣਾ, ਧਮਕਾਉਣਾ ਜਾਂ ਨਿਆਂਇਕ ਜਾਲ ਵਿੱਚ ਫਸਾਉਣਾ। ਇਸ ਵਿੱਚ ਛਾਪੇਮਾਰੀਆਂ, ਗ੍ਰਿਫ਼ਤਾਰੀਆਂ ਅਤੇ ਜਾਂਚਾਂ ਸ਼ਾਮਲ ਹੁੰਦੀਆਂ ਹਨ ਜੋ ਅਕਸਰ ਚੋਣਾਂ ਤੋਂ ਪਹਿਲਾਂ ਤੇਜ਼ ਹੋ ਜਾਂਦੀਆਂ ਹਨ। ਭਾਰਤ ਵਿੱਚ ਇਹ ਸਮੱਸਿਆ ਕੋਈ ਨਵੀਂ ਨਹੀਂ ਹੈ। ਸੁਪਰੀਮ ਕੋਰਟ ਨੇ 1997 ਵਿੱਚ ਵਿਨੀਤ ਨਰਾਇਣ ਬਨਾਮ ਭਾਰਤ ਸਰਕਾਰ ਮਾਮਲੇ ਵਿੱਚ ਸੀਬੀਆਈ ਨੂੰ 'ਪਿੰਜਰੇ ਦਾ ਤੋਤਾ' ਕਿਹਾ ਸੀ। ਹਰ ਸਰਕਾਰ ਦੇ ਦੌਰ ਵਿੱਚ ਵਿਰੋਧੀ ਧਿਰ ਦੇ ਨੇਤਾਵਾਂ ਵਿਰੁੱਧ ਜਾਂਚਾਂ ਦੀ ਗਿਣਤੀ ਵੱਧਦੀ ਰਹੀ ਹੈ। ਕਾਂਗਰਸ ਅਤੇ ਭਾਜਪਾ ਦੋਵਾਂ ਦੇ ਸ਼ਾਸਨਕਾਲ ਵਿੱਚ ਇਹ ਦੋਸ਼ ਲੱਗਦੇ ਰਹੇ ਹਨ, ਜੋ ਦਰਸਾਉਂਦਾ ਹੈ ਕਿ ਇਹ ਕਿਸੇ ਇੱਕ ਪਾਰਟੀ ਦੀ ਸਮੱਸਿਆ ਨਹੀਂ ਬਲਕਿ ਪ੍ਰਣਾਲੀਗਤ ਖਾਮੀ ਹੈ। ਜਦੋਂ ਜਾਂਚ ਏਜੰਸੀਆਂ ਰਾਜਨੀਤਿਕ ਦਬਾਅ ਹੇਠ ਕੰਮ ਕਰਦੀਆਂ ਹਨ, ਤਾਂ ਇਸ ਦੇ ਕਈ ਮਾੜੇ ਨਤੀਜੇ ਨਿਕਲਦੇ ਹਨ। ਪਹਿਲਾਂ, ਵਿਰੋਧੀ ਧਿਰ ਦੀ ਆਵਾਜ਼ ਦੱਬੀ ਜਾਂਦੀ ਹੈ ਅਤੇ ਸੰਸਦੀ ਲੋਕਤੰਤਰ ਕਮਜ਼ੋਰ ਪੈਂਦਾ ਹੈ। ਦੂਜਾ, ਪ੍ਰੈੱਸ ਦੀ ਆਜ਼ਾਦੀ ਖ਼ਤਰੇ ਵਿੱਚ ਪੈਂਦੀ ਹੈ, ਕਿਉਂਕਿ ਪੱਤਰਕਾਰ ਅਤੇ ਸੰਪਾਦਕ ਡਰਦੇ ਹਨ। ਤੀਜਾ, ਆਮ ਨਾਗਰਿਕ ਦਾ ਭਰੋਸਾ ਕਾਨੂੰਨੀ ਸੰਸਥਾਵਾਂ ਤੋਂ ਉੱਠ ਜਾਂਦਾ ਹੈ। ਇਸ ਤਰ੍ਹਾਂ ਲੋਕਤੰਤਰ ਬਾਹਰੋਂ ਤਾਂ ਜ਼ਿੰਦਾ ਰਹਿੰਦਾ ਹੈ, ਪਰ ਅੰਦਰੋਂ ਖੋਖਲਾ ਹੋ ਜਾਂਦਾ ਹੈ। ਇਹ ਸਮੱਸਿਆ ਸਿਰਫ਼ ਭਾਰਤ ਵਿੱਚ ਹੀ ਨਹੀਂ ਹੈ। ਤੁਰਕੀ, ਹੰਗਰੀ ਅਤੇ ਪਾਕਿਸਤਾਨ ਵਰਗੇ ਦੇਸ਼ਾਂ ਵਿੱਚ ਵੀ ਜਾਂਚ ਏਜੰਸੀਆਂ ਦੀ ਦੁਰਵਰਤੋਂ ਲੋਕਤੰਤਰ ਨੂੰ ਕਮਜ਼ੋਰ ਕਰਨ ਦਾ ਸਾਧਨ ਬਣ ਗਈ ਹੈ। ਇੱਥੋਂ ਤੱਕ ਕਿ ਅਮਰੀਕਾ ਵਰਗੇ ਵਿਕਸਤ ਲੋਕਤੰਤਰਾਂ ਵਿੱਚ ਵੀ ਐੱਫ.ਬੀ.ਆਈ. ਦੀ ਸੁਤੰਤਰਤਾ ਨੂੰ ਲੈ ਕੇ ਸਵਾਲ ਉੱਠਦੇ ਰਹੇ ਹਨ, ਜੋ ਦਰਸਾਉਂਦਾ ਹੈ ਕਿ ਸੰਸਥਾਈ ਸੁਤੰਤਰਤਾ ਦੀ ਰਾਖੀ ਕਿੰਨੀ ਜ਼ਰੂਰੀ ਹੈ। ਇਸ ਸਮੱਸਿਆ ਦੇ ਹੱਲ ਲਈ ਕਈ ਕਦਮ ਜ਼ਰੂਰੀ ਹਨ। ਜਾਂਚ ਏਜੰਸੀਆਂ ਦੇ ਮੁਖੀਆਂ ਦੀ ਨਿਯੁਕਤੀ ਅਤੇ ਹਟਾਉਣਾ ਸੰਸਦੀ ਕਮੇਟੀਆਂ ਦੀ ਸਲਾਹ ਨਾਲ ਹੋਣਾ ਚਾਹੀਦਾ ਹੈ। ਵਿੱਤੀ ਖੁਦਮੁਖਤਿਆਰੀ ਯਕੀਨੀ ਬਣਾਈ ਜਾਵੇ ਤਾਂ ਕਿ ਬਜਟ ਕਟੌਤੀ ਦਾ ਡਰ ਨਾ ਰਹੇ। ਜਾਂਚ ਦੇ ਸ਼ੁਰੂ ਤੋਂ ਲੈ ਕੇ ਨਿਪਟਾਰੇ ਤੱਕ ਪਾਰਦਰਸ਼ਤਾ ਹੋਣੀ ਚਾਹੀਦੀ ਹੈ। ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਇੱਕ ਸੁਤੰਤਰ ਨਿਗਰਾਨੀ ਬੋਰਡ ਬਣਾਇਆ ਜਾਵੇ। ਲੋਕਤੰਤਰ ਦੀ ਰਾਖੀ ਸਿਰ਼ਫ ਸੰਸਥਾਵਾਂ ਦਾ ਕੰਮ ਨਹੀਂ। ਜਾਗਰੂਕ ਨਾਗਰਿਕ, ਸੁਤੰਤਰ ਮੀਡੀਆ, ਸਿਵਲ ਸੋਸਾਇਟੀ ਅਤੇ ਨਿਆਂਪਾਲਿਕਾ — ਇਹ ਸਾਰੇ ਮਿਲ ਕੇ ਜਾਂਚ ਏਜੰਸੀਆਂ ਦੀ ਦੁਰਵਰਤੋਂ ਨੂੰ ਰੋਕ ਸਕਦੇ ਹਨ। ਜਦੋਂ ਨਾਗਰਿਕ ਸਵਾਲ ਪੁੱਛਣਾ ਬੰਦ ਕਰ ਦਿੰਦੇ ਹਨ, ਤਾਂ ਤਾਕਤ ਦੁਰਵਰਤੋਂ ਦਾ ਰਾਹ ਖੁੱਲ੍ਹ ਜਾਂਦਾ ਹੈ। ਕੇਂਦਰੀ ਜਾਂਚ ਏਜੰਸੀਆਂ ਲੋਕਤੰਤਰ ਦੀ ਰਾਖੀ ਲਈ ਜ਼ਰੂਰੀ ਹਨ, ਪਰ ਜਦੋਂ ਇਹੀ ਏਜੰਸੀਆਂ ਰਾਜਨੀਤਿਕ ਮੰਤਵਾਂ ਲਈ ਵਰਤੀਆਂ ਜਾਣ, ਤਾਂ ਇਹ ਉਸੇ ਲੋਕਤੰਤਰ ਲਈ ਸਭ ਤੋਂ ਵੱਡਾ ਖ਼ਤਰਾ ਬਣ ਜਾਂਦੀਆਂ ਹਨ। ਸੰਸਥਾਈ ਸੁਤੰਤਰਤਾ, ਸੰਵਿਧਾਨਕ ਸੁਧਾਰ ਅਤੇ ਨਾਗਰਿਕ ਚੇਤਨਾ ਹੀ ਇਸ ਚੁਣੌਤੀ ਦਾ ਸਥਾਈ ਹੱਲ ਹੈ। ਭਾਰਤ ਵਰਗੇ ਵਿਸ਼ਾਲ ਲੋਕਤੰਤਰ ਵਿੱਚ ਜਾਂਚ ਏਜੰਸੀਆਂ ਦੀ ਨਿਰਪੱਖਤਾ ਨੂੰ ਕਾਇਮ ਰੱਖਣਾ ਹੀ ਸੱਚੇ ਲੋਕਤੰਤਰ ਦੀ ਕਸੌਟੀ ਹੈ।

-ਜਗਜੀਤ ਸਿੰਘ ਦਰਦੀ

# ਮਹਿਲਾ ਰਾਖਵਾਂਕਰਨ ਬਿੱਲ ਤੇ ਪ੍ਰਧਾਨ ਮੰਤਰੀ ਮੋਦੀ ਦੇ ਸੰਬੋਧਨ ਨੇ ਸਾਫ ਕਰ ਦਿੱਤੀ 21ਵੀਂ ਸਦੀ ਦੀ ਔਰਤ ਦੀ ਸ਼ਕਤੀ ਦੀ ਤਾਕਤ

## ਦੇਸ਼ ਦੇ ਨਾਮ ਸੰਬੋਧਨ ਨਾਲ ਵਿਰੋਧੀਆ ਨੂੰ ਸੁਣਾ ਦਿੱਤੀਆਂ ਖਰੀਆਂ ਖਰੀਆਂ
## ਨਾਰੀ ਸ਼ਕਤੀ ਵੰਧਨ ਬਿੱਲ ਰੁਕੇਗਾ ਨਹੀਂ, ਇਹ 21ਵੀਂ ਸਦੀ ਦੀ ਨਾਰੀ ਦੀ ਸ਼ਕਤੀ ਦਾ ਪਰਾਕਰਮ



ਪ੍ਰੋ . ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ



ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਦੇਸ਼ ਦੇ ਨਾਮ ਆਪਣੇ ਇਤਿਹਾਸਿਕ ਸੰਬੋਧਨ ਵਿੱਚ ਨਾਰੀ ਸ਼ਕਤੀ ਵੰਦਨ ਬਿਲ ਉੱਤੇ ਇਤਿਹਾਸਕ ਚੈਲੇਂਜ ਕਰਦਿਆਂ ਵਿਰੋਧੀ ਕਾਂਗਰਸ ਨੇ ਜੋ ਕੀਤਾ ਉਸ ਪਾਪ ਨੂੰ, ਮਹਿਲਾਵਾਂ ਕਦੇ ਨਹੀਂ ਮਾਫ਼ ਕਰਨਗੀਆਂ। ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਦੇ ਨਾਮ ਇੱਕ ਮਹੱਤਵਪੂਰਨ ਸੰਬੋਧਨ ਵਿੱਚ ਨਾਰੀ ਸ਼ਕਤੀ ਵੰਦਨ ਅਧਿਨਿਯਮ (ਮਹਿਲਾ ਰਾਖਵਾਂ ਬਿਲ) ਨੂੰ ਲਾਗੂ ਕਰਨ ਲਈ ਚੱਲ ਰਹੀ ਬਹਿਸ ਅਤੇ ਵੋਟਿੰਗ ਵਾਲੀਆਂ ਘਟਨਾਵਾਂ ਬਾਰੇ ਪੂਰੀ ਤਰ੍ਹਾਂ ਖੁਲਾਸਾ ਕੀਤਾ। ਉਨ੍ਹਾਂ ਨੇ ਇਸ ਬਿਲ ਨੂੰ ਰੋਕਣ ਦੀਆਂ ਕੋਸ਼ਿਸ਼ਾਂ ਨੂੰ ਇੱਕ ਇਤਿਹਾਸਕ ਗਲਤੀ ਦੱਸਦਿਆਂ ਕਿਹਾ ਕਿ ਇਸ ਵਿੱਚ ਵਿਰੋਧੀ ਧਿਰਾਂ, ਖਾਸ ਕਰਕੇ ਕਾਂਗਰਸ ਅਤੇ ਉਸ ਦੀਆਂ ਸਹਿਯੋਗੀ ਪਾਰਟੀਆਂ, ਨੇ ਮਹਿਲਾਵਾਂ ਨਾਲ ਵੱਡਾ ਧੋਖਾ ਕੀਤਾ ਹੈ। ਅੱਜ ਪ੍ਰਧਾਨ ਮੰਤਰੀ ਨੇ ਸਿੱਧਾ ਚੈਲੇਂਜ ਕੀਤਾ ਕਿ ਇਹ ਪਾਪ ਕਾਂਗਰਸ ਨੇ ਕੀਤਾ ਹੈ ਅਤੇ ਦੇਸ਼ ਦੀਆਂ ਕਰੋੜਾਂ ਮਹਿਲਾਵਾਂ ਇਸ ਨੂੰ ਕਦੇ ਵੀ ਮਾਫ਼ ਨਹੀਂ ਕਰਨਗੀਆਂ। ਉਨ੍ਹਾਂ ਨੇ ਇਸ ਬਿਲ ਨੂੰ ਨਾਰੀ ਸ਼ਕਤੀ ਦਾ ਅਧਿਕਾਰ ਦੱਸਿਆ ਅਤੇ ਵਿਰੋਧੀਆਂ ਨੂੰ ਚੇਤਾਵਨੀ ਦਿੱਤੀ ਕਿ ਇਸ ਫੈਸਲੇ ਦਾ ਰਾਜਨੀਤਿਕ ਖਾਤਮਾ ਉਨ੍ਹਾਂ ਲਈ ਭਾਰੀ ਪਵੇਗਾ।ਇਸ ਸੰਬੋਧਨ ਵਿੱਚ ਪ੍ਰਧਾਨ ਮੰਤਰੀ ਨੇ ਬਿਲ ਦੀ ਮਹੱਤਤਾ, ਇਸ ਨੂੰ ਰੋਕਣ ਵਾਲੀਆਂ ਤਾਕਤਾਂ ਦੀਆਂ ਮਨਸ਼ਾਵਾਂ ਅਤੇ ਭਵਿੱਖ ਵਿੱਚ ਭਾਰਤੀ ਰਾਜਨੀਤੀ ਉੱਤੇ ਪੈਣ ਵਾਲੇ ਪ੍ਰਭਾਵ ਬਾਰੇ ਵਿਸਥਾਰ ਨਾਲ ਚਰਚਾ ਕੀਤੀ। ਉਨ੍ਹਾਂ ਨੇ ਕਿਹਾ ਕਿ 2023 ਵਿੱਚ ਪਾਸ ਹੋਏ ਨਾਰੀ ਸ਼ਕਤੀ ਵੰਦਨ ਅਧਿਨਿਯਮ ਨੂੰ 2029 ਤੱਕ ਲਾਗੂ ਕਰਨ ਲਈ ਡੀਲਿਮੀਟੇਸ਼ਨ ਅਤੇ ਸੀਟਾਂ ਵਧਾਉਣ ਵਾਲਾ ਬਿਲ ਲਿਆਂਦਾ ਗਿਆ ਸੀ, ਪਰ ਵਿਰੋਧੀ ਧਿਰਾਂ ਨੇ ਤਕਨੀਕੀ ਬਹਾਨਿਆਂ ਅਤੇ ਉੱਤਰ-ਦੱਖਣ ਵੰਡ ਨੂੰ ਉਕਸਾ ਕੇ ਇਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ।

ਅੱਜ ਇਸ ਨਾਲ ਲੋਕ ਸਭਾ ਵਿੱਚ ਬਿਲ ਨੂੰ ਲੋੜੀਂਦਾ ਬਹੁਮਤ ਨਾ ਮਿਲ ਸਕਿਆ ਅਤੇ ਇਹ ਇੱਕ ਇਤਿਹਾਸਕ ਮੌਕਾ ਖੁੰਝ ਗਿਆ।ਪ੍ਰਧਾਨ ਮੰਤਰੀ ਨੇ ਆਪਣੇ ਭਾਸ਼ਣ ਵਿੱਚ ਬਿਲ ਦੀ ਪਿਛੋਕੜ ਤੋਂ ਲੈ ਕੇ ਵਰਤਮਾਨ ਬਹਿਸ ਤੱਕ ਸਭ ਕੁਝ ਸਾਫ਼ ਕੀਤਾ। ਉਨ੍ਹਾਂ ਯਾਦ ਕਰਵਾਇਆ ਕਿ ਮਹਿਲਾਵਾਂ ਲਈ ਰਾਜਨੀਤਿਕ ਰਾਖਵੀਆਂ ਸੀਟਾਂ ਦੀ ਮੰਗ ਤੀਹ ਸਾਲਾਂ ਤੋਂ ਚੱਲ ਰਹੀ ਹੈ। 1996 ਵਿੱਚ ਪਹਿਲੀ ਵਾਰ ਬਿਲ ਲਿਆਂਦਾ ਗਿਆ ਸੀ, ਪਰ ਕਾਂਗਰਸ ਵਰਗੀਆਂ ਪਾਰਟੀਆਂ ਨੇ ਵਾਰ-ਵਾਰ ਇਸ ਨੂੰ ਲਟਕਾਇਆ। 2023 ਵਿੱਚ ਭਾਜਪਾ ਸਰਕਾਰ ਨੇ ਇਸ ਨੂੰ ਪਾਸ ਕਰਵਾਇਆ, ਪਰ ਲਾਗੂ ਕਰਨ ਲਈ ਡੀਲਿਮੀਟੇਸ਼ਨ ਦੀ ਲੋੜ ਸੀ।

ਹੁਣ 2026 ਵਿੱਚ ਲਿਆਂਦੇ ਗਏ ਤਿੰਨ ਬਿੱਲਾਂ (ਸੰਵਿਧਾਨਕ ਸੋਧ, ਡੀਲਿਮੀਟੇਸ਼ਨ ਅਤੇ ਯੂਟੀਜ਼ ਲਈ ਪ੍ਰਬੰਧ) ਨਾਲ ਲੋਕ ਸਭਾ ਸੀਟਾਂ 543 ਤੋਂ ਵਧਾ ਕੇ 850 ਕਰਨ ਅਤੇ 33 ਫੀਸਦੀ ਰਾਖਵੀਆਂ ਸੀਟਾਂ 2029 ਤੋਂ ਲਾਗੂ ਕਰਨ ਦਾ ਰਾਹ ਖੁੱਲ੍ਹਿਆ ਸੀ। ਪਰ ਵਿਰੋਧੀਆਂ ਨੇ ਇਸ ਨੂੰ ਰੋਕਣ ਲਈ ਉੱਤਰੀ ਰਾਜਾਂ ਵਿੱਚ ਵਧੇਰੇ ਸੀਟਾਂ ਮਿਲਣ ਵਾਲੀ ਗੱਲ ਨੂੰ ਉਕਸਾਇਆ ਅਤੇ ਡੀਲਿਮੀਟੇਸ਼ਨ ਨੂੰ ਉੱਤਰ ਵਿਰੋਧੀ ਦੱਸਿਆ। ਅੱਜ ਪ੍ਰਧਾਨ ਮੰਤਰੀ ਨੇ ਸਿੱਧਾ ਇਲਜ਼ਾਮ ਲਾਇਆ ਕਿ ਕਾਂਗਰਸ ਨੇ ਇੱਕ ਵਾਰ ਫਿਰ ਮਹਿਲਾਵਾਂ ਨਾਲ ਧੋਖਾ ਕੀਤਾ ਹੈ। ਉਨ੍ਹਾਂ ਕਿਹਾ ਕਿ ਜਦੋਂ ਬਿਲ ਭਵਿੱਖ ਵਿੱਚ ਲਾਗੂ ਹੋਣ ਵਾਲਾ ਸੀ ਤਾਂ ਵਿਰੋਧੀ ਧਿਰਾਂ ਨੇ ਇਸ ਦਾ ਸਮਰਥਨ ਕੀਤਾ, ਪਰ ਜਦੋਂ ਇਹ 2029 ਤੋਂ ਲਾਗੂ ਹੋਣ ਵਾਲਾ ਬਣ ਗਿਆ ਤਾਂ ਉਨ੍ਹਾਂ ਨੇ ਇਸ ਨੂੰ ਰੋਕਣ ਲਈ ਸਭ ਕੁਝ ਕੀਤਾ। ਇਸ ਨੂੰ ਪਾਪ ਦੱਸਦਿਆਂ ਪ੍ਰਧਾਨ ਮੰਤਰੀ ਨੇ ਚੇਤਾਵਨੀ ਦਿੱਤੀ ਕਿ ਦੇਸ਼ ਦੀਆਂ ਮਹਿਲਾਵਾਂ ਇਸ ਨੂੰ ਕਦੇ ਨਹੀਂ ਭੁੱਲਣਗੀਆਂ ਅਤੇ ਰਾਜਨੀਤਿਕ ਤੌਰ ਤੇ ਇਸ ਦਾ ਖਾਤਮਾ ਵਿਰੋਧੀਆਂ ਲਈ ਭਾਰੀ ਹੋਵੇਗਾ। ਉਨ੍ਹਾਂ ਨੇ ਕਿਹਾ ਕਿ ਕਰੋੜਾਂ ਮਹਿਲਾਵਾਂ ਟੀਵੀ ਅਤੇ ਸੋਸ਼ਲ ਮੀਡੀਆ ਰਾਹੀਂ ਇਸ ਬਹਿਸ ਨੂੰ ਵੇਖ ਰਹੀਆਂ ਹਨ ਅਤੇ ਉਨ੍ਹਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਨਾ ਕੀਤਾ ਜਾਵੇ।

ਅੱਜ ਇਸ ਭਾਸ਼ਣ ਵਿੱਚ ਪ੍ਰਧਾਨ ਮੰਤਰੀ ਨੇ ਡੀਲਿਮੀਟੇਸ਼ਨ ਬਾਰੇ ਵੀ ਸਪੱਸ਼ਟੀਕਰਨ ਕੀਤਾ। ਉਨ੍ਹਾਂ ਕਿਹਾ ਕਿ ਇਸ ਪ੍ਰਕਿਰਿਆ ਵਿੱਚ ਕਿਸੇ ਰਾਜ ਨਾਲ ਭੇਦਭਾਵ ਨਹੀਂ ਕੀਤਾ ਜਾਵੇਗਾ। ਲੋਕ ਸਭਾ ਸੀਟਾਂ ਵਧਾਉਣ ਨਾਲ ਹਰ ਰਾਜ ਦੀਆਂ ਸੀਟਾਂ ਵਧਣਗੀਆਂ ਅਤੇ ਅਨੁਪਾਤ ਬਰਕਰਾਰ ਰਹੇਗਾ। ਦੱਖਣੀ ਰਾਜਾਂ (ਜਿਵੇਂ ਤਮਿਲਨਾਡੂ, ਕੇਰਲਾ) ਨੂੰ ਭਰੋਸਾ ਦਿੱਤਾ ਗਿਆ ਕਿ ਉਨ੍ਹਾਂ ਦੀ ਨੁਮਾਇੰਦਗੀ ਘਟਣ ਨਹੀਂ ਦਿੱਤੀ ਜਾਵੇਗੀ। ਫਿਰ ਵੀ ਵਿਰੋਧੀ ਧਿਰਾਂ ਨੇ ਇਸ ਨੂੰ ਉੱਤਰੀ ਰਾਜਾਂ ਦੇ ਫਾਇਦੇ ਵਜੋਂ ਪੇਸ਼ ਕੀਤਾ ਅਤੇ ਬਿਲ ਰੋਕਣ ਵਿੱਚ ਯੋਗਦਾਨ ਪਾਇਆ। ਅੱਜ ਇਸ ਨਾਲ ਰਾਜੀਆਂ ਵਿਚਾਲੇ ਤਣਾਅ ਵਧਣ ਦਾ ਖਤਰਾ ਪੈਦਾ ਹੋਇਆ ਹੈ।ਰਾਜਨੀਤਿਕ ਪ੍ਰਸਾਰ ਅਤੇ ਭਵਿੱਖੀ ਪ੍ਰਭਾਵਪ੍ਰਧਾਨ ਮੰਤਰੀ ਦੇ ਇਸ ਭਾਸ਼ਣ ਨੇ ਰਾਜਨੀਤਿਕ ਮਾਹੌਲ ਨੂੰ ਤੇਜ਼ ਕਰ ਦਿੱਤਾ ਹੈ। ਭਾਜਪਾ ਇਸ ਨੂੰ ਇੱਕ ਰਾਸ਼ਟਰੀ ਮੁੱਦਾ ਬਣਾ ਕੇ ਮਹਿਲਾਵਾਂ ਵੋਟਰਾਂ ਵਿੱਚ ਆਪਣੀ ਪਕੜ ਮਜ਼ਬੂਤ ਕਰਨਾ ਚਾਹੁੰਦੀ ਹੈ। ਉਨ੍ਹਾਂ ਨੇ ਵਿਰੋਧੀਆਂ ਨੂੰ ਮਹਿਲਾਵਾਂ ਵਿਰੋਧੀ ਦੱਸ ਕੇ ਇੱਕ ਨਵਾਂ ਨੈਰੇਟਿਵ ਰਚਿਆ ਹੈ। ਇਸ ਨਾਲ ਆਉਣ ਵਾਲੀਆਂ ਚੋਣਾਂ ਵਿੱਚ ਮਹਿਲਾਵਾਂ ਵੋਟ ਭਾਜਪਾ ਵੱਲ ਝੁਕ ਸਕਦੀ ਹੈ, ਖਾਸ ਕਰਕੇ ਉੱਤਰੀ ਰਾਜਾਂ ਵਿੱਚ।ਦੂਜੇ ਪਾਸੇ ਵਿਰੋਧੀ ਧਿਰਾਂ (ਕਾਂਗਰਸ, ਡੀਐੱਮਕੇ, ਸੀਪੀਆਈਐੱਮ ਆਦਿ) ਇਸ ਬਿਲ ਨੂੰ ਸੰਵਿਧਾਨ ਉੱਤੇ ਹਮਲਾ ਅਤੇ ਫੈਡਰਲ ਢਾਂਚੇ ਲਈ ਖਤਰਾ ਦੱਸ ਰਹੀਆਂ ਹਨ। ਉਨ੍ਹਾਂ ਦਾ ਦਾਅਵਾ ਹੈ ਕਿ ਡੀਲਿਮੀਟੇਸ਼ਨ ਨਾਲ ਦੱਖਣੀ ਰਾਜਾਂ ਦੀ ਰਾਜਨੀਤਿਕ ਤਾਕਤ ਘਟੇਗੀ ਅਤੇ ਉੱਤਰੀ ਰਾਜਾਂ (ਯੂਪੀ, ਬਿਹਾਰ ਆਦਿ) ਨੂੰ ਫਾਇਦਾ ਹੋਵੇਗਾ।

ਹੁਣ ਰਾਹੁਲ ਗਾਂਧੀ ਨੇ ਇਸ ਨੂੰ ਡੈਮੋਕ੍ਰੇਸੀ ਦੀ ਜਿੱਤ ਦੱਸਿਆ ਅਤੇ ਕਿਹਾ ਕਿ ਬਿਲ 2023 ਵਾਲੇ ਰੂਪ ਵਿੱਚ ਲਿਆਉਣਾ ਚਾਹੀਦਾ ਹੈ। ਇਸ ਨਾਲ ਰਾਜਨੀਤਿਕ ਧਿਰਾਂ ਵਿਚਾਲੇ ਧਰਪੋਕੀ ਵਧੀ ਹੈ ਅਤੇ ਉੱਤਰ-ਦੱਖਣ ਵੰਡ ਤੇਜ਼ ਹੋਈ ਹੈ।ਪ੍ਰਧਾਨ ਮੰਤਰੀ ਨੇ ਇਸ ਭਾਸ਼ਣ ਵਿੱਚ ਵਿਰੋਧੀਆਂ ਨੂੰ ਚੇਤਾਵਨੀ ਦਿੱਤੀ ਕਿ ਮਹਿਲਾਵਾਂ ਇਸ ਗਲਤੀ ਨੂੰ ਯਾਦ ਰੱਖਣਗੀਆਂ। ਇਸ ਨਾਲ ਰਾਜਨੀਤਿਕ ਪ੍ਰਸਾਰ ਵਿੱਚ ਭਾਜਪਾ ਲਈ ਫਾਇਦਾ ਹੋ ਸਕਦਾ ਹੈ, ਖਾਸ ਕਰਕੇ ਮਹਿਲਾ ਵੋਟਰਾਂ ਵਿੱਚ। ਪਿਛਲੀਆਂ ਚੋਣਾਂ ਵਿੱਚ ਵੀ ਭਾਜਪਾ ਨੇ ਮਹਿਲਾਵਾਂ ਵੋਟ ਉੱਤੇ ਧਿਆਨ ਦਿੱਤਾ ਸੀ ਅਤੇ ਇਸ ਬਿਲ ਨਾਲ ਉਸ ਨੂੰ ਹੋਰ ਮਜ਼ਬੂਤੀ ਮਿਲ ਸਕਦੀ ਹੈ। ਵਿਰੋਧੀ ਧਿਰਾਂ ਲਈ ਇਹ ਇੱਕ ਚੁਣੌਤੀ ਹੈ ਕਿਉਂਕਿ ਉਨ੍ਹਾਂ ਨੂੰ ਆਪਣੀ ਰਣਨੀਤੀ ਬਦਲਣੀ ਪਵੇਗੀ ਤਾਂ ਜੋ ਮਹਿਲਾਵਾਂ ਵੋਟ ਗੁਆਉਣ ਤੋਂ ਬਚਿਆ ਜਾ ਸਕੇ। ਇਸ ਤੋਂ ਇਲਾਵਾ ਇਸ ਘਟਨਾ ਨਾਲ ਰਾਜਨੀਤੀ ਵਿੱਚ ਔਰਤਾਂ ਦੀ ਭਾਗੀਦਾਰੀ ਬਾਰੇ ਚਰਚਾ ਤੇਜ਼ ਹੋਈ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਇਹ ਬਿਲ ਸਿਰਫ਼ 33 ਫੀਸਦੀ ਰਾਖਵੀਆਂ ਸੀਟਾਂ ਤੱਕ ਸੀਮਤ ਨਹੀਂ, ਬਲਕਿ ਭਵਿੱਖ ਵਿੱਚ 50 ਫੀਸਦੀ ਵੱਲ ਵਧਾਅ ਵੀ ਹੋ ਸਕਦਾ ਹੈ। ਇਸ ਨਾਲ ਰਾਜਨੀਤੀ ਵਿੱਚ ਔਰਤਾਂ ਦੀ ਆਵਾਜ਼ ਮਜ਼ਬੂਤ ਹੋਵੇਗੀ ਅਤੇ ਨੀਤੀ ਨਿਰਮਾਣ ਵਿੱਚ ਉਨ੍ਹਾਂ ਦਾ ਯੋਗਦਾਨ ਵਧੇਗਾ। ਪਰ ਵਿਰੋਧੀਆਂ ਨੇ ਇਸ ਨੂੰ ਪ੍ਰਾਕਸੀ (ਪਤੀ ਜਾਂ ਪਰਿਵਾਰ ਵੱਲੋਂ ਚਲਾਈ ਜਾਣ ਵਾਲੀ) ਔਰਤਾਂ ਲਈ ਰਾਖਵੀਆਂ ਸੀਟਾਂ ਬਣਾਉਣ ਵਾਲਾ ਦੱਸਿਆ ਅਤੇ ਓਬੀਸੀ ਔਰਤਾਂ ਲਈ ਉਪ-ਰਾਖਵੀਆਂ ਦੀ ਮੰਗ ਉਠਾਈ।ਭਵਿੱਖ ਵਿੱਚ ਰਾਜਨੀਤਿਕ ਅਤੇ ਸਮਾਜਿਕ ਪ੍ਰਭਾਵ ਪ੍ਰਧਾਨ ਮੰਤਰੀ ਦੇ ਭਾਸ਼ਣ ਨੇ ਰਾਜਨੀਤਿਕ ਮੈਦਾਨ ਨੂੰ ਗਰਮਾ ਦਿੱਤਾ ਹੈ।

ਅੱਜ ਇਸ ਨਾਲ ਭਾਜਪਾ ਆਪਣੇ ਲਈ ਇੱਕ ਮਜ਼ਬੂਤ ਨੈਰੇਟਿਵ ਬਣਾ ਰਹੀ ਹੈ ਕਿ ਉਹ ਮਹਿਲਾਵਾਂ ਦੀ ਤਰੱਕੀ ਲਈ ਵਚਨਬੱਧ ਹੈ ਅਤੇ ਵਿਰੋਧੀ ਧਿਰਾਂ ਇਸ ਵਿੱਚ ਰੋੜ੍ਹਾ ਅਟਕਾਉਂਦੀਆਂ ਹਨ। ਆਉਣ ਵਾਲੀਆਂ ਰਾਜ ਵਿਧਾਨ ਸਭਾ ਚੋਣਾਂ ਅਤੇ 2029 ਦੀਆਂ ਲੋਕ ਸਭਾ ਚੋਣਾਂ ਵਿੱਚ ਇਹ ਮੁੱਦਾ ਭਾਜਪਾ ਲਈ ਫਾਇਦੇਮੰਦ ਸਾਬਤ ਹੋ ਸਕਦਾ ਹੈ।ਸਮਾਜਿਕ ਪੱਧਰ ਤੇ ਇਸ ਨਾਲ ਮਹਿਲਾਵਾਂ ਵਿੱਚ ਰਾਜਨੀਤੀ ਵੱਲ ਰੁਚੀ ਵਧੇਗੀ। ਪੰਚਾਇਤੀ ਰਾਜ ਵਿੱਚ 50 ਫੀਸਦੀ ਰਾਖਵੀਆਂ ਸੀਟਾਂ ਨਾਲ ਜੋ ਤਬਦੀਲੀ ਆਈ ਹੈ, ਉਸੇ ਤਰ੍ਹਾਂ ਰਾਸ਼ਟਰੀ ਪੱਧਰ ਤੇ ਵੀ ਔਰਤਾਂ ਨੂੰ ਰੋਲ ਮਾਡਲ ਬਣਨ ਦਾ ਮੌਕਾ ਮਿਲੇਗਾ। ਇਸ ਨਾਲ ਲਿੰਗ ਭੇਦਭਾਵ ਘਟਾਉਣ ਵਿੱਚ ਮਦਦ ਮਿਲੇਗੀ ਅਤੇ ਔਰਤਾਂ ਨਾਲ ਜੁੜੀਆਂ ਯੋਜਨਾਵਾਂ ਹੋਰ ਤੇਜ਼ੀ ਨਾਲ ਲਾਗੂ ਹੋਣਗੀਆਂ ਪਰ ਚੁਣੌਤੀਆਂ ਵੀ ਹਨ।

ਅੱਜ ਰਾਖਵੀਆਂ ਸੀਟਾਂ ਉੱਤੇ ਔਰਤਾਂ ਨੂੰ ਅਕਸਰ ਪ੍ਰਾਕਸੀ ਬਣਾਇਆ ਜਾ ਸਕਦਾ ਹੈ। ਇਸ ਲਈ ਔਰਤਾਂ ਨੂੰ ਰਾਜਨੀਤਿਕ ਟ੍ਰੇਨਿੰਗ ਅਤੇ ਆਰਥਿਕ ਸੁਤੰਤਰਤਾ ਦੇਣੀ ਜ਼ਰੂਰੀ ਹੈ। ਇਸ ਤੋਂ ਇਲਾਵਾ ਓਬੀਸੀ, ਐਸਸੀ/ਐਸਟੀ ਔਰਤਾਂ ਲਈ ਉਪ-ਰਾਖਵੀਆਂ ਦੀ ਮੰਗ ਵੀ ਉਠ ਸਕਦੀ ਹੈ।ਪ੍ਰਧਾਨ ਮੰਤਰੀ ਨੇ ਆਪਣੇ ਭਾਸ਼ਣ ਵਿੱਚ ਇਸ ਬਿਲ ਨੂੰ ਵਿਕਸਿਤ ਭਾਰਤ ਬਣਾਉਣ ਵਾਲਾ ਕਦਮ ਦੱਸਿਆ। ਉਨ੍ਹਾਂ ਕਿਹਾ ਕਿ ਮਹਿਲਾਵਾਂ ਬਿਨਾਂ ਭਾਰਤ ਅੱਗੇ ਨਹੀਂ ਵਧ ਸਕਦਾ। ਇਸ ਨਾਲ ਰਾਜਨੀਤੀ ਵਿੱਚ ਔਰਤਾਂ ਦੀ ਭਾਗੀਦਾਰੀ ਵਧੇਗੀ ਅਤੇ ਲੋਕਤੰਤਰ ਹੋਰ ਸਮਾਵੇਸ਼ੀ ਬਣੇਗਾ।

ਵਿਰੋਧੀ ਪਾਰਟੀਆਂ ਨੇ ਇਸ ਨੂੰ ਰੋਕਣ ਨਾਲ ਆਪਣੀ ਇੱਕ ਰਾਜਨੀਤਿਕ ਗਲਤੀ ਕੀਤੀ ਹੈ, ਜਿਸ ਦਾ ਖਾਤਮਾ ਉਨ੍ਹਾਂ ਨੂੰ ਚੋਣਾਂ ਵਿੱਚ ਭੁਗਤਣਾ ਪੈ ਸਕਦਾ ਹੈ।ਪ੍ਰਧਾਨ ਮੰਤਰੀ ਦਾ ਇਹ ਸੰਬੋਧਨ ਇੱਕ ਰਾਸ਼ਟਰੀ ਚਰਚਾ ਨੂੰ ਤੇਜ਼ ਕਰਨ ਵਾਲਾ ਰਿਹਾ ਹੈ। ਇਸ ਨੇ ਮਹਿਲਾਵਾਂ ਦੇ ਅਧਿਕਾਰਾਂ ਨੂੰ ਰਾਜਨੀਤੀ ਦੇ ਕੇਂਦਰ ਵਿੱਚ ਲਿਆਂਦਾ ਹੈ ਅਤੇ ਵਿਰੋਧੀ ਧਿਰਾਂ ਨੂੰ ਆਪਣੀ ਸਥਿਤੀ ਸਾਫ਼ ਕਰਨ ਲਈ ਮਜਬੂਰ ਕੀਤਾ ਹੈ। ਹੁਣ ਭਵਿੱਖ ਵਿੱਚ ਇਸ ਬਿਲ ਨੂੰ ਲਾਗੂ ਕਰਨ ਲਈ ਨਵੀਆਂ ਕੋਸ਼ਿਸ਼ਾਂ ਹੋਣਗੀਆਂ ਅਤੇ ਰਾਜਨੀਤੀ ਵਿੱਚ ਔਰਤਾਂ ਦੀ ਭੂਮਿਕਾ ਹੋਰ ਮਜ਼ਬੂਤ ਹੋਵੇਗੀ। ਇਹ ਇੱਕ ਇਤਿਹਾਸਕ ਘਟਨਾ ਹੈ ਜੋ ਭਾਰਤੀ ਲੋਕਤੰਤਰ ਨੂੰ ਨਵੀਂ ਦਿਸ਼ਾ ਦੇ ਸਕਦੀ ।

# ਵਿੱਦਿਅਕ ਪ੍ਰੀਖਿਆਵਾਂ ਦੀਆਂ ਉੱਚ ਮੈਰਿਟਾਂ ਵਿੱਚ ਅੰਬਰਾਂ ਨੂੰ ਛੂਹੰਦੀਆਂ ਸਾਡੀਆਂ ਬੇਟੀਆਂ



ਦਲਬੀਰ ਸਿੰਘ ਧਾਲੀਵਾਲ
86993-22704

**ਉਪਰੋਕਤ ਸਾਰੇ ਤੱਥ ਕੋਈ ਕਹੇ ਸੁਣੇ ਨਹੀਂ ਹਨ, ਸਗੋਂ ਇਨ੍ਹਾਂ ਦਿਨਾਂ ਵਿੱਚ ਹੀ ਆਏ ਵੱਖ ਵੱਖ ਪ੍ਰੀਖਿਆਵਾਂ ਦੇ ਨਸ਼ਰ ਹੋਏ ਨਤੀਜੇ ਇਹ ਸੱਚ ਬਿਆਨ ਕਰਦੇ ਹਨ, ਜਿਵੇਂ ਕਿ ਰਿਆਸਤੀ ਸ਼ਹਿਰ ਨਾਭਾ ਦੇ ਨੇੜਲੇ ਪਿੰਡ ਬਿਰੜਵਾਲ ਦੀ ਮੱਧ ਵਰਗੀ ਕਿਸਾਨੀ ਪਰਿਵਾਰ ਦੇ ਕੁਲਦੀਪ ਸਿੰਘ ਅਤੇ ਮਾਤਾ ਅਮਨਦੀਪ ਕੌਰ ਦੇ ਘਰ ਜਨਮੀ ਸਿਮਰਨਦੀਪ ਕੌਰ ਨੇ ਸਿਵਲ ਸੇਵਾਵਾਂ ਦੇ ਯੂ.ਪੀ.ਐਸ.ਪੀ. ਟੈਸਟ ਵਿੱਚੋਂ ਦੇਸ਼ ਦਾ ਪੰਦਰਵ੍ਹਾਂ ਅਤੇ ਪੰਜਾਬ ਵਿਚੋਂ ਪਹਿਲਾ ਸਥਾਨ ਹਾਸਲ ਕੀਤਾ ਹੈ, ਉਹ ਵੀ ਵਗੈਰ ਕਿਸੇ ਕੋਚਿੰਗ ਲੈਣ ਤੋਂ। ਇਨ੍ਹਾਂ ਸਿਵਲ ਸੇਵਾਵਾਂ ਪ੍ਰੀਖਿਆ ਵਿੱਚ ਉੱਚ ਮੈਰਿਟ 'ਤੇ ਆਉਣ ਵਾਲੀਆਂ ਧੀਆਂ ਪਿਛਲੇ ਸਾਲ ਵੀ ਖਬਰਾਂ ਵਿੱਚ ਛੱਪੀਆਂ ਸਨ, ਜਿਨ੍ਹਾਂ ਵਿੱਚ ਕਈ ਗਰੀਬ ਘਰਾਂ (ਦਲਿਤ ਪਰਿਵਾਰਾਂ ਦੀਆਂ ਬੇਟੀਆਂ) ਵੀ ਸਨ।**

ਸਾਨੂੰ ਇਸ ਗੱਲ 'ਤੇ ਅਤਿ ਫ਼ਖ਼ਰ ਹੋਣਾ ਚਾਹੀਦਾ ਹੈ ਕਿ ਜਿਨ੍ਹਾਂ ਧੀਆਂ ਨੂੰ ਕਦੇ ਘਰ ਦੀ ਚਾਰਦੀਵਾਰੀ ਵਿੱਚ ਬੰਦ ਰੱਖ ਕੇ ਉਨ੍ਹਾਂ ਦੀ ਯੋਗਤਾ ਨੂੰ ਉਜਾਗਰ ਨਹੀਂ ਹੋਣ ਦਿੱਤਾ ਜਾਂਦਾ ਸੀ, ਅੱਜ 21ਵੀਂ ਸਦੀ ਦੇ ਆਧੁਨਿਕ ਯੁੱਗ ਵਿੱਚ ਇਨ੍ਹਾਂ ਬੇਟੀਆਂ ਨੂੰ ਯੋਗਤਾ ਵਿਖਾਉਣ ਦਾ ਮੌਕਾ ਮਿਲਣ 'ਤੇ ਇਹ ਅੱਜ ਔਖੇ ਪ੍ਰਸ਼ਾਸਨਿਕ (ਸਿਵਲ ਸੇਵਾਵਾਂ) ਅਤੇ ਹੋਰ ਪ੍ਰੀਖਿਆਵਾਂ ਵਿੱਚੋਂ ਅੱਵਲ ਆ ਰਹੀਆਂ ਹਨ, ਜਿਵੇਂ ਕਿ ਪੰਜਾਬ ਸਕੂਲ ਸਿੱਖਿਆ ਦੀ ਪ੍ਰੀਖਿਆ ਵਿੱਚੋਂ ਮੈਰਿਟ ਵਿੱਚ ਉੱਚੀਆਂ ਪੁਜ਼ੀਸਨਾਂ ਹਾਸਲ ਕੀਤੀਆਂ, ਜੋ ਦੱਸਦਾ ਹੈ ਕਿ ਜੇ ਇਨ੍ਹਾਂ ਬੱਚੀਆਂ ਨੂੰ ਮੌਕਾ ਦਿੱਤਾ ਜਾਵੇ ਤਾਂ ਉੱਚ ਵਿੱਦਿਆ ਦੇ ਅੰਬਰ ਜ਼ਰੂਰ ਛੂਹਣਗੀਆਂ। ਇਹ ਸਭ ਨੂੰ ਦੇਖ ਕੇ ਸਾਡੇ ਸਮਾਜ ਦੇ ਉਹ ਲੋਕ ਅੱਜ ਆਪਣੇ ਆਪ ਨੂੰ ਕੋਸ ਰਹੇ ਹਨ ਜੋ ਸੋਚਦੇ ਸਨ ਕਿ ਇਨ੍ਹਾਂ ਲੜਕੀਆਂ ਨੇ ਤਾਂ ਵਿਆਹ ਤੋਂ ਬਾਅਦ ਅਗਲੇ ਘਰ ਹੀ ਚਲੇ ਜਾਣਾ ਹੈ, ਇਨ੍ਹਾਂ ਨੂੰ ਇੰਨੀ ਆਜ਼ਾਦੀ ਅਤੇ ਵਿੱਦਿਆ ਦੇ ਕੇ ਕੀ ਕਰਨਾ ਹੈ। ਪਰ ਇਹ ਸਭ ਕੁੱਝ ਦੇਖ ਕੇ ਇਨ੍ਹਾਂ ਲੋਕਾਂ ਦੀ ਧਾਰਨਾ ਬਦਲ ਗਈ ਹੈ। ਕਿਉਂਕਿ ਅਜਿਹੇ ਲੋਕ ਚਾਹੁੰਦੇ ਸਨ, ਕਿ ਉਨ੍ਹਾਂ ਦੀ ਨੂੰਹ ਹੁਣ ਪੁੱਤ ਹੀ ਜੰਮੇ, ਪਰ ਅੱਜ ਦੇਖਿਆ ਜਾ ਰਿਹਾ ਹੈ ਕਿ ਕਈ ਮਾਪਿਆਂ ਦੇ ਪੁੱਤ ਅੱਜ ਲੋੜ ਤੋਂ ਵੱਧ ਆਜ਼ਾਦੀ ਮਿਲਣ 'ਤੇ ਭੈੜੀਆਂ ਆਦਤਾਂ ਅਤੇ ਭੈੜੀਆਂ ਸੰਗਤਾਂ ਵਿੱਚ ਫਸ ਕੇ ਨਸ਼ਿਆਂ ਤੇ ਹੋਰ ਗੰਦੇ ਕੰਮਾਂ ਵਿੱਚ ਵੜਕੇ ਮਾਂ ਪਿਓ ਦਾ ਨਾਮ ਬਦਨਾਮ ਕਰ ਰਹੇ ਹਨ ਅਤੇ ਕਈ ਥਾਂਈ ਬਜ਼ੁਰਗ ਮਾਂ ਬਾਪ ਦਾ ਸਹਾਰਾ ਵੀ ਨਾ ਬਣ ਕੇ ਬੁੱਢੇ ਮਾਪਿਆਂ ਨੂੰ ਬਿਰਧ ਆਸ਼ਰਮਾਂ ਵਿੱਚ ਛੱਡਣ ਤੱਕ ਪਹੁੰਚ ਜਾਂਦੇ ਹਨ, ਜਦੋਂ ਕਿ ਧੀਆਂ ਮਾਂ ਬਾਪ ਨਾਲ ਵਫਾਦਾਰ ਰਹਿੰਦੀਆਂ ਹਨ ਤੇ ਮਾਂ ਬਾਪ ਦਾ ਨਾਮ ਵੀ ਚਮਕਾਉਂਦੀਆਂ ਹਨ ਅਤੇ ਇਸ ਦੇ ਨਾਲ ਹੀ ਬੁਢਾਪੇ ਵਿੱਚ ਮਾਂ ਪਿਓ ਦਾ ਸਾਥ ਦਿੰਦੀਆਂ ਹਨ।

ਉਪਰੋਕਤ ਸਭ ਨਾਲ ਕਈ ਪਿਛਾਂਹ ਖਿੱਚੂ ਲੋਕਾਂ ਦੀ ਸੋਚ ਵੀ ਹੁਣ ਬਦਲ ਕੇ ਅਜਿਹੀ ਬਣ ਗਈ ਹੈ ਕਿ: ਧੀਆਂ ਤਾਂ ਰੱਬ ਦਾ ਰੂਪ ਹੁੰਦੀਆਂ, ਇਹ ਭੁੱਲ ਕਿਉਂ ਜਾਵਣ ਲੋਕੀ, ਧੀ ਜੰਮੀ ਹਾਏ ਪੱਥਰ ਜੰਮਿਆਂ, ਹਾਲ ਦੁਹਾਈ ਕਿਉਂ ਪਾਵਣ ਲੋਕੀ,

ਪੂਜ ਕੇ ਕੰਚਕਾਂ ਭਲਾ ਕਿਵੇਂ ਮੰਗਦੇ, ਪੁੱਤਰਾਂ ਨੂੰ ਹੀ ਚਾਵਣ ਲੋਕੀ,

ਉਪਰੋਕਤ ਸਾਰੇ ਤੱਥ ਕੋਈ ਕਹੇ ਸੁਣੇ ਨਹੀਂ ਹਨ, ਸਗੋਂ ਇਨ੍ਹਾਂ ਦਿਨਾਂ ਵਿੱਚ ਹੀ ਆਏ ਵੱਖ ਵੱਖ ਪ੍ਰੀਖਿਆਵਾਂ ਦੇ ਨਸ਼ਰ ਹੋਏ ਨਤੀਜੇ ਇਹ ਸੱਚ ਬਿਆਨ ਕਰਦੇ ਹਨ, ਜਿਵੇਂ ਕਿ ਰਿਆਸਤੀ ਸ਼ਹਿਰ ਨਾਭਾ ਦੇ ਨੇੜਲੇ ਪਿੰਡ ਬਿਰੜਵਾਲ ਦੀ ਮੱਧ ਵਰਗੀ ਕਿਸਾਨੀ ਪਰਿਵਾਰ ਦੇ ਕੁਲਦੀਪ ਸਿੰਘ ਅਤੇ ਮਾਤਾ ਅਮਨਦੀਪ ਕੌਰ ਦੇ ਘਰ ਜਨਮੀ ਸਿਮਰਨਦੀਪ ਕੌਰ ਨੇ ਸਿਵਲ ਸੇਵਾਵਾਂ ਦੇ ਯੂ.ਪੀ.ਐਸ.ਪੀ. ਟੈਸਟ ਵਿੱਚੋਂ ਦੇਸ਼ ਦਾ ਪੰਦਰਵ੍ਹਾਂ ਅਤੇ ਪੰਜਾਬ ਵਿਚੋਂ ਪਹਿਲਾ ਸਥਾਨ ਹਾਸਲ ਕੀਤਾ ਹੈ, ਉਹ ਵੀ ਵਗੈਰ ਕਿਸੇ ਕੋਚਿੰਗ ਲੈਣ ਤੋਂ। ਇਨ੍ਹਾਂ ਸਿਵਲ ਸੇਵਾਵਾਂ ਪ੍ਰੀਖਿਆ ਵਿੱਚ ਉੱਚ ਮੈਰਿਟ 'ਤੇ ਆਉਣ ਵਾਲੀਆਂ ਧੀਆਂ ਪਿਛਲੇ ਸਾਲ ਵੀ ਖਬਰਾਂ ਵਿੱਚ ਛੱਪੀਆਂ ਸਨ, ਜਿਨ੍ਹਾਂ ਵਿੱਚ ਕਈ ਗਰੀਬ ਘਰਾਂ (ਦਲਿਤ ਪਰਿਵਾਰਾਂ ਦੀਆਂ ਬੇਟੀਆਂ) ਵੀ ਸਨ। ਇਸ ਤੋਂ ਇਲਾਵਾ ਇਨ੍ਹੀਂ ਦਿਨੀਂ ਆਪਣੇ ਇਸ ਖੇਤਰ ਦੇ ਮੁੱਢਲੇ ਭਵਿੱਖ ਨੂੰ ਅੱਗੇ ਚਮਕਾਉਣ ਲਈ ਪੰਜਾਬ ਸਕੂਲ ਸਿੱਖਿਆ ਬੋਰਡ ਵਿੱਚੋਂ ਅੱਵਲ ਆਈਆਂ ਬੇਟੀਆਂ ਵੀ ਕਈ ਸਧਾਰਨ ਪਰਿਵਾਰਾਂ ਵਿੱਚੋਂ ਹੀ ਹਨ, ਜਿਨ੍ਹਾਂ ਨੇ ਮੁੰਡਿਆਂ ਨੂੰ ਵੀ ਪਿੱਛੇ ਛੱਡ ਦਿੱਤਾ ਹੈ। ਮਿਸਾਲ ਵਜੋਂ ਅੱਠਵ੍ਹੀਂ ਦੀ ਪ੍ਰੀਖਿਆ 'ਚੋਂ ਪਾਸ ਹੋਈਆਂ ਲੜਕੀਆਂ ਵਿੱਚੋਂ ਜੈਤੋ ਦੀ ਤਮੰਨਾ 100 ਫੀਸਦੀ ਅੰਕਾਂ ਨਾਲ ਸੂਬੇ ਵਿੱਚ ਪਹਿਲੇ ਸਥਾਨ 'ਤੇ ਆਈ, ਸੰਗਰੂਰ ਦੀ ਜਪਨੀਤ ਕੌਰ 99.67# ਅੰਕ ਲੈ ਕੇ ਦੂਜੇ ਸਥਾਨ ਅਤੇ ਫਰੀਦਕੋਟ ਦੇ ਕੋਟ ਸੁਖੀਆ ਸਕੂਲ ਦੀ ਜਸ਼ਨਦੀਪ ਕੌਰ ਤੀਜੇ ਸਥਾਨ 'ਤੇ ਰਹੀ ਹੈ।ਹੁਣ ਸੀ.ਬੀ.ਐਸ.ਈ. 10ਵੀਂ ਦੇ ਆਏ ਨਤੀਜਿਆਂ ਵਿੱਚ ਵੀ ਕੁੜੀਆਂ ਮੋਹਰੀ ਰਹੀਆਂ ਹਨ, ਪਰ ਫਾਜ਼ਿਲਕਾ ਦਾ ਇੱਕ ਲੜਕਾ ਵੇਰਵ ਅਰੋੜਾ 500 ਵਿੱਚੋਂ 500 ਅੰਕ ਲੈ ਕੇ ਦੇਸ਼ ਭਰ ਤੋਂ ਅੱਵਲ ਰਿਹਾ ਹੈ। ਜ਼ਿਕਰਯੋਗ ਹੈ ਕਿ ਜਿਹੜੇ ਉਪਰੋਕਤ ਸ਼ਹਿਰਾਂ ਦੇ ਬੱਚੇ ਮੈਰਿਟ ਵਿੱਚ ਆਏ ਹਨ ਇਹ ਇਲਾਕੇ ਜਿਵੇਂ ਕਿ ਬਠਿੰਡਾ, ਮੁਕਤਸਰ, ਫਰੀਦਕੋਟ, ਫਾਜ਼ਿਲਕਾ ਆਦਿ ਪੱਛੜੇ ਹੋਏ ਹੀ ਗਿਣੇ ਜਾਂਦੇ ਹਨ, ਹੋਰ ਵੱਡੇ ਵਿਕਸਤ ਸ਼ਹਿਰਾਂ ਪਟਿਆਲਾ, ਚੰਡੀਗੜ੍ਹ, ਲੁਧਿਆਣਾ ਆਦਿ ਸ਼ਹਿਰਾਂ ਦੇ ਮੁਕਾਬਲੇ, ਪਰ ਇਸ ਦੇ ਬਾਵਜੂਦ ਸਧਾਰਨ ਇਲਾਕੇ ਦੇ ਬੱਚੇ ਫਿਰ ਵੀ ਉੱਚ ਮੈਰਿਟ ਵਿੱਚ ਆ ਰਹੇ ਹਨ। ਇੱਥੇ ਗਿਆਨੀ ਸੰਤ ਸਿੰਘ ਜੀ ਮਸਕੀਨ ਦਾ ਇਹ ਕਥਨ ਯਾਦ ਆ ਰਿਹਾ ਹੈ ਕਿ ਜਦੋਂ ਕੋਈ ਇਨਸਾਨ ਵੱਡਾ ਉੱਚ ਗਿਆਨ ਪ੍ਰਾਪਤ ਕਰ ਲੈਂਦਾ ਹੈ ਤਾਂ ਉਹ ਕਈ ਵਾਰੀ ਹੰਕਾਰੀ ਹੋ ਜਾਂਦਾ ਹੈ। ਬਿਲਕੁੱਲ ਜਾਪਦਾ ਹੈ ਕਿ ਆਪਣੇ ਆਪ ਨੂੰ ਵਿਕਸਤ ਇਲਾਕਿਆਂ ਦੇ ਕਹਾਉਣ ਵਾਲੇ ਬੱਚੇ ਇਹ ਸੋਚਦੇ ਹੋਣ ਕਿ ਅਸੀਂ ਤਾਂ ਬਹੁਤ ਮਹਿੰਗੀ ਪੜ੍ਹਾਈ ਕਰ ਰਹੇ ਹਾਂ ਅਸੀਂ ਤਾਂ ਮੈਰਿਟ ਵਿੱਚ ਆ ਹੀ ਜਾਣਾ ਹੈ, ਪਰ ਪੱਛੜੇ ਇਲਾਕਿਆਂ ਦੇ ਬੱਚੇ ਅਤੇ ਉਨ੍ਹਾਂ ਦੇ ਮਾਂ ਬਾਪ ਉਨ੍ਹਾਂ ਨੂੰ ਸਖ਼ਤ ਮਿਹਨਤ ਕਰਵਾਉਂਦੇ ਹਨ, ਜਿਸ ਦਾ ਉਨ੍ਹਾਂ ਨੂੰ ਮਿੱਠਾ ਫਲ ਤਾਂ ਮਿਲਣਾ ਹੀ ਹੈ, ਕਿਉਂਕਿ ਉਹ ਪੈਰ ਨਹੀਂ ਛੱਡਦੇ ਜ਼ਮੀਨੀ ਪੱਧਰ 'ਤੇ ਰਹਿ ਕੇ ਹੀ ਮਿਹਨਤ ਕਰਦੇ ਹਨ, ਜੇ ਬੇਟੀਆਂ ਦੀ ਯੋਗਤਾ 'ਤੇ ਹੋਰ ਇਤਿਹਾਸਿਕ ਪੜਚੋਲ ਕਰੀਏ ਤਾਂ ਸਾਡੀਆਂ ਨਾਰੀਆਂ ਦਾ ਸਿੱਖ ਇਤਿਹਾਸ ਵਿੱਚ ਮਾਈ ਭਾਗੋ ਅਤੇ ਬੀਬੀ ਸ਼ਰਨ ਕੌਰ ਵਜੋਂ, ਪੁਲਾੜ ਦੇ ਖੇਤਰ ਵਿੱਚ ਕਲਪਨਾ ਚਾਵਲਾ ਦੇ ਨਾਲ ਹੁਣ ਹੋਰ ਇਤਿਹਾਸ ਵੀ ਬਣਿਆ ਹੈ, ਖੇਡਾਂ ਦੇ ਖੇਤਰ ਵਿੱਚ ਪੀ.ਟੀ.ਊਸ਼ਾ, ਪੀ.ਵੀ. ਸੰਧੂ ਅਤੇ ਹੋਰ ਵੀ ਕਈ ਲੜਕੀਆਂ ਇਸ ਖੇਤਰ ਵਿੱਚ ਅੱਜ ਚਮਕੀਆਂ ਹਨ। ਇਸੇ ਕਰਕੇ ਹੀ ਸ਼ਾਇਦ ਸਾਡੀਆਂ ਬੇਟੀਆਂ ਅੱਜ ਪੂਰੀ ਲਗਨ ਨਾਲ ਸੰਘਰਸ਼ ਕਰ ਰਹੀਆਂ ਹਨ ਜਿਨ੍ਹਾਂ ਦੇ ਦਿਲੋਂ ਇਹ ਅਵਾਜ਼ ਆ ਰਹੀ ਹੈ :

ਨਾ ਮੈਂ ਮੋਮ ਦੀ ਗੁਡੀਆ, ਨਾ ਕੋਈ ਵਸਤੂ, ਨਾ ਹੀ ਪੁਕਾਰ ਹਾਂ,

ਸਗੋਂ ਮੈਂ ਤਾਂ ਬਨੇਰਿਆਂ ਉੱਤੇ ਜਗ ਰਹੀ ਹਨੇਰਿਆਂ ਲਈ ਇਕ ਮਿਸ਼ਾਲ ਹਾਂ

ਇਹ ਬੇਟੀਆਂ ਆਪਣੀਆਂ ਦੂਜੀਆਂ ਵਿਦਿਆਰਥਣ ਸਾਥੀਆਂ ਨੂੰ ਹੱਲਾਸ਼ੇਰੀ ਵੀ ਦੇ ਰਹੀਆਂ ਹਨ ਕਿ ਅੱਗੇ ਵੱਧਦੇ ਚੱਲੋ ਮਿੱਠਾ ਫਲ ਜ਼ਰੂਰ ਮਿਲੇਗਾ, ਜਿਵੇਂ ਕਿ :

ਕਾਫਲਾ ਰੁਕਣ ਨਹੀਂ ਦੇਣਾ, ਜਦੋਂ ਤੱਕ ਜਾਨ ਬਾਕੀ ਹੈ,

ਹਰ ਮੋੜ ਤੇ ਸਲੀਬਾਂ, ਹਰ ਪੈਰ ਤੇ ਹਨੇਰਾ,

ਆਪਾਂ ਚਲਦੇ ਜਾਣਾ ਨਹਿਓਂ ਛੱਡਣਾ ਜੇਰਾ,

ਅਜੇ ਤਾਂ ਆਪਣੇ ਸੁਪਨਿਆਂ ਦੀ ਆਉਣ ਪ੍ਰਭਾਤ ਬਾਕੀ ਹੈ,

ਮਿਸ਼ਾਲਾ ਬਾਲ ਕੇ ਚੱਲਣਾ ਜਦੋਂ ਤੱਕ ਜਾਨ ਬਾਕੀ ਹੈ .

ਸੋ ਸਾਡੀਆਂ ਸਭਨਾਂ ਬੇਟੀਆਂ ਨੂੰ ਇੰਨ੍ਹਾਂ ਉਪਰੋਕਤ ਸਫਲਤਾਵਾਂ ਤੋਂ ਪ੍ਰੇਰਨਾ ਜ਼ਰੂਰੀ ਲੈਣੀ ਚਾਹੀਦੀ ਹੈ।

# ਨਾਰੀ ਸ਼ਕਤੀ ਵੰਦਨ ਅਧਿਨਿਯਮ: ਭਾਰਤੀ ਲੋਕਤੰਤਰ ਤੇ ਮਹਿਲਾ ਸ਼ਸ਼ਕਤੀਕਰਨ ਦਾ ਨਵਾਂ ਯੁੱਗ

ਡਾ. ਕ੍ਰਿਸ਼ਨ ਲਾਲ

ਭਾਰਤੀ ਸੱਭਿਅਤਾ ਦੇ ਹਜ਼ਾਰਾਂ ਸਾਲਾਂ ਦੇ ਇਤਿਹਾਸ ਵਿੱਚ ਨਾਰੀ ਹਮੇਸ਼ਾ ਸਿਰਜਣਾ, ਸ਼ਕਤੀ ਅਤੇ ਚੇਤਨਾ ਦਾ ਸਦੀਵੀ ਕੇਂਦਰ ਰਹੀ ਹੈ। ਸਾਡੀ ਮਹਾਨ ਸਨਾਤਨ ਸੰਸਕ੍ਰਿਤੀ ਨੇ 'ਯਤਰ ਨਾਰਯਸਤੂ ਪੂਜਯੰਤੇ, ਰਮੰਤੇ ਤਤਰ ਦੇਵਤਾ ਦੇ ਉਦਘੋਸ਼ ਨਾਲ ਯੁੱਗਾਂ ਪਹਿਲਾਂ ਇਹ ਸਪੱਸ਼ਟ ਕਰ ਦਿੱਤਾ ਸੀ, ਕਿ ਜਿਸ ਸਮਾਜ ਵਿੱਚ ਇਸਤਰੀ ਦਾ ਸਤਿਕਾਰ ਅਤੇ ਉਸ ਦੀ ਮਰਿਆਦਾ ਬਰਕਰਾਰ ਰਹਿੰਦੀ ਹੈ, ਉੱਥੇ ਹੀ ਖੁਸ਼ਹਾਲੀ ਦਾ ਵਾਸ ਹੁੰਦਾ ਹੈ। ਨਾਰੀ ਨੂੰ ਪਰਿਵਾਰ ਦੀ ਧੁਰੀ, ਸੰਸਕਾਰਾਂ ਦੀ ਵਾਹਕ ਅਤੇ ਸਮਾਜ ਦੀ ਦਿਸ਼ਾ ਨਿਰਧਾਰਤ ਕਰਨ ਵਾਲੀ ਸ਼ਕਤੀ ਵਜੋਂ ਹਮੇਸ਼ਾ ਮਾਣ ਮਿਲਿਆ ਹੈ। ਰਾਣੀ ਲਕਸ਼ਮੀਬਾਈ ਦੀ ਬਹਾਦਰੀ, ਮਾਤਾ ਜੀਜਾਬਾਈ ਦੀ ਦੂਰਅੰਦੇਸ਼ੀ, ਸਾਵਿਤਰੀਬਾਈ ਫੂਲੇ ਦੇ ਸਮਾਜਿਕ ਸੁਧਾਰ ਅਤੇ ਆਧੁਨਿਕ ਭਾਰਤ ਵਿੱਚ ਕਲਪਨਾ ਚਾਵਲਾ ਦੀ ਪੁਲਾੜ ਯਾਤਰਾ ਵਰਗੀਆਂ ਉਦਾਹਰਣਾਂ ਗਵਾਹ ਹਨ, ਕਿ ਭਾਰਤੀ ਨਾਰੀ ਸਿਰਫ ਪ੍ਰੇਰਨਾ ਦਾ ਸਰੋਤ ਹੀ ਨਹੀਂ, ਸਗੋਂ ਪਰਿਵਰਤਨ ਦੀ ਮੋਹਰੀ ਵੀ ਰਹੀ ਹੈ।

ਭਾਰਤ ਦੇ ਸੰਵਿਧਾਨਕ ਇਤਿਹਾਸ ਵਿੱਚ 'ਨਾਰੀ ਸ਼ਕਤੀ ਵੰਦਨ ਅਧਿਨਿਯਮ' ਦਾ ਪਾਸ ਹੋਣਾ ਮਹਿਜ਼ ਇੱਕ ਕਾਨੂੰਨੀ ਪ੍ਰਕਿਰਿਆ ਨਹੀਂ, ਸਗੋਂ ਇੱਕ ਨਵੇਂ ਯੁੱਗ ਦਾ ਆਗਾਜ਼ ਹੈ। ਮਹਿਲਾ ਰਾਖਵੇਂਕਰਨ ਬਿੱਲ ਦੀ ਯਾਤਰਾ ਲੱਗਭੱਗ ਸਤਾਈ ਸਾਲ ਪਹਿਲਾਂ 1996 ਵਿੱਚ ਸ਼ੁਰੂ ਹੋਈ ਸੀ। ਰਾਜਨੀਤਿਕ ਸਹਿਮਤੀ ਦੀ ਘਾਟ ਕਾਰਨ ਇਹ ਦਹਾਕਿਆਂ ਤੱਕ ਲਟਕਦਾ ਰਿਹਾ, ਪਰ ਸਾਲ 2023 ਵਿੱਚ ਨਵੇਂ ਸੰਸਦ ਭਵਨ ਦੇ ਪਹਿਲੇ ਵਿਸ਼ੇਸ਼ ਸੈਸ਼ਨ ਦੌਰਾਨ ਇਸ ਨੇ ਹਕੀਕਤ ਦਾ ਰੂਪ ਧਾਰਿਆ। ਇਹ ਕਾਨੂੰਨ ਦੇਸ਼ ਦੀ ਅੱਧੀ ਆਬਾਦੀ ਨੂੰ ਸੱਤਾ ਦੇ ਸਿਖਰਲੇ ਫੈਸਲਿਆਂ ਵਿੱਚ ਭਾਗੀਦਾਰ ਬਣਾਉਣ ਵਾਲਾ ਇੱਕ ਕ੍ਰਾਂਤੀਕਾਰੀ ਦਸਤਾਵੇਜ਼ ਹੈ। ਇਸ ਰਾਹੀਂ ਭਾਰਤ ਨੇ ਨਾ ਸਿਰਫ਼ ਮਹਿਲਾ ਸਸ਼ਕਤੀਕਰਨ ਨੂੰ ਸੰਵਿਧਾਨਕ ਮਾਨਤਾ ਦਿੱਤੀ ਹੈ, ਸਗੋਂ ਵਿਸ਼ਵ ਪੱਧਰ 'ਤੇ ਲਿੰਗ-ਸਮਾਨਤਾ ਪ੍ਰਤੀ ਆਪਣੀ ਦ੍ਰਿੜ੍ਹ ਵਚਨਬੱਧਤਾ ਦਾ ਲੋਹਾ ਵੀ ਮੰਨਵਾਇਆ ਹੈ।

ਇਸ ਇਤਿਹਾਸਕ ਅਧਿਨਿਯਮ ਤਹਿਤ ਸੰਵਿਧਾਨ ਵਿੱਚ ਵਿਸ਼ੇਸ਼ ਸੋਧ ਕਰਕੇ ਲੋਕ ਸਭਾ, ਰਾਜਾਂ ਦੀਆਂ ਵਿਧਾਨ ਸਭਾਵਾਂ ਅਤੇ ਦਿੱਲੀ ਵਿਧਾਨ ਸਭਾ ਵਿੱਚ ਔਰਤਾਂ ਲਈ 33 ਪ੍ਰਤੀਸ਼ਤ (ਇੱਕ-ਤਿਹਾਈ) ਸੀਟਾਂ ਰਾਖਵੀਆਂ ਕੀਤੀਆਂ ਗਈਆਂ ਹਨ। 131ਵੇਂ ਸੰਵਿਧਾਨਕ ਸੋਧ ਬਿੱਲ ਅਨੁਸਾਰ ਲੋਕ ਸਭਾ ਦੀਆਂ ਸੀਟਾਂ ਦੀ ਗਿਣਤੀ ਵਧਾ ਕੇ 850 ਕਰਨ ਦਾ ਪ੍ਰਸਤਾਵ ਹੈ, ਜਿਸ ਵਿੱਚੋਂ ਲੱਗਭੱਗ 273 ਸੀਟਾਂ ਔਰਤਾਂ ਲਈ ਰਾਖਵੀਆਂ ਹੋਣਗੀਆਂ। ਪੰਜਾਬ ਵਿਧਾਨ ਸਭਾ ਦੀਆਂ ਸੀਟਾਂ ਵੀ 117 ਤੋਂ ਵੱਧ ਕੇ 140 ਅਤੇ ਲੋਕ ਸਭਾ ਸੀਟਾਂ 13 ਤੋਂ ਵੱਧ ਕੇ 18 ਹੋ ਜਾਣਗੀਆਂ। ਇਸ ਵਿਵਸਥਾ ਦੀ ਖ਼ਾਸੀਅਤ ਇਹ ਹੈ ਕਿ ਅਨੁਸੂਚਿਤ ਜਾਤੀਆਂ ਅਤੇ ਕਬੀਲਿਆਂ ਲਈ ਰਾਖਵੀਆਂ ਸੀਟਾਂ ਦੇ ਅੰਦਰ ਹੀ ਔਰਤਾਂ ਲਈ ਕੋਟਾ ਨਿਰਧਾਰਤ ਕੀਤਾ ਗਿਆ ਹੈ, ਤਾਂ ਜੋ ਸਮਾਜ ਦੇ ਹਰ ਵਰਗ ਦੀ ਔਰਤ ਨੂੰ ਬਰਾਬਰ ਹਿੱਸੇਦਾਰੀ ਮਿਲੇ। ਡੀਲਿਮੀਟੇਸ਼ਨ ਕਮਿਸ਼ਨ ਦੀ ਕਾਰਵਾਈ ਤੋਂ ਬਾਅਦ ਇਸ ਨੂੰ 2029 ਤੱਕ ਲਾਗੂ ਕਰਨ ਦਾ ਟੀਚਾ ਮਿੱਥਿਆ ਗਿਆ ਹੈ।

ਨਾਰੀ ਸ਼ਕਤੀ ਵੰਦਨ ਦੀ ਇਸ ਲਹਿਰ ਨੂੰ ਮਜ਼ਬੂਤੀ ਦੇਣ ਲਈ ਕੇਂਦਰ ਅਤੇ ਰਾਜ ਸਰਕਾਰਾਂ ਨੇ ਕਈ ਦੂਰਗਾਮੀ ਯੋਜਨਾਵਾਂ ਲਾਗੂ ਕੀਤੀਆਂ ਹਨ। 'ਸੁਕੰਨਿਆ ਸਮ੍ਰਿਧੀ ਯੋਜਨਾ' ਅਧੀਨ 4.6 ਕਰੋੜ ਤੋਂ ਵੱਧ ਖਾਤੇ ਖੋਲ੍ਹ ਕੇ ਧੀਆਂ ਦੇ ਭਵਿੱਖ ਨੂੰ ਆਰਥਿਕ ਸੁਰੱਖਿਆ ਦਿੱਤੀ ਗਈ ਹੈ। ਬਜਟ 2026-27 ਵਿੱਚ 'ਲੱਖਪਤੀ ਦੀਦੀ' ਯੋਜਨਾ ਰਾਹੀਂ 20 ਲੱਖ ਔਰਤਾਂ ਨੂੰ ਸਿਖਲਾਈ ਦਿੱਤੀ ਗਈ ਹੈ ਅਤੇ ਵਿਆਜ ਸਬਸਿਡੀ ਵਾਲੇ ਕਰਜ਼ੇ ਦੀ ਹੱਦ 1.5 ਲੱਖ ਰੁਪਏ ਤੱਕ ਵਧਾਈ ਗਈ ਹੈ। ਮੁੱਖ ਮੰਤਰੀ ਨਾਰੀ ਸ਼ਕਤੀ ਉੱਦਮ ਪ੍ਰੋਤਸਾਹਨ ਯੋਜਨਾ ਤਹਿਤ ਕਰਜ਼ੇ ਦੀ ਸੀਮਾ 1 ਕਰੋੜ ਰੁਪਏ ਤੱਕ ਕਰ ਦਿੱਤੀ ਗਈ ਹੈ। ਉੱਜਵਲਾ ਯੋਜਨਾ, ਸਵੱਛ ਭਾਰਤ ਮਿਸ਼ਨ ਅਤੇ ਜਲ ਜੀਵਨ ਮਿਸ਼ਨ ਨੇ ਔਰਤਾਂ ਦੇ ਜੀਵਨ ਵਿੱਚੋਂ ਧੂਏਂ, ਅਸੁਰੱਖਿਆ ਅਤੇ ਪਾਣੀ ਦੀ ਕਿੱਲਤ ਵਰਗੀਆਂ ਸਮੱਸਿਆਵਾਂ ਨੂੰ ਖ਼ਤਮ ਕਰਕੇ ਉਨ੍ਹਾਂ ਦੇ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਕੀਤਾ ਹੈ।

ਵਿਧਾਨਿਕ ਸੰਸਥਾਵਾਂ ਵਿੱਚ ਔਰਤਾਂ ਦੀ ਵਧਦੀ ਸ਼ਮੂਲੀਅਤ ਮਹਿਲਾ ਸੁਰੱਖਿਆ ਨਾਲ ਸਬੰਧਿਤ ਕਾਨੂੰਨਾਂ ਨੂੰ ਵਧੇਰੇ ਮਜ਼ਬੂਤ ਤੇ ਸੰਵੇਦਨਸ਼ੀਲ ਬਣਾਏਗੀ। ਜਦੋਂ ਔਰਤਾਂ ਖੁਦ ਕਾਨੂੰਨ ਨਿਰਮਾਤਾ ਬਣਨਗੀਆਂ, ਤਾਂ ਕੰਮਕਾਜੀ ਥਾਵਾਂ 'ਤੇ ਵਿਤਕਰੇ ਅਤੇ 'ਡਿਜੀਟਲ ਅਧਿਕਾਰਾਂ' ਵਰਗੇ ਆਧੁਨਿਕ ਮੁੱਦਿਆਂ 'ਤੇ ਆਵਾਜ਼ ਵਧੇਰੇ ਬੁਲੰਦ ਹੋਵੇਗੀ। ਇਹ ਬਦਲਾਅ ਸਮਾਜਿਕ ਢਾਂਚੇ ਵਿੱਚ ਇੱਕ ਅਜਿਹੀ ਚੇਤਨਾ ਪੈਦਾ ਕਰੇਗਾ, ਜਿੱਥੇ ਔਰਤਾਂ ਦੇ 'ਡਿਜੀਟਲ ਸਨਮਾਨ' ਅਤੇ ਨਿੱਜੀ ਸੁਰੱਖਿਆ ਨੂੰ ਮੁੱਢਲੀ ਤਰਜੀਹ ਮੰਨਿਆ ਜਾਵੇਗਾ। ਤਿੰਨ ਤਲਾਕ ਵਰਗੀਆਂ ਕੁਰੀਤੀਆਂ ਦਾ ਖ਼ਾਤਮਾ ਅਤੇ 'ਮਿਸ਼ਨ ਸ਼ਕਤੀ' ਵਰਗੀਆਂ ਪਹਿਲਕਦਮੀਆਂ ਪਹਿਲਾਂ ਹੀ ਔਰਤਾਂ ਵਿੱਚ ਆਤਮ-ਵਿਸ਼ਵਾਸ ਪੈਦਾ ਕਰ ਰਹੀਆਂ ਹਨ।

ਇਹ ਅਧਿਨਿਯਮ ਭਾਰਤੀ ਸਮਾਜ ਵਿੱਚ ਇੱਕ ਵਿਆਪਕ 'ਸੱਭਿਆਚਾਰਕ ਬਦਲਾਅ' ਲਿਆਉਣ ਦੀ ਸਮਰੱਥਾ ਰੱਖਦਾ ਹੈ। ਇਹ ਰਵਾਇਤੀ ਮਾਨਸਿਕਤਾ ਨੂੰ ਚੁਣੌਤੀ ਦੇਵੇਗਾ ਕਿ ਔਰਤਾਂ ਸਿਰਫ਼ ਘਰੇਲੂ ਜ਼ਿੰਮੇਵਾਰੀਆਂ ਲਈ ਹਨ। ਇਹ ਕਾਨੂੰਨ ਅਸਲ ਵਿੱਚ 'ਬੇਟੀ ਬਚਾਓ, ਬੇਟੀ ਪੜ੍ਹਾਓ' ਦੇ ਸੰਕਲਪ ਨੂੰ 'ਬੇਟੀ ਨੂੰ ਸੱਤਾ ਦਿਵਾਓ' ਤੱਕ ਲੈ ਕੇ ਜਾਣ ਵਾਲਾ ਹੈ। ਹਾਲਾਂਕਿ, ਸਭ ਤੋਂ ਵੱਡੀ ਚੁਣੌਤੀ ਇਹ ਯਕੀਨੀ ਬਣਾਉਣਾ ਹੈ ਕਿ ਚੁਣੀਆਂ ਗਈਆਂ ਮਹਿਲਾਵਾਂ ਸਿਰਫ਼ 'ਰਬੜ ਸਟੈਂਪ' ਨਾ ਬਣਨ, ਸਗੋਂ ਆਪਣੇ ਸੰਵਿਧਾਨਕ ਅਧਿਕਾਰਾਂ ਦੀ ਵਰਤੋਂ ਪੂਰੀ ਸੁਤੰਤਰਤਾ ਨਾਲ ਕਰਨ। ਇਸ ਲਈ ਰਾਜਨੀਤਿਕ ਸਿਖਲਾਈ ਦੇ ਨਾਲ-ਨਾਲ ਸਮਾਜਿਕ ਸੋਚ ਵਿੱਚ ਤਬਦੀਲੀ ਲਿਆਉਣੀ ਵੀ ਲਾਜ਼ਮੀ ਹੈ।

ਅੰਤ ਵਿੱਚ, ਇਹ ਕਿਹਾ ਜਾ ਸਕਦਾ ਹੈ ਕਿ 'ਨਾਰੀ ਸ਼ਕਤੀ ਵੰਦਨ ਅਧਿਨਿਯਮ' ਭਾਰਤੀ ਲੋਕਤੰਤਰ ਦੀਆਂ ਜੜ੍ਹਾਂ ਨੂੰ ਮਜ਼ਬੂਤ ਕਰਨ ਵਾਲਾ ਇੱਕ ਇਤਿਹਾਸਕ ਮੀਲ ਪੱਥਰ ਹੈ। ਇਹ 'ਵਿਕਸਿਤ ਭਾਰਤ' ਦੇ ਮਹਾਨ ਸੰਕਲਪ ਨੂੰ ਸਾਕਾਰ ਕਰਨ ਵੱਲ ਵਧਾਇਆ ਗਿਆ, ਇੱਕ ਦ੍ਰਿੜ੍ਹ ਕਦਮ ਹੈ। ਇਹ ਕਾਨੂੰਨ ਦੇਸ਼ ਦੀਆਂ ਕਰੋੜਾਂ ਧੀਆਂ ਨੂੰ ਸਿਰਫ਼ ਵੋਟਰ ਨਹੀਂ, ਸਗੋਂ ਭਵਿੱਖ ਦੇ 'ਕਾਨੂੰਨ ਨਿਰਮਾਤਾ' ਵਜੋਂ ਦੇਖਣ ਦਾ ਹੌਸਲਾ ਦਿੰਦਾ ਹੈ। ਆਉਣ ਵਾਲੀਆਂ ਪੀੜ੍ਹੀਆਂ ਲਈ ਇਹ ਇੱਕ ਅਜਿਹਾ ਰਾਜਨੀਤਿਕ ਸੱਭਿਆਚਾਰ ਸਿਰਜੇਗਾ, ਜਿੱਥੇ ਲਿੰਗ ਨਹੀਂ ਬਲਕਿ ਯੋਗਤਾ, ਸਮਰੱਥਾ ਅਤੇ ਸੰਵੇਦਨਾ ਹੀ ਸ਼ਾਸਨ ਦਾ ਅਧਾਰ ਹੋਣਗੇ। ਇਹ ਨਵੇਂ ਭਾਰਤ ਦਾ ਉਹ ਪ੍ਰਤੀਕ ਹੈ, ਜਿੱਥੇ ਮਹਿਲਾਵਾਂ ਦੀ ਅਗਵਾਈ ਰਾਸ਼ਟਰੀ ਵਿਕਾਸ ਦਾ ਮੁੱਖ ਧੁਰਾ ਹੋਵੇਗੀ।

### ਅੰਮ੍ਰਿਤਸਰ ਦੀਆਂ ਗਲੀਆਂ ਤੋਂ 'ਟਾਈਮ 100' ਤੱਕ

# ਸ਼ੈਫ ਵਿਕਾਸ ਖੰਨਾ ਨੇ ਵਿਸ਼ਵ ਪੱਧਰ 'ਤੇ ਚਮਕਾਇਆ ਨਾਮ

ਨਵੀਂ ਦਿੱਲੀ, 18 ਅਪ੍ਰੈਲ (ਪ੍ਰਤੀਨਿਧੀ) : ਅੰਮ੍ਰਿਤਸਰ ਦੀ ਅਮੀਰ ਪਕਵਾਨ ਵਿਰਾਸਤ ਨੂੰ ਅੱਜ ਉਸ ਵੇਲੇ ਵੱਡਾ ਕੌਮਾਂਤਰੀ ਮਾਣ ਮਿਲਿਆ ਜਦੋਂ ਇਸੇ ਪਵਿੱਤਰ ਸ਼ਹਿਰ ਦੀਆਂ ਗਲੀਆਂ ਵਿੱਚੋਂ ਨਿਕਲੇ ਮਸ਼ਹੂਰ ਸ਼ੈੱਫ ਵਿਕਾਸ ਖੰਨਾ ਨੂੰ ਸਾਲ 2026 ਦੇ 'ਟਾਈਮ 100' ਸਭ ਤੋਂ ਪ੍ਰਭਾਵਸ਼ਾਲੀ ਵਿਅਕਤੀਆਂ ਦੀ ਸੂਚੀ ਵਿੱਚ ਸ਼ਾਮਲ ਕੀਤਾ ਗਿਆ। ਇਸ ਪ੍ਰਾਪਤੀ ਨਾਲ ਜਿੱਥੇ ਖੰਨਾ ਨੇ ਗਲੋਬਲ ਸਟੇਜ 'ਤੇ ਆਪਣੀ ਧੱਕ ਜਮਾਈ ਹੈ, ਉੱਥੇ ਹੀ ਅੰਮ੍ਰਿਤਸਰੀਆਂ ਵਿੱਚ ਖੁਸ਼ੀ ਦੀ ਲਹਿਰ ਹੈ।




**ਸੰਘਰਸ਼ਾਂ ਭਰੀ ਸ਼ੁਰੂਆਤ: ਸਕੂਲ ਦੇ ਬਾਹਰ ਵੇਚੇ ਸੀ ਭਟੂਰੇ**

ਸਫਲਤਾ ਦੀ ਨਵੀਂ ਇਬਾਰਤਪੰਜਾਬੀ ਸੁਆਦ ਨੂੰ ਸੱਤ ਸਮੁੰਦਰੋਂ ਪਾਰ ਪਹੁੰਚਾਉਣ ਵਾਲੇ ਵਿਕਾਸ ਖੰਨਾ ਦਾ ਸਫ਼ਰ ਬੇਹੱਦ ਚੁਣੌਤੀਪੂਰਨ ਰਿਹਾ ਹੈ। ਸਾਲ 1989 ਵਿੱਚ ਉਹ ਵਿਵੇਕ ਪਬਲਿਕ ਸਕੂਲ ਦੇ ਬਾਹਰ ਭਟੂਰੇ-ਛੋਲੇ ਵੇਚਿਆ ਕਰਦੇ ਸਨ। ਇਸ ਤੋਂ ਇੱਕ ਸਾਲ ਬਾਅਦ ਉਨ੍ਹਾਂ ਨੇ ਆਪਣੇ ਘਰ ਦੇ ਪਿਛਲੇ ਹਿੱਸੇ ਤੋਂ 'ਲਾਰੈਂਸ ਗਾਰਡਨ ਬੈਂਕੁਏਟ' ਦੀ ਸ਼ੁਰੂਆਤ ਕੀਤੀ। 1991 ਵਿੱਚ ਜਦੋਂ ਉਨ੍ਹਾਂ ਨੇ ਕੁਲਨਰੀ ਆਰਟਸ (ਖਾਣਾ ਬਣਾਉਣ ਦੀ ਕਲਾ) ਨੂੰ ਆਪਣਾ ਕਰੀਅਰ ਚੁਣਿਆ, ਤਾਂ ਉਨ੍ਹਾਂ ਦੀ ਦਾਦੀ ਤੋਂ ਇਲਾਵਾ ਲਗਭਗ ਹਰ ਕਿਸੇ ਨੇ ਇਸ ਫੈਸਲੇ ਦਾ ਵਿਰੋਧ ਕੀਤਾ ਸੀ।


**ਨਿਊਯਾਰਕ ਦੀਆਂ ਸੜਕਾਂ 'ਤੇ ਕੱਟੀਆਂ ਰਾਤਾਂ**

ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਆਪਣੀਆਂ ਭਾਵਨਾਵਾਂ ਸਾਂਝੀਆਂ ਕਰਦਿਆਂ ਖੰਨਾ ਨੇ ਦੱਸਿਆ ਕਿ ਸਾਲ 2000 ਵਿੱਚ ਉਨ੍ਹਾਂ ਦੇ ਕਾਰੋਬਾਰ ਦੇ ਢਹਿ-ਢੇਰੀ ਹੋਣ ਤੋਂ ਬਾਅਦ ਉਹ ਨਵੀਂ ਉਮੀਦ ਲੈ ਕੇ ਅਮਰੀਕਾ ਚਲੇ ਗਏ ਸਨ। ਪਰ ਉੱਥੇ ਵੀ ਰਾਹ ਸੌਖਾ ਨਹੀਂ ਸੀ। ਉਨ੍ਹਾਂ ਨੇ ਨਿਊਯਾਰਕ ਵਿੱਚ ਘਰਾਂ ਦੀ ਸਫਾਈ ਕੀਤੀ ਅਤੇ ਸੜਕਾਂ 'ਤੇ ਖਾਣਾ ਵੇਚਿਆ। ਕਈ ਰਾਤਾਂ ਗ੍ਰੈਂਡ ਸੈਂਟਰਲ ਸਟੇਸ਼ਨ 'ਤੇ ਸੌਂ ਕੇ ਗੁਜ਼ਾਰੀਆਂ ਅਤੇ ਬੇਘਰ ਹੋਣ ਦਾ ਦਰਦ ਹੰਢਾਇਆ ਅਤੇ ਵਿਦੇਸ਼ ਵਿੱਚ ਨਸਲੀ ਟਿੱਪਣੀਆਂ ਦਾ ਸਾਹਮਣਾ ਕਰਨਾ ਪਿਆ, ਜਿੱਥੇ ਉਨ੍ਹਾਂ ਨੂੰ ਕਰੀ ਬੁਆਏ ਕਹਿ ਕੇ ਚਿੜਾਇਆ ਜਾਂਦਾ ਸੀ।

ਇਨ੍ਹਾਂ ਸਾਰੀਆਂ ਮੁਸ਼ਕਲਾਂ ਦੇ ਬਾਵਜੂਦ ਵਿਕਾਸ ਨੇ ਹਾਰ ਨਹੀਂ ਮੰਨੀ। ਅੱਜ ਉਹ ਕਈ 'ਮਿਸ਼ੇਲਿਨ ਸਟਾਰ' ਜਿੱਤ ਚੁੱਕੇ ਹਨ ਅਤੇ ਉਨ੍ਹਾਂ ਦਾ ਨਵਾਂ ਵੈਂਚਰ 'ਬੰਗਲੋ' ਬੇਹੱਦ ਸਫਲ ਰਿਹਾ ਹੈ। ਟਾਈਮ 100 ਦੀ ਸੂਚੀ ਵਿੱਚ ਨਾਮ ਆਉਣ 'ਤੇ ਖੰਨਾ ਨੇ ਕਿਹਾ, ਮੈਂ ਅਜੇ ਵੀ ਇਸ ਅਹਿਸਾਸ ਨੂੰ ਮਹਿਸੂਸ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ। ਸਫ਼ਰ ਅਜੇ ਜਾਰੀ ਹੈ।

# ਧਰਮ ਪਰਿਵਰਤਨ ਅਤੇ ਸ਼ੋਸ਼ਣ ਦੇ ਦੋਸ਼ਾਂ ਦੀ ਜਾਂਚ ਲਈ ਕਮੇਟੀ ਗਠਿਤ

ਨਵੀਂ ਦਿੱਲੀ, 18 ਅਪ੍ਰੈਲ (ਪ੍ਰਤੀਨਿਧੀ) : ਐਡਵੋਕੇਟ ਮੋਨਿਕਾ ਅਰੋੜਾ ਨੇ ਸ਼ਨਿਚਰਵਾਰ ਨੂੰ ਦੱਸਿਆ ਕਿ ਤੱਥ ਖੋਜ ਕਮੇਟੀ ਨੇ ਨਾਸਿਕ ਵਿੱਚ ਟੀ.ਸੀ.ਐੱਸ ਦਫ਼ਤਰ ਨਾਲ ਸਬੰਧਤ ਕਥਿਤ ਧਰਮ ਪਰਿਵਰਤਨ ਅਤੇ ਜਿਨਸੀ ਸ਼ੋਸ਼ਣ ਦੇ ਮਾਮਲੇ ਦੀ ਆਪਣੀ ਜਾਂਚ ਸ਼ੁਰੂ ਕਰ ਦਿੱਤੀ ਹੈ।




ਇਸ ਖ਼ਬਰ ਏਜੰਸੀ ਨਾਲ ਗੱਲਬਾਤ ਕਰਦਿਆਂ ਅਰੋੜਾ ਨੇ ਕਿਹਾ, 'ਅਸੀਂ ਟੀ ਸੀ ਐੱਸ ਦੇ ਘਟਨਾਕ੍ਰਮ ਦੀ ਜਾਂਚ ਲਈ ਆਏ ਹਾਂ। ਅਤੇ ਅਸੀਂ ਸਾਰੇ ਸਬੰਧਤ ਪੱਖਾਂ ਨਾਲ ਗੱਲ ਕਰਨ ਜਾ ਰਹੇ ਹਾਂ।' ਉਨ੍ਹਾਂ ਅੱਗੇ ਦੱਸਿਆ ਕਿ ਪੈਨਲ ਕੋਈ ਵੀ ਮੁਢਲੀ ਜਾਣਕਾਰੀ ਸਾਂਝੀ ਕਰਨ ਤੋਂ ਪਹਿਲਾਂ ਸਾਰੀਆਂ ਧਿਰਾਂ ਨਾਲ ਗੱਲ ਕਰੇਗਾ।

ਉਨ੍ਹਾਂ ਅੱਗੇ ਕਿਹਾ, 'ਕਮੇਟੀ ਵਿੱਚ ਇੱਕ ਸੇਵਾਮੁਕਤ ਜੱਜ, ਇੱਕ ਸੇਵਾਮੁਕਤ ਆਈਪੀਐੱਸ ਅਧਿਕਾਰੀ, ਅਤੇ ਇੱਕ ਐਡਵੋਕੇਟ ਤੇ ਐੱਨ ਸੀ ਡਬਲਯੂ ਦਾ ਇੱਕ ਕੋਆਰਡੀਨੇਟਰ ਹੈ। ਕੁੱਲ ਚਾਰ ਲੋਕ ਹਨ।' ਪੈਨਲ ਦਾ ਇਹ ਦੌਰਾ ਬਜਰੰਗ ਦਲ ਦੇ ਮੈਂਬਰਾਂ ਵੱਲੋਂ ਜ਼ਿਲ੍ਹਾ ਕਲੈਕਟਰ ਦਫ਼ਤਰ ਦੇ ਬਾਹਰ ਦੋਸ਼ਾਂ 'ਤੇ ਕਾਰਵਾਈ ਦੀ ਮੰਗ ਨੂੰ ਲੈ ਕੇ ਕੀਤੇ ਜਾ ਰਹੇ ਪ੍ਰਦਰਸ਼ਨਾਂ ਦੇ ਦਰਮਿਆਨ ਹੋਇਆ ਹੈ।

ਇਸ ਤੋਂ ਪਹਿਲਾਂ ਸ਼ੁੱਕਰਵਾਰ ਨੂੰ ਮਹਾਰਾਸ਼ਟਰ ਐਂਟੀ-ਟੈਰਰਿਜ਼ਮ ਸਕੁਐਡ (ਨੇ ਨਾਸਿਕ ਟਾਟਾ ਕੰਸਲਟੈਂਸੀ ਸਰਵਿਸਿਜ਼ ਨਾਲ ਜੁੜੇ ਕਥਿਤ ਜਬਰਨ ਧਰਮ ਪਰਿਵਰਤਨ ਦੇ ਮਾਮਲੇ ਵਿੱਚ ਦੋ ਮੁਲਜ਼ਮਾਂ, ਸਫੀ ਸ਼ੇਖ ਅਤੇ ਰਜ਼ਾ ਮੇਮਣ ਨੂੰ ਆਪਣੀ ਹਿਰਾਸਤ ਵਿੱਚ ਲਿਆ। ਏ ਟੀ ਐੱਸ ਇਸ ਵੇਲੇ ਨਾਸਿਕ ਟੀ ਸੀ ਐੱਸ ਨਾਲ ਜੁੜੇ ਕਥਿਤ ਜਬਰਨ ਧਰਮ ਪਰਿਵਰਤਨ ਦੇ ਮਾਮਲੇ ਵਿੱਚ ਮੁਲਜ਼ਮਾਂ ਤੋਂ ਪੁੱਛਗਿੱਛ ਕਰ ਰਹੀ ਹੈ। ਇਸ ਤੋਂ ਪਹਿਲਾਂ, ਟੀਸੀਐੱਸ ਦੇ ਸੀਈਓ ਅਤੇ ਐੱਮਡੀ ਕੇ. ਕ੍ਰਿਤੀਵਾਸਨ ਨੇ ਕਿਹਾ ਸੀ ਕਿ ਕੰਪਨੀ ਨੇ ਟੀਸੀਐੱਸ ਦੀ ਪ੍ਰਧਾਨ ਅਤੇ ਸੀਓਓ ਆਰਤੀ ਸੁਬਰਾਮਨੀਅਮ ਦੀ ਅਗਵਾਈ ਵਿੱਚ ਚੱਲ ਰਹੀ ਅੰਦਰੂਨੀ ਜਾਂਚ ਲਈ ਡੇਲੋਇਟ ) ਦੀਆਂ ਮਾਹਰ ਟੀਮਾਂ ਅਤੇ ਇੱਕ ਪ੍ਰਮੁੱਖ ਲਾਅ ਫਰਮ ਟ੍ਰਾਈਲੀਗਲ ਦੀਆਂ ਸੇਵਾਵਾਂ ਨੂੰ ਸੁਤੰਤਰ ਕੌਂਸਲ ਵਜੋਂ ਲਿਆ ਹੈ। ਟੀਸੀਐੱਸ ਦੇ ਸੀਈਓ ਨੇ ਕਿਹਾ ਕਿ ਸੁਤੰਤਰ ਨਿਰਦੇਸ਼ਕ ਕੇਕੀ ਮਿਸਤਰੀ ਦੀ ਪ੍ਰਧਾਨਗੀ ਹੇਠ ਇੱਕ ਕਮੇਟੀ ਵੀ ਗਠਿਤ ਕੀਤੀ ਗਈ ਹੈ।

ਮਹਾਰਾਸ਼ਟਰ ਦੇ ਮੁੱਖ ਮੰਤਰੀ ਅਤੇ ਭਾਜਪਾ ਆਗੂ ਦੇਵੇਂਦਰ ਫੜਨਵੀਸ ਨੇ ਸ਼ੁੱਕਰਵਾਰ ਨੂੰ ਨਾਸਿਕ ਵਿੱਚ ਟਾਟਾ ਕੰਸਲਟੈਂਸੀ ਸਰਵਿਸਿਜ਼ ਦੀ ਸਹੂਲਤ ਵਿੱਚ ਵਾਪਰੀ ਤਾਜ਼ਾ ਘਟਨਾ ਨੂੰ 'ਬਹੁਤ ਗੰਭੀਰ ਮਾਮਲਾ' ਕਰਾਰ ਦਿੱਤਾ ਅਤੇ ਕਿਹਾ ਕਿ ਸਰਕਾਰ ਇਸ ਗੱਲ ਦੀ ਜਾਂਚ ਕਰ ਰਹੀ ਹੈ ਕਿ ਕੀ ਇਹ ਘਟਨਾ ਕਾਰਪੋਰੇਟ ਜਿਹਾਦ ਦੇ ਦਾਇਰੇ ਵਿੱਚ ਆਉਂਦੀ ਹੈ।

ਇਸ ਦੌਰਾਨ ਮਨੁੱਖੀ ਅਧਿਕਾਰ ਕਮਿਸ਼ਨ ਦੇ ਮੈਂਬਰ ਪ੍ਰਿਯੰਕ ਕਾਨੂੰਨਗੋ ਨੇ ਕਿਹਾ ਕਿ ਕਮਿਸ਼ਨ ਨੇ ਇਸ ਮਾਮਲੇ ਦਾ ਨੋਟਿਸ ਲਿਆ ਹੈ ਅਤੇ ਟੀਸੀਐਸ ਤੋਂ ਉਨ੍ਹਾਂ ਦੇ ਬੀਪੀਓ, ਦਫ਼ਤਰਾਂ, ਸਹਾਇਕ ਕੰਪਨੀਆਂ, ਪੋਸ਼ ਕਮੇਟੀਆਂ ਦੇ ਵੇਰਵੇ ਅਤੇ ਪਿਛਲੇ ਤਿੰਨ ਸਾਲਾਂ ਵਿੱਚ ਪ੍ਰਾਪਤ ਹੋਈਆਂ ਸ਼ਿਕਾਇਤਾਂ ਦਾ ਰਿਕਾਰਡ ਮੰਗਿਆ ਹੈ।

ਕਾਨੂੰਨਗੋ ਨੇ ਕਿਹਾ, "ਇੱਕ ਸ਼ਿਕਾਇਤ ਮਿਲੀ ਸੀ ਜਿਸ ਵਿੱਚ ਦੋਸ਼ ਲਗਾਇਆ ਗਿਆ ਸੀ ਕਿ ਨਾਸਿਕ ਵਿੱਚ ਇੱਕ ਟੀਸੀਐੱਸ ਬੀਪੀਓ ਵਿੱਚ ਮਹਿਲਾ ਕਰਮਚਾਰੀਆਂ ਨੂੰ ਫਸਾਇਆ ਜਾ ਰਿਹਾ ਸੀ, ਲਾਲਚ ਦਿੱਤਾ ਜਾ ਰਿਹਾ ਸੀ, ਬਲੈਕਮੇਲ ਕੀਤਾ ਜਾ ਰਿਹਾ ਸੀ, ਧਰਮ ਬਦਲਣ ਲਈ ਮਜਬੂਰ ਕੀਤਾ ਜਾ ਰਿਹਾ ਸੀ, ਪ੍ਰਾਰਥਨਾਵਾਂ ਕਰਨ ਲਈ ਕਿਹਾ ਜਾ ਰਿਹਾ ਸੀ ਅਤੇ ਜਿਨਸੀ ਸ਼ੋਸ਼ਣ ਦਾ ਸ਼ਿਕਾਰ ਬਣਾਇਆ ਜਾ ਰਿਹਾ ਸੀ — ਇਹ ਸਭ ਸੀਨੀਅਰ ਮੈਨੇਜਮੈਂਟ ਦੀ ਜਾਣਕਾਰੀ ਵਿੱਚ ਸੀ।"

ਉਨ੍ਹਾਂ ਕਿਹਾ, "ਇਹ ਦਾਅਵਾ ਕੀਤਾ ਗਿਆ ਸੀ ਕਿ ਮੈਨੇਜਮੈਂਟ ਨੇ ਜਾਣਬੁੱਝ ਕੇ ਅਜਿਹੀਆਂ ਗਤੀਵਿਧੀਆਂ ਦੀ ਇਜਾਜ਼ਤ ਦਿੱਤੀ... ਅਸੀਂ ਸ਼ਿਕਾਇਤ ਦਾ ਨੋਟਿਸ ਲਿਆ ਹੈ। ਟੀ ਸੀ ਐੱਸ ਨੂੰ ਭਾਰਤ ਭਰ ਵਿੱਚ ਉਨ੍ਹਾਂ ਦੇ ਸਾਰੇ ਬੀਪੀਓ ਅਤੇ ਦਫ਼ਤਰਾਂ ਦੇ ਵੇਰਵੇ ਪ੍ਰਦਾਨ ਕਰਨ ਲਈ ਕਿਹਾ ਹੈ, ਜਿਸ ਵਿੱਚ ਸਹਾਇਕ ਕੰਪਨੀਆਂ, ਉਨ੍ਹਾਂ ਦੀਆਂ ਪੋਸ਼ ਕਮੇਟੀਆਂ ਦਾ ਗਠਨ ਅਤੇ ਪਿਛਲੇ ਤਿੰਨ ਸਾਲਾਂ ਵਿੱਚ ਪ੍ਰਾਪਤ ਹੋਈਆਂ ਸ਼ਿਕਾਇਤਾਂ ਦੇ ਰਿਕਾਰਡ ਦੇ ਨਾਲ-ਨਾਲ ਉਨ੍ਹਾਂ ਨਾਲ ਕਿਵੇਂ ਨਜਿੱਠਿਆ ਗਿਆ, ਸ਼ਾਮਲ ਹੈ।"

# ਚਾਂਦੀ ਦੀਆਂ ਕੀਮਤਾਂ 'ਚ 5,700 ਰੁਪਏ ਦੀ ਵੱਡੀ ਗਿਰਾਵਟ, ਸੋਨਾ ਵੀ ਹੋਇਆ ਸਸਤਾ

ਨਵੀਂ ਦਿੱਲੀ, 18 ਅਪ੍ਰੈਲ (ਪ੍ਰਤੀਨਿਧੀ) : ਘਰੇਲੂ ਬਾਜ਼ਾਰ ਵਿੱਚ ਕਮਜ਼ੋਰ ਮੰਗ ਦੇ ਚੱਲਦਿਆਂ ਸ਼ੁੱਕਰਵਾਰ ਨੂੰ ਰਾਸ਼ਟਰੀ ਰਾਜਧਾਨੀ ਦੇ ਸਰਾਫਾ ਬਾਜ਼ਾਰ ਵਿੱਚ ਸੋਨੇ ਅਤੇ ਚਾਂਦੀ ਦੀਆਂ ਕੀਮਤਾਂ ਵਿੱਚ ਭਾਰੀ ਗਿਰਾਵਟ ਦੇਖਣ ਨੂੰ ਮਿਲੀ। ਸਭ ਤੋਂ ਵੱਧ ਗਿਰਾਵਟ ਚਾਂਦੀ ਦੀਆਂ ਕੀਮਤਾਂ ਵਿੱਚ ਦਰਜ ਕੀਤੀ ਗਈ ਹੈ, ਜੋ 5,700 ਰੁਪਏ ਟੁੱਟ ਕੇ 2.53 ਲੱਖ ਰੁਪਏ ਪ੍ਰਤੀ ਕਿਲੋਗ੍ਰਾਮ 'ਤੇ ਆ ਗਈ ਹੈ।




**ਸੋਨੇ ਅਤੇ ਚਾਂਦੀ ਦੇ ਤਾਜ਼ਾ ਭਾਅ**

ਅਖਿਲ ਭਾਰਤੀ ਸਰਰਾਫਾ ਸੰਘ ਅਨੁਸਾਰ, ਚਾਂਦੀ ਦੀ ਕੀਮਤ ਵਿੱਚ 2.2 ਪ੍ਰਤੀਸ਼ਤ ਦੀ ਗਿਰਾਵਟ ਆਈ ਹੈ, ਜਿਸ ਨਾਲ ਹੁਣ ਇਸਦਾ ਭਾਅ 2,53,000 ਰੁਪਏ ਪ੍ਰਤੀ ਕਿਲੋਗ੍ਰਾਮ (ਸਾਰੇ ਟੈਕਸਾਂ ਸਮੇਤ) ਹੋ ਗਿਆ ਹੈ। ਦੂਜੇ ਪਾਸੇ, 99.9 ਪ੍ਰਤੀਸ਼ਤ ਸ਼ੁੱਧਤਾ ਵਾਲਾ ਸੋਨਾ ਵੀ 1,600 ਰੁਪਏ (1.01 ਪ੍ਰਤੀਸ਼ਤ) ਦੀ ਗਿਰਾਵਟ ਨਾਲ 1,56,200 ਰੁਪਏ ਪ੍ਰਤੀ 10 ਗ੍ਰਾਮ 'ਤੇ ਬੰਦ ਹੋਇਆ।

**ਕਿਉਂ ਆਈ ਕੀਮਤਾਂ ਵਿੱਚ ਗਿਰਾਵਟ?**

ਬਾਜ਼ਾਰ ਮਾਹਿਰਾਂ ਅਨੁਸਾਰ, ਇਸ ਨਰਮੀ ਦਾ ਮੁੱਖ ਕਾਰਨ ਜੰਗਬੰਦੀ ਤੋਂ ਬਾਅਦ ਦੇ ਘਟਨਾਕ੍ਰਮ ਅਤੇ ਬਾਜ਼ਾਰ ਵਿੱਚ ਮੌਜੂਦ ਸਾਵਧਾਨੀ ਹੈ। ਐਲਕੇਪੀ ਸਕਿਓਰਿਟੀਜ਼ ਦੇ ਮਾਹਿਰ ਜਤਿਨ ਤ੍ਰਿਵੇਦੀ ਦਾ ਕਹਿਣਾ ਹੈ ਕਿ ਸੋਨਾ ਫਿਲਹਾਲ ਇੱਕ ਸੀਮਤ ਦਾਇਰੇ ਵਿੱਚ ਰਹਿਣ ਦੀ ਸੰਭਾਵਨਾ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਹੋਣ ਵਾਲੇ ਘਟਨਾਕ੍ਰਮਾਂ 'ਤੇ ਤੇਜ਼ੀ ਨਾਲ ਪ੍ਰਤੀਕਿਰਿਆ ਕਰ ਸਕਦਾ ਹੈ।

**ਅੰਤਰਰਾਸ਼ਟਰੀ ਬਾਜ਼ਾਰ ਦਾ ਹਾਲ**

ਵਿਦੇਸ਼ੀ ਬਾਜ਼ਾਰਾਂ ਵਿੱਚ ਵੀ ਮਿਸ਼ਰਿਤ ਰੁਝਾਨ ਦੇਖਣ ਨੂੰ ਮਿਲਿਆ। ਜਿੱਥੇ ਹਾਜ਼ਰ ਸੋਨਾ ਮਾਮੂਲੀ ਗਿਰਾਵਟ ਨਾਲ 4,786.90 ਡਾਲਰ ਪ੍ਰਤੀ ਔਂਸ 'ਤੇ ਰਿਹਾ, ਉੱਥੇ ਹੀ ਅੰਤਰਰਾਸ਼ਟਰੀ ਪੱਧਰ 'ਤੇ ਚਾਂਦੀ 1.12 ਪ੍ਰਤੀਸ਼ਤ ਦੇ ਵਾਧੇ ਨਾਲ 79.28 ਡਾਲਰ ਪ੍ਰਤੀ ਔਂਸ 'ਤੇ ਪਹੁੰਚ ਗਈ।

# ਨਾ ਕੋਈ ਬਿਮਾਰੀ ਦੀ ਛੁੱਟੀ, ਸਿਰ.ਫ 15 ਮਿੰਟ ਦਾ ਲੰਚ ਬ੍ਰੇਕ

## ਆਈ.ਆਈ.ਆਈ.ਟੀ. ਦੇ ਨੌਜਵਾਨ ਨੇ ਛੱਡੀ ਲੱਖਾਂ ਦੀ ਨੌਕਰੀ

ਨਵੀਂ ਦਿੱਲੀ, 18 ਅਪ੍ਰੈਲ (ਪ੍ਰਤੀਨਿਧੀ) : ਇੰਡੀਅਨ ਇੰਸਟੀਚਿਊਟ ਆਫ਼ ਇਨਫਰਮੇਸ਼ਨ ਟੈਕਨਾਲੋਜੀ (ਆਈਆਈਆਈਟੀ) ਦਿੱਲੀ ਦੇ ਇੱਕ 24 ਸਾਲਾ ਗ੍ਰੈਜੂਏਟ ਨੇ ਇੱਕ ਉੱਚ-ਤਨਖਾਹ ਵਾਲੀ ਬੈਂਕਿੰਗ ਨੌਕਰੀ, ਜਿੱਥੇ ਉਹ ਸਾਲਾਨਾ ਕਰੀਬ 17 ਲੱਖ ਰੁਪਏ ਕਮਾ ਰਿਹਾ ਸੀ, ਨੂੰ ਛੱਡਣ ਦੇ ਕਾਰਨਾਂ ਬਾਰੇ ਖੁੱਲ੍ਹ ਕੇ ਦੱਸਣ ਤੋਂ ਬਾਅਦ ਤਣਾਪੂਰਵਕ ਕੰਮ ਦੇ ਸੱਭਿਆਚਾਰ 'ਤੇ ਇੱਕ ਵਿਸ਼ਾਲ ਚਰਚਾ ਛੇੜ ਦਿੱਤੀ ਹੈ। ਚਿਰਾਗ ਮਦਾਨ, ਜੋ ਕਾਰਪੋਰੇਟ ਬੈਂਕਿੰਗ ਖੇਤਰ ਵਿੱਚ ਕੰਮ ਕਰ ਰਿਹਾ ਸੀ, ਨੇ ਹੁਣ ਵਾਇਰਲ ਹੋਈ ਇੱਕ ਵੀਡੀਓ ਵਿੱਚ ਸਾਂਝਾ ਕੀਤਾ ਕਿ ਇਹ ਫੈਸਲਾ ਕੋਈ ਅਚਨਚੇਤ ਨਹੀਂ ਸੀ ਬਲਕਿ ਕੰਮ ਦੇ ਵਧਦੇ ਦਬਾਅ ਅਤੇ ਵਿਗੜਦੇ ਕੰਮ-ਜੀਵਨ ਦੇ ਸੰਤੁਲਨ ਕਾਰਨ ਲਿਆ ਗਿਆ ਸੀ। ਜੋ ਕੰਮ ਇੱਕ ਮਿਆਰੀ 9 ਤੋਂ 5 ਦੀ ਨੌਕਰੀ ਵਜੋਂ ਸ਼ੁਰੂ ਹੋਇਆ ਸੀ, ਉਹ ਹੌਲੀ-ਹੌਲੀ ਬਹੁਤ ਲੰਬੇ ਦਿਨਾਂ ਵਿੱਚ ਬਦਲ ਗਿਆ, ਜੋ ਅਕਸਰ ਸਵੇਰੇ 9 ਵਜੇ ਤੋਂ ਸ਼ਾਮ 7 ਵਜੇ ਤੱਕ ਚੱਲਦਾ ਸੀ। ਉਸ ਨੇ ਦੱਸਿਆ ਕਿ ਕੰਮ ਦਾ ਹਫ਼ਤਾ ਵੀ ਪੰਜ ਦਿਨਾਂ ਤੋਂ ਵਧ ਕੇ ਛੇ ਦਿਨ ਹੋ ਗਿਆ ਸੀ, ਜਿਸ ਨਾਲ ਆਰਾਮ ਜਾਂ ਨਿੱਜੀ ਸਮੇਂ ਲਈ ਬਹੁਤ ਘੱਟ ਗੁੰਜਾਇਸ਼ ਬਚੀ ਸੀ। ਵੀਡੀਓ ਵਿੱਚ ਮਦਾਨ ਨੇ ਦੱਸਿਆ ਕਿ ਕਿਵੇਂ ਬੁਨਿਆਦੀ ਬ੍ਰੇਕਾਂ ਲੈਣਾ ਵੀ ਮੁਸ਼ਕਲ ਹੋ ਗਿਆ ਸੀ। ਦੁਪਹਿਰ ਦੇ ਖਾਣੇ (ਲੰਚ) ਦੇ ਘੰਟਿਆਂ 'ਤੇ ਸਖ਼ਤ ਪਾਬੰਦੀ, ਲਗਾਤਾਰ ਕੰਮ ਦੇ ਬੋਝ ਕਾਰਨ ਕਰਮਚਾਰੀਆਂ ਤੋਂ 10 ਤੋਂ 15 ਮਿੰਟਾਂ ਦੇ ਅੰਦਰ ਖਾਣਾ ਖਤਮ ਕਰਨ ਦੀ ਉਮੀਦ ਕੀਤੀ ਜਾਂਦੀ ਸੀ। ਛੁੱਟੀ ਲੈਣਾ ਵੀ ਬਰਾਬਰ ਚੁਣੌਤੀਪੂਰਨ ਸੀ। ਉਸ ਦੇ ਅਨੁਸਾਰ ਬੀਮਾਰੀ ਦੀ ਛੁੱਟੀ ਲਈ ਵੀ ਵਿਸਤ੍ਰਿਤ ਸਪੱਸ਼ਟੀਕਰਨ ਦੀ ਲੋੜ ਹੁੰਦੀ ਸੀ, ਜਿਸ ਨਾਲ ਲੋੜ ਪੈਣ 'ਤੇ ਕਰਮਚਾਰੀਆਂ ਲਈ ਕੰਮ ਤੋਂ ਦੂਰ ਹੋਣਾ ਮੁਸ਼ਕਲ ਹੋ ਜਾਂਦਾ ਸੀ।




ਉਸ ਨੇ ਨੋਟ ਕੀਤਾ ਕਿ ਤਣਾਅ ਦਾ ਇੱਕ ਵੱਡਾ ਹਿੱਸਾ ਹਮਲਾਵਰ ਵਿਕਰੀ ਦੀਆਂ ਉਮੀਦਾਂ ਤੋਂ ਆਇਆ ਸੀ। ਦੱਸਿਆ ਗਿਆ ਹੈ ਕਿ ਕਰਮਚਾਰੀਆਂ ਲਈ 10 ਕਰੋੜ ਰੁਪਏ ਤੱਕ ਦੇ ਸੌਦੇ (deals) ਕਰਨਾ ਲਾਜ਼ਮੀ ਸੀ, ਅਤੇ ਟੀਚਿਆਂ ਨੂੰ ਪੂਰਾ ਕਰਨ ਵਿੱਚ ਅਸਫਲ ਰਹਿਣ ਦੇ ਨਤੀਜੇ ਵਜੋਂ ਅਕਸਰ ਵਾਧੂ ਦਬਾਅ ਅਤੇ ਵਾਰ-ਵਾਰ ਪ੍ਰਦਰਸ਼ਨ ਚੱਕਰਦਾ ਸਾਹਮਣਾ ਕਰਨਾ ਪੈਂਦਾ ਸੀ। ਸਮੇਂ ਦੇ ਨਾਲ, ਲਗਾਤਾਰ ਮੰਗਾਂ ਨੇ ਮਾੜਾ ਪ੍ਰਭਾਵ ਪਾਉਣਾ ਸ਼ੁਰੂ ਕਰ ਦਿੱਤਾ।

ਉਸ ਦੀ ਇਹ ਹੱਡਬੀਤੀ ਉਦੋਂ ਤੋਂ ਬਹੁਤ ਸਾਰੇ ਨੌਜਵਾਨ ਪੇਸ਼ੇਵਰਾਂ ਦੇ ਮਨਾਂ ਵਿੱਚ ਘਰ ਕਰ ਗਈ ਹੈ, ਖਾਸ ਤੌਰ 'ਤੇ ਉਹ ਜੋ ਉੱਚ-ਦਬਾਅ ਵਾਲੀਆਂ ਕਾਰਪੋਰੇਟ ਭੂਮਿਕਾਵਾਂ ਵਿੱਚ ਕੰਮ ਕਰ ਰਹੇ ਹਨ। ਇਸ ਵੀਡੀਓ ਨੇ ਗੈਰ-ਯਥਾਰਥਵਾਦੀ ਉਮੀਦਾਂ, ਕੰਮ ਦੇ ਲੰਬੇ ਘੰਟਿਆਂ ਅਤੇ ਕੰਮ ਵਾਲੀ ਥਾਂ 'ਤੇ ਸਿਹਤਮੰਦ ਅਭਿਆਸਾਂ ਦੀ ਲੋੜ ਬਾਰੇ ਚਰਚਾ ਛੇੜ ਦਿੱਤੀ ਹੈ।

# ਰਸੋਈ ਗੈਸ ਦਾ ਸੰਕਟ ਹੋਵੇਗਾ ਖ਼ਤਮ, 12,500 ਕਰੋੜ ਦੇ ਪ੍ਰੋਜੈਕਟ ਨੂੰ ਮਿਲੀ ਮਨਜ਼ੂਰੀ



ਨਵੀਂ ਦਿੱਲੀ, 18 ਅਪ੍ਰੈਲ (ਪ੍ਰਤੀਨਿਧੀ) : ਮੱਧ ਪੂਰਬ ਵਿੱਚ ਵਧਦੇ ਤਣਾਅ ਅਤੇ ਵਿਸ਼ਵ ਪੱਧਰ 'ਤੇ ਰਸੋਈ ਗੈਸ ਤੇ ਪੈਟਰੋਲ ਦੀਆਂ ਵਧਦੀਆਂ ਕੀਮਤਾਂ ਦੇ ਵਿਚਕਾਰ ਭਾਰਤ ਸਰਕਾਰ ਨੇ ਦੇਸ਼ ਵਾਸੀਆਂ ਨੂੰ ਵੱਡੀ ਰਾਹਤ ਦੇਣ ਦੀ ਤਿਆਰੀ ਕਰ ਲਈ ਹੈ। ਸਰਕਾਰ ਨੇ ਰਸੋਈ ਗੈਸ (ਐਲ.ਪੀ.ਜੀ.) ਦੀ ਸਪਲਾਈ ਨੂੰ ਸੁਰੱਖਿਅਤ, ਸਸਤਾ ਅਤੇ ਸੁਚਾਰੂ ਬਣਾਉਣ ਲਈ ਇੱਕ ਮੈਗਾ ਪ੍ਰੋਜੈਕਟ ਨੂੰ ਮਨਜ਼ੂਰੀ ਦਿੱਤੀ ਹੈ। ਇਸ ਤਹਿਤ ਪੈਟਰੋਲੀਅਮ ਬੋਰਡ ਨੇ ਦੇਸ਼ ਵਿੱਚ 2,500 ਕਿਲੋਮੀਟਰ ਲੰਬੀ 4 ਨਵੀਂ ਐਲ.ਪੀ.ਜੀ. ਪਾਈਪਲਾਈਨਾਂ ਵਿਛਾਉਣ ਲਈ ਟੈਂਡਰ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ।

**ਸੜਕਾਂ ਤੋਂ ਹਟਣਗੇ ਟੈਂਕਰ, ਘਟੇਗਾ ਹਾਦਸਿਆਂ ਦਾ ਖ਼ਤਰਾ**

ਇਸ ਪੂਰੇ ਪ੍ਰੋਜੈਕਟ 'ਤੇ ਸਰਕਾਰ ਕਰੀਬ 12,500 ਕਰੋੜ ਰੁਪਏ ਖਰਚ ਕਰਨ ਜਾ ਰਹੀ ਹੈ। ਮੌਜੂਦਾ ਸਮੇਂ ਵਿੱਚ ਗੈਸ ਨੂੰ ਰਿਫਾਇਨਰੀ ਤੋਂ ਪਲਾਂਟ ਤੱਕ ਪਹੁੰਚਾਉਣ ਲਈ ਵੱਡੇ ਟੈਂਕਰਾਂ ਅਤੇ ਟਰੱਕਾਂ ਦੀ ਵਰਤੋਂ ਕੀਤੀ ਜਾਂਦੀ ਹੈ। ਪਾਈਪਲਾਈਨ ਵਿਛਣ ਨਾਲ ਨਾ ਸਿਰਫ਼ ਸੜਕ ਹਾਦਸਿਆਂ ਦਾ ਡਰ ਖ਼ਤਮ ਹੋਵੇਗਾ, ਸਗੋਂ ਗੈਸ ਦੀ ਢੋਆ-ਢੁਆਈ ਦਾ ਖ਼ਰਚਾ ਵੀ ਕਾਫੀ ਘਟ ਜਾਵੇਗਾ।

ਇਸ ਤੋਂ ਇਲਾਵਾ, ਟਰੱਕਾਂ ਦੇ ਧੂੰਏਂ ਵਿੱਚ ਕਮੀ ਆਉਣ ਨਾਲ ਵਾਤਾਵਰਣ ਨੂੰ ਵੀ ਫਾਇਦਾ ਮਿਲੇਗਾ। ਇਹ ਹੋਣਗੇ 4 ਮੁੱਖ ਰੂਟ: ਗੈਸ ਸਪਲਾਈ ਨੂੰ ਸਿੱਧਾ ਬੋਟਲਿੰਗ ਪਲਾਂਟਾਂ ਨਾਲ ਜੋੜਨ ਲਈ ਸਰਕਾਰ ਨੇ ਹੇਠ ਲਿਖੇ ਚਾਰ ਰੂਟਾਂ ਦੀ ਚੋਣ ਕੀਤੀ ਹੈ:

# ਦਿੱਲੀ ਦੇ ਸੀਆਰ ਪਾਰਕ ਇਲਾਕੇ 'ਚ ਪਿਓ-ਪੁੱਤਰ ਦਾ ਕਤਲ

## ਪੈਸੇ ਦੇ ਲੈਣ-ਦੇਣ ਨੂੰ ਲੈ ਕੇ ਨੌਜਵਾਨ ਨੇ ਦਿੱਤਾ ਵਾਰਦਾਤ ਨੂੰ ਅੰਜਾਮ

ਨਵੀਂ ਦਿੱਲੀ, 18 ਅਪ੍ਰੈਲ (ਪ੍ਰਤੀਨਿਧੀ) : ਦੱਖਣੀ ਦਿੱਲੀ ਦੇ ਸੀ.ਆਰ. ਪਾਰਕ ਇਲਾਕੇ ਵਿੱਚ ਇੱਕ ਸਨਸਨੀਖੇਜ਼ ਦੋਹਰਾ ਕਤਲ ਹੋਇਆ ਹੈ। ਇਥੇ ਇੱਕ ਪਿਤਾ ਅਤੇ ਪੁੱਤਰ ਦੀ ਬੇਰਹਿਮੀ ਨਾਲ ਹੱਤਿਆ ਕਰ ਦਿੱਤੀ ਗਈ। ਇਸ ਘਟਨਾ ਨਾਲ ਪੂਰੇ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਹੈ ਅਤੇ ਪੁਲਿਸ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ। ਰਿਪੋਰਟਾਂ ਅਨੁਸਾਰ, ਮ੍ਰਿਤਕਾਂ ਦੀ ਪਛਾਣ ਪਿਤਾ ਰਾਕੇਸ਼ (60) ਅਤੇ ਪੁੱਤਰ ਕਰਨ (30) ਵਜੋਂ ਹੋਈ ਹੈ। ਇਹ ਘਟਨਾ ਤਾਰਾ ਅਪਾਰਟਮੈਂਟ ਦੇ ਇੱਕ ਫਲੈਟ ਦੇ ਅੰਦਰ ਵਾਪਰੀ। ਦੱਸਿਆ ਜਾ ਰਿਹਾ ਹੈ ਕਿ ਮੁਲਜ਼ਮ ਦਾ ਪਿਤਾ-ਪੁੱਤਰ ਨਾਲ ਵਿੱਤੀ ਝਗੜਾ ਹੋਇਆ ਸੀ। ਇਹ ਝਗੜਾ ਹਿੰਸਾ ਵਿੱਚ ਬਦਲ ਗਿਆ। ਸੂਤਰਾਂ ਅਨੁਸਾਰ, ਮੁਲਜ਼ਮ ਪਹਿਲਾਂ ਮ੍ਰਿਤਕਾਂ ਦੇ ਘਰ ਪਹੁੰਚਿਆ, ਜਿੱਥੇ ਪਹਿਲਾਂ ਝਗੜਾ ਹੋਇਆ। ਇਹ ਝਗੜਾ ਜਲਦੀ ਹੀ ਹਿੰਸਕ ਹੋ ਗਿਆ, ਅਤੇ ਮੁਲਜ਼ਮ ਨੇ ਪਿਤਾ ਅਤੇ ਪੁੱਤਰ 'ਤੇ ਚਾਕੂ ਨਾਲ ਹਮਲਾ ਕਰ ਦਿੱਤਾ। ਦੋਵੇਂ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ ਅਤੇ ਅਪਾਰਟਮੈਂਟ ਵਿੱਚ ਖ਼ੂਨ ਵਹਿਣ ਲੱਗ ਪਿਆ। ਘਟਨਾ ਤੋਂ ਬਾਅਦ, ਦੋਵਾਂ ਨੂੰ ਤੁਰੰਤ ਇਲਾਜ ਲਈ ਮੈਕਸ ਹਸਪਤਾਲ ਲਿਜਾਇਆ ਗਿਆ। ਡਾਕਟਰਾਂ ਨੇ ਉਨ੍ਹਾਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ, ਪਰ ਇਲਾਜ ਦੌਰਾਨ ਦੋਵਾਂ ਨੇ ਦਮ ਤੋੜ ਦਿੱਤਾ। ਦੋਹਰੇ ਕਤਲ ਦੀ ਖ਼ਬਰ ਨਾਲ ਇਲਾਕੇ ਵਿੱਚ ਸੋਗ ਦੀ ਲਹਿਰ ਫੈਲ ਗਈ। ਨੇੜਲੇ ਵਸਨੀਕ ਡਰੇ ਹੋਏ ਹਨ ਅਤੇ ਪੁਲਿਸ ਮੌਕੇ 'ਤੇ ਪਹੁੰਚ ਗਈ ਹੈ ਅਤੇ ਜਾਂਚ ਸ਼ੁਰੂ ਕਰ ਦਿੱਤੀ ਹੈ।

# ਰਾਹੁਲ ਗਾਂਧੀ ਵਿਰੁੱਧ ਦੋਹਰੀ ਨਾਗਰਿਕਤਾ ਮਾਮਲੇ 'ਚ ਐਫ.ਆਈ.ਆਰ. ਦੇ ਹੁਕਮ ਹੈਰਾਨੀਜਨਕ ਅਤੇ ਬੇਲੋੜੇ: ਗਹਿਲੋਤ

ਜੈਪੁਰ, 18 ਅਪ੍ਰੈਲ (ਪ੍ਰਤੀਨਿਧੀ) : ਰਾਜਸਥਾਨ ਦੇ ਸਾਬਕਾ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਸ਼ਨਿਚਰਵਾਰ ਨੂੰ ਕਾਂਗਰਸ ਦੇ ਸੰਸਦ ਮੈਂਬਰ ਰਾਹੁਲ ਗਾਂਧੀ ਵਿਰੁੱਧ ਕਥਿਤ ਦੋਹਰੀ ਨਾਗਰਿਕਤਾ ਮਾਮਲੇ ਵਿੱਚ ਐੱਫ ਆਈ ਆਰ ਦਰਜ ਕਰਨ ਦੇ ਅਲਾਹਾਬਾਦ ਹਾਈ ਕੋਰਟ ਦੇ ਹੁਕਮਾਂ ਨੂੰ ਹੈਰਾਨੀਜਨਕ ਅਤੇ ਬੇਲੋੜਾ ਕਰਾਰ ਦਿੱਤਾ ਹੈ।




ਰਾਜਸਥਾਨ ਦੇ ਸਾਬਕਾ ਮੁੱਖ ਮੰਤਰੀ ਨੇ ਕਿਹਾ, 'ਰਾਹੁਲ ਗਾਂਧੀ ਵਿਰੁੱਧ ਬ੍ਰਿਟਿਸ਼ ਨਾਗਰਿਕਤਾ ਦੇ ਬੇਬੁਨਿਆਦ ਦੋਸ਼ਾਂ ਦੀ ਜਾਂਚ ਲਈ ਅਲਾਹਾਬਾਦ ਹਾਈ ਕੋਰਟ ਵੱਲੋਂ ਐੱਫ ਆਈ ਆਰ ਦਾ ਹੁਕਮ ਦੇਣਾ ਹੈਰਾਨੀਜਨਕ ਹੈ ਅਤੇ ਇਹ ਨਿਆਂਪਾਲਿਕਾ ਵੱਲੋਂ ਕਾਰਜਪਾਲਿਕਾ 'ਤੇ ਬੇਲੋੜਾ ਬੋਝ ਪਾਉਣ ਦੇ ਬਰਾਬਰ ਹੈ।' ਗਹਿਲੋਤ ਨੇ ਕਿਹਾ, 'ਇਸ ਤੋਂ ਪਹਿਲਾਂ, ਜੁਲਾਈ 2025 ਵਿੱਚ ਇਲਾਹਾਬਾਦ ਹਾਈ ਕੋਰਟ ਅਤੇ 2019 ਵਿੱਚ ਸੁਪਰੀਮ ਕੋਰਟ ਦੇ ਮੁੱਖ ਜੱਜ ਵੱਲੋਂ ਅਜਿਹੀਆਂ ਪਟੀਸ਼ਨਾਂ ਨੂੰ ਖਾਰਜ ਕਰ ਦਿੱਤਾ ਗਿਆ ਸੀ। ਇਸ ਦੇ ਬਾਵਜੂਦ, ਹੁਣ ਜਾਂਚ ਦੇ ਹੁਕਮ ਦੇਣਾ ਸਮਝ ਤੋਂ ਬਾਹਰ ਹੈ।'

ਸ਼ੁੱਕਰਵਾਰ ਨੂੰ ਅਲਾਹਾਬਾਦ ਹਾਈ ਕੋਰਟ ਦੇ ਲਖਨਊ ਬੈਂਚ ਨੇ ਇੱਕ ਭਾਜਪਾ ਵਰਕਰ ਵੱਲੋਂ ਦਾਇਰ ਪਟੀਸ਼ਨ ਦੇ ਅਧਾਰ 'ਤੇ ਰਾਹੁਲ ਗਾਂਧੀ ਵਿਰੁੱਧ ਐੱਫ ਆਈ ਆਰ ਦਰਜ ਕਰਨ ਦੇ ਨਿਰਦੇਸ਼ ਦਿੱਤੇ ਸਨ, ਜਿਸ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਕਾਂਗਰਸੀ ਆਗੂ ਯੂਕੇ ਦਾ ਨਾਗਰਿਕ ਹੈ ਅਤੇ ਉਸ ਨੇ ਐੱਮ/ਐੱਸ ਬੈਕਓਪਸ ਲਿਮਟਿਡ ਨਾਮਕ ਕੰਪਨੀ ਬਣਾਈ ਸੀ, ਜੋ ਅਗਸਤ 2003 ਵਿੱਚ ਰਜਿਸਟਰਡ ਹੋਈ ਸੀ।

ਪਟੀਸ਼ਨਕਰਤਾ ਐਸ ਵਿਗਨੇਸ਼ ਸ਼ਿਸ਼ਿਰ, ਜੋ ਕਿ ਕਰਨਾਟਕ ਤੋਂ ਭਾਜਪਾ ਵਰਕਰ ਹੈ, ਨੇ ਇਹ ਵੀ ਦਲੀਲ ਦਿੱਤੀ ਕਿ ਗਾਂਧੀ ਨੇ ਸਪੱਸ਼ਟ ਤੌਰ 'ਤੇ ਸਵੀਕਾਰ ਕੀਤਾ ਸੀ ਅਤੇ ਆਪਣੀ ਕੌਮੀਅਤ ਸਵੈ-ਇੱਛਾ ਨਾਲ ਬ੍ਰਿਟਿਸ਼ ਘੋਸ਼ਿਤ ਕੀਤੀ ਸੀ, ਜਿਸ ਕੋਲ ਡਾਇਰੈਕਟਰ ਆਈਡੈਂਟੀਫਿਕੇਸ਼ਨ ਆਈਡੀ ਅਤੇ ਲੰਡਨ ਤੇ ਹੈਂਪਸ਼ਾਇਰ ਦੇ ਪਤੇ ਸਨ। ਸ਼ਿਕਾਇਤ ਸ਼ੁਰੂ ਵਿੱਚ ਰਾਏਬਰੇਲੀ ਦੀ ਇੱਕ ਵਿਸ਼ੇਸ਼ ਐੱਮਪੀ/ਐੱਮਐੱਲਏ ਅਦਾਲਤ ਵਿੱਚ ਦਰਜ ਕੀਤੀ ਗਈ ਸੀ। ਹਾਲਾਂਕਿ, ਪਟੀਸ਼ਨਕਰਤਾ ਦੀ ਬੇਨਤੀ 'ਤੇ, ਹਾਈ ਕੋਰਟ ਨੇ ਪਿਛਲੇ ਦਸੰਬਰ ਵਿੱਚ ਕੇਸ ਲਖਨਊ ਦੀ ਐੱਮਪੀ/ਐੱਮਐੱਲਏ ਅਦਾਲਤ ਵਿੱਚ ਤਬਦੀਲ ਕਰ ਦਿੱਤਾ ਸੀ, ਜਿਸ ਨੇ 28 ਜਨਵਰੀ ਨੂੰ ਪਟੀਸ਼ਨ ਖਾਰਜ ਕਰ ਦਿੱਤੀ ਸੀ, ਜਿਸ ਤੋਂ ਬਾਅਦ ਸ਼ਿਸ਼ਿਰ ਨੇ ਹਾਈ ਕੋਰਟ ਦਾ ਰੁਖ ਕੀਤਾ। ਗਹਿਲੋਤ ਨੇ ਕਿਹਾ, 'ਉਨ੍ਹਾਂ ਦੇ ਪੜਦਾਦਾ (ਜਵਾਹਰ ਲਾਲ ਨਹਿਰੂ) ਨੇ ਅੰਗਰੇਜ਼ਾਂ ਵਿਰੁੱਧ ਲੜਦਿਆਂ 10 ਸਾਲ ਜੇਲ੍ਹ ਵਿੱਚ ਬਿਤਾਏ ਅਤੇ ਆਪਣੀ ਸਾਰੀ ਜਾਇਦਾਦ ਆਜ਼ਾਦੀ ਦੀ ਲੜਾਈ ਲਈ ਦਾਨ ਕਰ ਦਿੱਤੀ। ਰਾਹੁਲ ਗਾਂਧੀ ਨੇ ਖੁਦ ਦੇਸ਼ ਵਿੱਚ ਵਧ ਰਹੇ ਤਣਾਅ ਨੂੰ ਘੱਟ ਕਰਨ ਅਤੇ ਪਿਆਰ, ਸਦਭਾਵਨਾ ਤੇ ਭਾਈਚਾਰੇ ਨੂੰ ਹੁਲਾਰਾ ਦੇਣ ਲਈ ਦੇਸ਼ ਵਿਆਪੀ ਪੈਦਲ ਯਾਤਰਾ ਕੀਤੀ। ਉਨ੍ਹਾਂ ਵਰਗੇ ਵਿਅਕਤੀ ਵਿਰੁੱਧ ਅਜਿਹੀ ਕਾਰਵਾਈ ਬੇਹੱਦ ਮੰਦਭਾਗੀ ਹੈ।'

# ਕਾਂਗਰਸ ਨੇ ਔਰਤਾਂ ਨੂੰ ਅਧਿਕਾਰ ਤੋਂ ਵਾਂਝੇ ਰੱਖਣ ਦਾ ਜਸ਼ਨ ਮਨਾਇਆ, ਸਮ੍ਰਿਤੀ ਈਰਾਨੀ ਦਾ ਪ੍ਰਿਯੰਕਾ ਗਾਂਧੀ ਤੇ ਪਲਟਵਾਰ

ਨਵੀਂ ਦਿੱਲੀ, 18 ਅਪ੍ਰੈਲ (ਪ੍ਰਤੀਨਿਧੀ) : ਲੋਕ ਸਭਾ 'ਚ ਸ਼ੁੱਕਰਵਾਰ ਨੂੰ ਮਹਿਲਾ ਰਾਖਵਾਂਕਰਨ ਨਾਲ ਜੁੜੇ ਸੰਵਿਧਾਨ ਸੋਧ ਬਿੱਲ ਡਿੱਗ ਗਏ। ਇਹ ਬਿੱਲ ਲੋਕ ਸਭਾ 'ਚ ਡਿੱਗਣ ਮਗਰੋਂ ਸਿਆਸੀ ਦਲਾਂ ਵਿਚਾਲੇ ਟਕਰਾਅ ਸੰਸਦ ਤੋਂ ਸੜਕਾਂ 'ਤੇ ਆ ਗਿਆ ਹੈ। ਕਾਂਗਰਸ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਨੇ ਪ੍ਰੈੱਸ ਕਾਨਫਰੰਸ ਕਰ ਕੇ ਲੋਕ ਸਭਾ ਦੀ ਮੌਜੂਦਾ ਮੈਂਬਰ ਗਿਣਤੀ 'ਚ ਹੀ ਮਹਿਲਾ ਰਾਖਵਾਂਕਰਨ ਲਾਗੂ ਕਰਨ ਦੀ ਗੱਲ ਕਹੀ। ਉਨ੍ਹਾਂ ਨੇ ਇਹ ਬਿੱਲ ਡਿੱਗਣ ਨੂੰ ਸੰਵਿਧਾਨ ਅਤੇ ਵਿਰੋਧੀ ਧਿਰ ਦੀ ਏਕਤਾ ਦੀ ਜਿੱਤ ਦੱਸਿਆ।



ਪ੍ਰਿਯੰਕਾ ਦੇ ਇਸ ਬਿਆਨ ਤੋਂ ਬਾਅਦ ਭਾਜਪਾ ਵਲੋਂ ਰਵੀਸ਼ੰਕਰ ਪ੍ਰਸਾਦ ਅਤੇ ਸਮਰਿਤੀ ਈਰਾਨੀ ਨੇ ਪ੍ਰੈੱਸ ਕਾਨਫਰੰਸ ਕਰ ਕੇ ਪਲਟਵਾਰ ਕੀਤਾ। ਸਮਰਿਤੀ ਈਰਾਨੀ ਨੇ ਕਾਂਗਰਸ ਨੂੰ ਘੇਰਦੇ ਹੋਏ ਕਿਹਾ ਕਿ ਪ੍ਰੈੱਸ ਕਾਨਫਰੰਸ 'ਚ ਇਕ ਅਹਿਸਾਨ ਜਤਾਇਆ ਗਿਆ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਨੇ ਇਸ ਗੱਲ ਦਾ ਜਸ਼ਨ ਮਨਾਇਆ ਕਿ ਦੇਸ਼ ਦੀਆਂ ਔਰਤਾਂ ਦਾ ਅਧਿਕਾਰ ਕਿਵੇਂ ਖੋਹਿਆ ਗਿਆ। ਸਮਰਿਤੀ ਨੇ ਕਿਹਾ ਕਿ ਅੱਜ ਕਾਂਗਰਸ ਵਲੋਂ ਤੰਜ਼ ਕੱਸਿਆ ਗਿਆ ਕਿ ਭਾਜਪਾ 'ਚ ਕਿਸੇ ਨੇ ਮਸੀਹਾ ਬਣਨ ਦੀ ਕੋਸ਼ਿਸ਼ ਕੀਤੀ। ਜਦੋਂ ਕਾਂਗਰਸ ਦੀ ਸਰਕਾਰ ਸੀ ਤਾਂ ਤਿੰਨ ਤਲਾਕ ਇਕ ਸ਼ਰਾਪ ਬਣ ਕੇ ਰਿਹਾ। ਰਵੀਸ਼ੰਕਰ ਪ੍ਰਸਾਦ ਨੇ ਪ੍ਰਿਯੰਕਾ ਦੇ ਬਿਆਨ 'ਤੇ ਪ੍ਰਤੀਕਿਰਿਆ ਜ਼ਾਹਰ ਕਰਦੇ ਹੋਏ ਕਿਹਾ ਕਿ ਮੈਂ ਆਮ ਤੌਰ 'ਤੇ ਪ੍ਰਿਯੰਕਾ 'ਤੇ ਟਿੱਪਣੀ ਨਹੀਂ ਕਰਦਾ। ਉਨ੍ਹਾਂ ਕਿਹਾ ਕਿ ਪਰ ਅੱਜ ਪ੍ਰਿਯੰਕਾ ਨੇ ਕੀ ਬੋਲਿਆ ਕਿ ਦੇਸ਼ ਦੀ ਔਰਤਾਂ ਦਾ ਇਸਤੇਮਾਲ ਕੀਤਾ ਜਾ ਰਿਹਾ ਹੈ। ਉਨ੍ਹਾਂ ਦੀ ਭਾਸ਼ਾ ਗਲਤ ਸੀ। ਔਰਤਾਂ ਕੋਈ ਵਸਤੂ ਨਹੀਂ ਹਨ। ਰਵੀਸ਼ੰਕਰ ਨੇ ਕਿਹਾ ਕਿ ਔਰਤਾਂ ਦੀਆਂ ਇੱਛਾਵਾਂ ਨੂੰ ਕੁਚਲਿਆ ਗਿਆ। ਕਾਂਗਰਸ ਦਾ ਬੇਰਹਿਮ ਚਿਹਰਾ ਸਾਹਮਣੇ ਆਇਆ ਹੈ। ਇਹ ਦਰਦ ਹਰ ਔਰਤ ਯਾਦ ਰੱਖੇਗੀ। ਉਨ੍ਹਾਂ ਨੇ ਕਾਂਗਰਸ ਦੀ ਸਮਝ 'ਤੇ ਵੀ ਸਵਾਲ ਚੁੱਕੇ ਅਤੇ ਕਿਹਾ ਕਿ ਉਨ੍ਹਾਂ ਨੂੰ ਸੰਵਿਧਾਨ ਸਮਝਣਾ ਪਵੇਗਾ।

# ਖੇਤਾਂ 'ਚ ਪਾਣੀ ਲਾਉਂਦੇ ਸਮੇਂ ਕਰੰਟ ਲੱਗਣ ਨਾਲ ਪਤੀ-ਪਤਨੀ ਦੀ ਮੌਤ

ਕਟਿਹਾਰ, 18 ਅਪ੍ਰੈਲ (ਪ੍ਰਤੀਨਿਧੀ) : ਬਿਹਾਰ ਦੇ ਕਟਿਹਾਰ ਜ਼ਿਲ੍ਹੇ ਦੇ ਮਨਿਹਾਰੀ ਥਾਣਾ ਖੇਤਰ ਵਿੱਚ ਸ਼ਨੀਵਾਰ ਨੂੰ ਇੱਕ ਬਹੁਤ ਹੀ ਮੰਦਭਾਗੀ ਘਟਨਾ ਵਾਪਰੀ, ਜਿੱਥੇ ਬਿਜਲੀ ਦਾ ਕਰੰਟ ਲੱਗਣ ਕਾਰਨ ਇੱਕ ਵਿਆਹੁਤਾ ਜੋੜੇ ਦੀ ਮੌਤ ਹੋ ਗਈ। ਮ੍ਰਿਤਕਾਂ ਦੀ ਪਛਾਣ ਨਾਰਾਇਣਪੁਰ ਪੰਚਾਇਤ ਦੇ ਚਿਕਨੀ ਪਿੰਡ ਦੇ ਰਹਿਣ ਵਾਲੇ ਰੰਜਨ ਠਾਕੁਰ ਅਤੇ ਉਨ੍ਹਾਂ ਦੀ ਪਤਨੀ ਰੰਜਨਾ ਦੇਵੀ ਵਜੋਂ ਹੋਈ ਹੈ।

ਮਿਲੀ ਜਾਣਕਾਰੀ ਅਨੁਸਾਰ, ਇਹ ਜੋੜਾ ਆਪਣੇ ਖੇਤਾਂ ਵਿੱਚ ਪਾਣੀ ਲਾਉਣ ਲਈ ਗਿਆ ਹੋਇਆ ਸੀ। ਇਸੇ ਦੌਰਾਨ ਉਹ ਖੇਤ ਵਿੱਚ ਲੱਗੀ ਬਿਜਲੀ ਦੀ ਤਾਰ ਦੇ ਸੰਪਰਕ ਵਿੱਚ ਆ ਗਏ, ਜਿਸ ਕਾਰਨ ਦੋਵਾਂ ਨੂੰ ਜ਼ਬਰਦਸਤ ਕਰੰਟ ਲੱਗ ਗਿਆ। ਹਾਦਸੇ ਤੋਂ ਤੁਰੰਤ ਬਾਅਦ ਉਨ੍ਹਾਂ ਨੂੰ ਇਲਾਜ ਲਈ ਮਨਿਹਾਰੀ ਸਬ-ਡਵੀਜ਼ਨਲ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ।

# ਸਾਬਕਾ ਮੰਤਰੀ ਦੇ ਬੇਟੇ 'ਤੇ ਲੱਗਾ ਛੇੜਛਾੜ ਦਾ ਦੋਸ਼, ਪੁਲਿਸ ਨੇ ਕੀਤਾ ਗ੍ਰਿਫ਼ਤਾਰ

ਮੁਜ਼ੱਫਰਨਗਰ, 18 ਅਪ੍ਰੈਲ (ਪ੍ਰਤੀਨਿਧੀ) : ਉੱਤਰ ਪ੍ਰਦੇਸ਼ ਦੇ ਮੁਜ਼ੱਫਰਨਗਰ ਜ਼ਿਲ੍ਹੇ ਦੇ ਨਵੀਂ ਮੰਡੀ ਥਾਣੇ ਦੀ ਪੁਲਿਸ ਨੇ ਇਕ ਕੁੜੀ ਨਾਲ ਛੇੜਛਾੜ ਕਰਨ ਅਤੇ ਅਪਸ਼ਬਦ ਕਹਿਣ ਦੇ ਦੋਸ਼ 'ਚ ਸਾਬਕਾ ਮੰਤਰੀ ਦੇ ਬੇਟੇ ਸਮੇਤ 2 ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਨੇ ਸ਼ਨੀਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਿਸ ਅਨੁਸਾਰ ਗ੍ਰਿਫ਼ਤਾਰ ਦੋਸ਼ੀਆਂ ਦੀ ਪਛਾਣ ਉੱਤਰ ਪ੍ਰਦੇਸ਼ ਦੇ ਸਾਬਕਾ ਮੰਤਰੀ ਸੁਧੀਰ ਕੁਮਾਰ ਬਾਲਿਆਨ ਦੇ ਬੇਟੇ ਆਰਿਆਮਨ ਰਘੁਵੰਸ਼ੀ (28) ਅਤੇ ਇਕ ਹੋਰ ਨੌਜਵਾਨ ਸ਼ੌਰਿਆ ਗੁਪਤਾ (18) ਵਜੋਂ ਹੋਈ। ਪੁਲਿਸ ਸੁਪਰਡੈਂਟ ਅੰਮ੍ਰਿਤ ਜੈਨ ਨੇ ਸ਼ਨੀਵਾਰ ਨੂੰ ਦੱਸਿਆ ਕਿ ਦੋਵੇਂ ਦੋਸ਼ੀਆਂ ਖ਼ਿਲਾਫ਼ ਭਾਰਤੀ ਨਿਆਂ ਸੰਹਿਤਾ (ਬੀਐੱਨਐੱਸ) ਦੀਆਂ ਸੰਬੰਧਤ ਧਾਰਾਵਾਂ ਦੇ ਅਧੀਨ ਮਾਮਲਾ ਦਰਜ ਕੀਤਾ ਗਿਆ ਹੈ।



ਜੈਨ ਨੇ ਦੱਸਿਆ ਕਿ ਸੀਸੀਟੀਵੀ ਫੁਟੇਜ ਦੇ ਆਧਾਰ 'ਤੇ ਦੋਸ਼ੀਆਂ ਦੀ ਪਛਾਣ ਕੀਤੀ ਗਈ। ਉਨ੍ਹਾਂ ਕਿਹਾ ਕ ਪੀੜਤਾ ਦੇ ਭਰਾ ਦੀ ਸ਼ਿਕਾਇਤ ਅਨੁਸਾਰ, ਦੋਵਾਂ ਦੋਸ਼ੀਆਂ ਨੇ ਸ਼ਰਾਬ ਦੇ ਨਸ਼ੇ 'ਚ ਸਕੂਟੀ 'ਤੇ ਸਵਾਰ ਹੋ ਕੇ ਨਵੀਂ ਮੰਡੀ ਖੇਤਰ 'ਚ ਉਸ ਦੀ ਭੈਣ ਨਾਲ ਛੇੜਛਾੜ ਕੀਤੀ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ। ਦੱਸਣਯੋਗ ਹੈ ਕਿ ਸੁਧੀਰ ਕੁਮਾਰ ਬਾਲਿਆਨ ਸਾਲ 1991 'ਚ ਭਾਜਪਾ ਦੇ ਟਿਕਟ 'ਤੇ ਜ਼ਿਲ੍ਹੇ ਦੀ ਖਤੌਲੀ ਵਿਧਾਨ ਸਭਾ ਸੀਟ ਤੋਂ ਚੋਣ ਜਿੱਤੀ ਸੀ ਅਤੇ ਉਨ੍ਹਾਂ ਨੂੰ ਕਲਿਆਣ ਸਿੰਘ ਦੀ ਅਗਵਾਈ ਵਾਲੀ ਸਰਕਾਰ 'ਚ ਸਹਿਕਾਰਿਤਾ ਮੰਤਰੀ ਬਣਾਇਆ ਗਿਆ ਸੀ।

# ਕਾਂਗਰਸ ਹੁਣ ਇੱਕ ਪਾਰਟੀ ਨਹੀਂ ਰਹੀ, ਇਹ ਇੱਕ ਖੰਡਿਤ ਪਰਿਵਾਰ ਹੈ: ਅਨਿਲ ਵਿਜ




ਚੰਡੀਗੜ੍ਹ, 18 ਅਪ੍ਰੈਲ (ਪ੍ਰਤੀਨਿਧੀ) : ਹਰਿਆਣਾ ਦੇ ਊਰਜਾ, ਆਵਾਜਾਈ ਅਤੇ ਕਿਰਤ ਮੰਤਰੀ, ਸ਼੍ਰੀ ਅਨਿਲ ਵਿਜ ਨੇ ਅੱਜ ਬਾਬਰੀ ਮਸਜਿਦ ਦੇ ਪੁਨਰ ਨਿਰਮਾਣ ਨੂੰ ਲੈ ਕੇ ਮੁਅੱਤਲ ਟੀਐਮਸੀ ਵਿਧਾਇਕ ਅਤੇ ਆਮ ਜਨਤਾ ਉੰਨਤੀ ਪਾਰਟੀ ਦੇ ਸੰਸਥਾਪਕ ਹੁਮਾਯੂੰ ਕਬੀਰ 'ਤੇ ਜ਼ੁਬਾਨੀ ਹਮਲਾ ਕਰਦਿਆਂ ਕਿਹਾ ਕਿ ਜੇਕਰ ਉਹ (ਹੁਮਾਯੂੰ ਕਬੀਰ) ਆਪਣੇ ਪਿਤਾ ਦੇ ਨਾਮ 'ਤੇ ਮਸਜਿਦ ਬਣਾਉਂਦੇ ਹਨ, ਤਾਂ ਕੋਈ ਵੀ ਇਸਦਾ ਵਿਰੋਧ ਨਹੀਂ ਕਰੇਗਾ। ਵਿਜ ਨੇ ਅੱਜ ਹੁਮਾਯੂੰ ਕਬੀਰ ਦੇ ਬਿਆਨ ਕਿ ਬੰਗਾਲ ਵਿੱਚ ਬਾਬਰੀ ਮਸਜਿਦ ਨੂੰ ਬਣਨ ਤੋਂ ਕੋਈ ਨਹੀਂ ਰੋਕ ਸਕਦਾ, ਬਾਰੇ ਮੀਡੀਆ ਦੇ ਇੱਕ ਸਵਾਲ ਦਾ ਤਿੱਖਾ ਜਵਾਬ ਦਿੱਤਾ।

ਉਨ੍ਹਾਂ ਕਿਹਾ, -ਜੇਕਰ ਉਹ (ਹੁਮਾਯੂੰ ਕਬੀਰ) ਮਸਜਿਦ ਬਣਾਉਣਾ ਚਾਹੁੰਦਾ ਹੈ, ਤਾਂ ਉਸਨੂੰ ਆਪਣੇ ਪਿਤਾ ਦੇ ਨਾਮ 'ਤੇ ਬਣਾਉਣਾ ਚਾਹੀਦਾ ਹੈ। ਉਸਨੂੰ ਕੌਣ ਰੋਕ ਰਿਹਾ ਹੈ ? ਪਰ ਉਨ੍ਹਾਂ ਲੋਕਾਂ ਦੇ ਨਾਮ ਦੀ ਵਡਿਆਈ ਕਿਉਂ ਕਰਨੀ ਚਾਹੀਦੀ ਹੈ ਜਿਨ੍ਹਾਂ ਨੇ ਸਾਡੇ 'ਤੇ ਹਮਲਾ ਕੀਤਾ, ਸਾਡੀ ਸੰਸਕ੍ਰਿਤੀ ਨੂੰ ਤਬਾਹ ਕੀਤਾ, ਬਾਹਰੋਂ ਆਏ ਅਤੇ ਸਾਡੇ 'ਤੇ ਜ਼ੁਲਮ ਕੀਤੇ, ਅਤੇ ਸਾਨੂੰ ਸਤਾਇਆ ?

ਵਿਜ ਨੇ ਕਿਹਾ, 'ਜੇਕਰ ਉਹ ਆਪਣੇ ਪਿਤਾ ਦੇ ਨਾਮ 'ਤੇ ਮਸਜਿਦ ਬਣਾਉਂਦੇ ਹਨ, ਤਾਂ ਕੋਈ ਵੀ ਇਸਦਾ ਵਿਰੋਧ ਨਹੀਂ ਕਰੇਗਾ। ਹਰਿਆਣਾ ਕਾਂਗਰਸ ਵੱਲੋਂ ਪੰਜ ਵਿਧਾਇਕਾਂ ਨੂੰ ਕਰਾਸ ਵੋਟਿੰਗ ਲਈ ਮੁਅੱਤਲ ਕਰਨ ਅਤੇ ਭਾਜਪਾ ਵਿੱਚ ਸ਼ਾਮਲ ਹੋਣ 'ਤੇ ਪ੍ਰਤੀਕਿਰਿਆ ਦਿੰਦੇ ਹੋਏ, ਊਰਜਾ ਮੰਤਰੀ ਅਨਿਲ ਵਿਜ ਨੇ ਕਿਹਾ ਕਿ ਜਦੋਂ ਕਿ ਇਹ ਵਿਧਾਇਕ ਕਾਨੂੰਨੀ ਤੌਰ 'ਤੇ ਭਾਜਪਾ ਵਿੱਚ ਸ਼ਾਮਲ ਨਹੀਂ ਹੋ ਸਕਦੇ, ਕਾਂਗਰਸ ਨੇ ਉਨ੍ਹਾਂ ਨੂੰ ਕੱਢ ਦਿੱਤਾ ਹੈ, ਅਤੇ ਦੋ ਜਾਂ ਚਾਰ ਹੋਰ ਵਿਧਾਇਕ ਸ਼ਾਮਲ ਹੋਣ ਦੀ ਕਗਾਰ 'ਤੇ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਉੱਪਰ ਤੋਂ ਹੇਠਾਂ ਤੱਕ ਵੰਡੀ ਗਈ ਹੈ, ਅਤੇ ਇਸ ਲਈ, ਇਹ ਹੁਣ ਮੌਜੂਦ ਨਹੀਂ ਹੈ। ਮੰਤਰੀ ਅਨਿਲ ਵਿਜ ਨੇ ਕਿਹਾ ਕਿ ਹੁੱਡਾ ਸਾਹਿਬ ਇੱਕ ਸਾਲ ਦੇ ਸੰਘਰਸ਼ ਤੋਂ ਬਾਅਦ ਨੇਤਾ ਬਣੇ ਅਤੇ ਇਹ ਹੁੱਡਾ ਸਾਹਿਬ ਦੀ ਲੀਡਰਸ਼ਿਪ 'ਤੇ ਬਹੁਤ ਡੂੰਘਾ ਧੱਬਾ ਹੈ ਜਿਸਨੂੰ ਉਹ ਕਦੇ ਵੀ ਧੋ ਨਹੀਂ ਸਕਣਗੇ।

ਉਨ੍ਹਾਂ ਕਿਹਾ ਕਿ ਅਭੈ ਚੌਟਾਲਾ ਇਸ ਸਮੇਂ ਆਜ਼ਾਦ ਹਨ, ਇਸ ਲਈ ਉਹ ਆਪਣੇ ਸਮੇਂ ਦੀ ਚੰਗੀ ਵਰਤੋਂ ਕਰ ਰਹੇ ਹਨ। ਮੰਡੀਆਂ ਦੇ ਦੌਰੇ 'ਤੇ ਅਨਿਲ ਵਿਜ ਦਾ ਵਿਅੰਗ: ਹਰਿਆਣਾ ਵਿੱਚ ਅਭੈ ਚੌਟਾਲਾ ਦੇ ਮੰਡੀਆਂ ਦੇ ਦੌਰੇ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਊਰਜਾ ਮੰਤਰੀ ਅਨਿਲ ਵਿਜ ਨੇ ਕਿਹਾ ਕਿ ਅਭੈ ਚੌਟਾਲਾ ਇਸ ਸਮੇਂ ਆਜ਼ਾਦ ਹਨ ਅਤੇ ਵਿਰੋਧੀ ਧਿਰ ਵਿੱਚ ਹਨ, ਇਸ ਲਈ ਉਹ ਕਮੀਆਂ ਨੂੰ ਲੱਭਣ ਲਈ ਮੰਡੀਆਂ ਦਾ ਦੌਰਾ ਕਰਕੇ ਆਪਣੇ ਸਮੇਂ ਦੀ ਚੰਗੀ ਵਰਤੋਂ ਕਰ ਰਹੇ ਹਨ।

# ਸੰਤ ਕਬੀਰ ਜੀ ਦੇ ਵਿਚਾਰ ਅੱਜ ਵੀ ਮਨੁੱਖਤਾ ਨੂੰ ਸਹੀ ਦਿਸ਼ਾ ਵਿਖਾਉਣ ਵਾਲੇ: ਮੁੱਖ ਮੰਤਰੀ ਸੈਣੀ

## ਸੰਤ ਕਬੀਰ ਨੇ ਜਾਤ-ਪਾਤ, ਉੱਚ-ਨੀਚ ਦੇ ਭੇਦਭਾਵ ਦਾ ਮਜਬੂਤੀ ਨਾਲ ਕੀਤਾ ਵਿਰੋਧ

ਪੰਚਕੂਲਾ, 18 ਅਪ੍ਰੈਲ (ਪ੍ਰਤੀਨਿਧੀ) : ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸੰਤ ਸ਼ਿਰੋਮਣੀ ਕਬੀਰ ਦਾਸ ਜੀ ਦੇ ਵਿਚਾਰ ਅਤੇ ਸਿੱਖਿਆਵਾਂ ਅੱਜ ਦੇ ਦੌਰ ਵਿੱਚ ਵੀ ਬਹੁਤਾ ਪ੍ਰਾਸੰਗਿਕ ਹਨ। ਉਨ੍ਹਾਂ ਨੇ ਕਿਹਾ ਕਿ ਕਬੀਰ ਜੀ ਨੇ 15ਵੀਂ ਸ਼ਤਾਬਦੀ ਵਿੱਚ ਸਮਾਜ ਵਿੱਚ ਵਿਆਪਤ ਧਾਰਮਿਕ ਕੱਟਰਤਾ, ਪਾਖੰਡ ਅਤੇ ਭੇਦਭਾਵ ਵਿਰੁਧ ਜੋ ਕ੍ਰਾਂਤੀਕਾਰੀ ਆਵਾਜ ਚੁੱਕੀ ਸੀ, ਉਹ ਅੱਜ ਵੀ ਸਮਾਜ ਨੂੰ ਏਕਤਾ, ਸਮਰਸਤਾ ਅਤੇ ਵਿਸ਼ਵ ਭਾਈਚਾਰੇ ਦਾ ਰਸਤਾ ਵਿਖਾਉਂਦੀ ਹੈ।

ਮੁੱਖ ਮੰਤਰੀ ਸ਼ੁੱਕਰਵਾਰ ਨੂੰ ਪੰਜਾਬ ਦੇ ਮੋਹਾਲੀ ਵਿੱਚ ਸੰਤ ਕਬੀਰ ਜੀ ਦੇ ਜੀਵਨ ਅਤੇ ਸਿੱਖਿਆਵਾਂ 'ਤੇ ਆਯੋਜਿਤ ਇੱਕ ਸੇਮਿਨਾਰ ਨੂੰ ਸੰਬੋਧਿਤ ਕਰ ਰਹੇ ਸਨ। ਉਨ੍ਹਾਂ ਨੇ ਕਿਹਾ ਕਿ ਜਿੱਥੇ ਸੰਤਾਂ ਦੀ ਵਾਣੀ ਗੂੰਜਦੀ ਹੈ, ਉਹ ਸਥਾਨ ਸਿਰਫ ਸੇਮਿਨਾਰ ਨਹੀਂ ਸਗੋਂ ਸਤਸੰਗ ਦਾ ਰੂਪ ਲੈ ਜਾਂਦਾ ਹੈ। ਅਜਿਹੇ ਆਯੋਜਨਾਂ ਨਾਲ ਸਮਾਜ ਵਿੱਚ ਸਰਗਮ ਊਰਜਾ ਦਾ ਸੰਚਾਰ ਹੁੰਦਾ ਹੈ ਅਤੇ ਅਧਿਆਤਮ ਰਾਹੀਂ ਸ਼ਾਂਤੀ ਦਾ ਅਨੁਭਵ ਹੁੰਦਾ ਹੈ। ਸ੍ਰੀ ਸੈਣੀ ਨੇ ਕਿਹਾ ਕਿ ਮੌਜੂਦਾ ਵਿਸ਼ਵ ਵਿਆਪੀ ਦ੍ਰਿਸ਼ਟੀਕੋਣ ਵਿੱਚ ਜਦੋਂ ਵਿਸ਼ਵ ਵੱਖ ਵੱਖ ਤਰ੍ਹਾਂ ਦੇ ਤਣਾਓ ਅਤੇ ਸੰਘਰਸ਼ਾਂ ਨਾਲ ਜੂਝ ਰਿਹਾ ਹੈ, ਅਜਿਹੇ ਸਮੇ ਵਿੱਚ ਸੰਤ ਕਬੀਰ ਜੀ ਦਾ ਦਰਸ਼ਨ ਹੋਰ ਵੀ ਵੱਧ ਮਹੱਤਵਪੂਰਨ ਹੋ ਜਾਂਦਾ ਹੈ। ਉਨ੍ਹਾਂ ਦੇ ਵਿਚਾਰ ਮਨੁੱਖੀ ਸਮਾਜ ਲਈ ਪ੍ਰਕਾਸ਼ ਥੰਭ ਵਾਂਗ ਹਨ ਜੋ ਸ਼ਾਂਤੀ, ਪ੍ਰੇਮ ਅਤੇ ਭਾਈਚਾਰੇ ਦਾ ਸੰਦੇਸ਼ ਦਿੰਦੇ ਹਨ।



ਉਨ੍ਹਾਂ ਨੇ ਸੰਤ ਕਬੀਰ ਜੀ ਨੂੰ ਸੱਚਾ ਮਨੁੱਖੀਵਾਦੀ ਦੱਸਦੇ ਹੋਏ ਕਿਹਾ ਕਿ ਉਨ੍ਹਾਂ ਨੇ ਜਾਤ-ਪਾਤ, ਉੱਚ-ਨੀਚ ਅਤੇ ਹਰ ਤਰ੍ਹਾਂ ਦੇ ਭੇਦਭਾਵ ਦਾ ਮਜਬੂਤੀ ਨਾਲ ਵਿਰੋਧ ਕੀਤਾ। ਉਨ੍ਹਾਂ ਦੀ ਵਾਣੀ ਦੀ ਸਰਲਤਾ ਹੀ ਉਨ੍ਹਾਂ ਦੀ ਸਭ ਤੋਂ ਵੱਡੀ ਸ਼ਕਤੀ ਸੀ ਜੋ ਸਿੱਧੇ ਜਨ-ਮਾਨਸ ਵਿੱਚ ਉਤਰ ਜਾਂਦੀ ਸੀ ਅਤੇ ਅੱਜ ਵੀ ਪੀੜ੍ਹੀ ਦਰ ਪੀੜ੍ਹੀ ਲੋਕਾਂ ਨੂੰ ਪ੍ਰੇਰਿਤ ਕਰ ਰਹੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਹਰਿਆਣਾ ਸਰਕਾਰ ਸੰਤ-ਮਹਾਂਪੁਰਖਾਂ ਦੇ ਵਿਚਾਰਾਂ ਨੂੰ ਜਨ-ਜਨ ਤੱਕ ਪਹੁੰਚਾਉਣ ਲਈ ਸੰਤ-ਮਹਾਂਪੁਰਖ ਵਿਚਾਰ ਸਨਮਾਨ ਅਤੇ ਪ੍ਰਸਾਰ ਯੋਜਨਾ ਸੰਚਾਲਿਤ ਕਰ ਰਹੀ ਹੈ। ਰਾਜ ਸਰਕਾਰ ਸੰਤ ਕਬੀਰ ਜੀ ਦੇ ਸਮਾਨਤਾ ਅਤੇ ਸਮਰਸਤਾ ਦੇ ਸਿੱਧਾਂਤਾਂ 'ਤੇ ਚਲਦੇ ਹੋਏ ਸਮਾਜ ਦੇ ਅੰਤਮ ਵਿਅਕਤੀ ਤੱਕ ਵਿਕਾਸ ਦਾ ਲਾਭ ਪਹੁੰਚਾਉਣ ਲਈ ਪ੍ਰਤੀਬੱਧ ਹੈ।

ਉਨ੍ਹਾਂ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਰਾਹੀਂ ਆਰਥਿਕ ਰੂਪ ਨਾਲ ਕਮਜੋਰ ਵਰਗ ਦੇ ਬੁਜੁਰਗਾਂ ਨੂੰ ਵੱਖ ਵੱਖ ਧਾਰਮਿਕ ਸਥਲਾਂ ਦੇ ਦਰਸ਼ਨ ਕਰਾਏ ਜਾ ਰਹੇ ਹਨ।

ਹਾਲ ਹੀ ਵਿੱਚ ਅੰਬਾਲਾ ਤੋਂ ਅਯੋਧਿਆ ਲਈ ਵਿਸ਼ੇਸ਼ ਟ੍ਰੇਨ ਨੂੰ ਰਵਾਨਾ ਕੀਤਾ ਗਿਆ ਹੈ ਅਤੇ ਅੱਗੇ ਵੀ ਹੋਰ ਤੀਰਥ ਸਥਲਾਂ ਲਈ ਯਾਤਰਾਵਾਂ ਆਯੋਜਿਤ ਕੀਤੀ ਜਾ ਰਹੀਆਂ ਹਨ। ਸੇਮੀਨਾਰ ਦਾ ਆਯੋਜਨ ਭਗਤ ਕਬੀਰ ਵੇਲਫੇਅਰ ਫਾਉਂਡੇਸ਼ਨ ਵੱਲੋਂ ਕੀਤਾ ਗਿਆ। ਇਸ ਮੌਕੇ 'ਤੇ ਰਾਜਸਭਾ ਸਾਂਸਦ ਡਾ. ਸੁਭਾਸ਼ ਸ਼ਰਮਾ, ਅਮਨਜੋਤ ਕੌਰ, ਡਾ. ਕੁਲਦੀਪ ਅਗਨੀਹੋਤਰੀ, ਪ੍ਰੇਮ ਸਿੰਘ ਢਿੱਲੋਂ, ਸਤਿੰਦਰ ਸੱਤੀ ਸਮੇਤ ਹੋਰ ਮਾਣਯੋਗ ਵਿਅਕਤੀ ਮੌਜੂਦ ਸਨ।

# ਸੀ.ਐਫ.ਐਮ.ਐਸ. 'ਤੇ ਪੈਂਡਿੰਗ ਫਾਇਲਾਂ ਦਾ 15 ਦਿਨਾਂ ਵਿੱਚ ਨਿਪਟਾਰਾ ਕਰਨਾ ਯਕੀਨੀ:ਨਾਇਬ ਸਿੰਘ ਸੈਣੀ

## ਐਚ.ਆਰ.ਐਮ.ਐਸ. 2.0 ਦੀ ਪ੍ਰਗਤੀ, ਈ-ਆਫਿਸ ਦੇ ਉਪਯੋਗ ਅਤੇ ਜਵਾਬਦੇਈ ਤੈਅ ਹੋਵੇ-ਮੁੱਖ ਮੰਤਰੀ

ਪੰਚਕੂਲਾ , 18 ਅਪ੍ਰੈਲ (ਪ੍ਰਤੀਨਿਧੀ) : ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਅਧਿਕਾਰਿਆਂ ਨੂੰ ਨਿਰਦੇਸ਼ ਦਿੱਤੇ ਕਿ ਸੀਐਫਐਮਐਸ 'ਤੇ ਪੈਂਡਿੰਗ ਫਾਇਲਾਂ ਦਾ ਜਲਦ ਨਿਪਟਾਰਾ ਯਕੀਨੀ ਕੀਤਾ ਜਾਵੇ। ਕਿਸੇ ਵੀ ਤਰ੍ਹਾਂ ਦੀ ਦੇਰੀ ਪ੍ਰਸ਼ਾਸਨਿਕ ਕੰਮਾਂ ਨੂੰ ਪ੍ਰਭਾਵਿਤ ਕਰਦੀ ਹੈ, ਇਸ ਲਈ ਫਾਇਲਾਂ ਨੂੰ ਸਮੇਬੱਧ ਢੰਗ ਨਾਲ ਨਿਪਟਾਉਣਾ ਸਭ ਤੋਂ ਵੱਧ ਪ੍ਰਾਥਮਿਕਤਾ ਹੋਣੀ ਚਾਹੀਦੀ ਹੈ। ਪੈਂਡਿੰਗ ਫਾਇਲਾਂ ਦਾ ਨਿਪਟਾਰਾ ਵੱਧ ਤੋਂ ਵੱਧ 15 ਦਿਨਾਂ ਅੰਦਰ ਪੋਰਟਲ ਰਾਹੀਂ ਕੀਤਾ ਜਾਵੇ। ਮੁੱਖ ਮੰਤਰੀ ਅੱਜ ਇੱਥੇ ਸਿਵਲ ਸਕੱਤਰੇਤ ਵਿੱਚ ਹਯੂਮੈਨ ਰਿਸੋਰਸ ਮਾਡਯੂਲ ਦੀ ਸਮੀਖਿਆ ਮੀਟਿੰਗ ਦੀ ਅਗਵਾਈ ਕਰ ਰਹੇ ਸਨ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸਾਰੇ ਵਿਭਾਗ ਆਪਣੇ-ਆਪਣੇ ਪੱਧਰ 'ਤੇ ਸੀਐਫਐਮਐਸ ਵਿੱਚ ਪੈਂਡਿੰਗ ਮਾਮਲਿਆਂ ਦੀ ਵਿਸਥਾਰ ਸਮੀਖਿਆ ਕਰਨ ਅਤੇ ਸਬੰਧਿਤ ਅਧਿਕਾਰਿਆਂ ਦੀ ਜਵਾਬਦੇਈ ਤੈਅ ਕਰਨ।ਉਨ੍ਹਾਂ ਨੇ ਕਿਹਾ ਕਿ ਪੋਰਟਲ 'ਤੇ ਫਾਇਲਾਂ ਨੂੰ ਸਮੇ-ਸਮੇ 'ਤੇ ਅਪਡੇਟ ਕਰਨਾ ਵੀ ਉਨ੍ਹਾਂ ਹੀ ਜਰੂਰੀ ਹੈ, ਤਾਂ ਜੋ ਕੰਮਾਂ ਦੀ ਪਾਰਦਰਸ਼ਿਤਾ ਬਣੀ ਰਵੇ।



ਉਨ੍ਹਾਂ ਨੇ ਕਿਹਾ ਕਿ ਈ-ਆਫਿਸ ਦੇ ਪੂਰੀ ਤਰ੍ਹਾਂ ਲਾਗੂਕਰਨ ਨਾਲ ਨਾ ਸਿਰਫ ਕੰਮਾਂ ਵਿੱਚ ਤੇਜੀ ਆਵੇਗੀ, ਸਗੋਂ ਪ੍ਰਸ਼ਾਸਨਿਕ ਪ੍ਰਕਿਰਿਆਵਾਂ ਵਿੱਚ ਪਾਰਦਰਸ਼ਿਤਾ ਅਤੇ ਕੁਸ਼ਲਤਾ ਵੀ ਵਧੇਗੀ। ਉਨ੍ਹਾਂ ਨੇ ਅਧਿਕਾਰਿਆਂ ਨੂੰ ਨਿਰਦੇਸ਼ ਦਿੱਤੇ ਕਿ ਹਰ ਮਹੀਨੇ ਇਸ ਦੀ ਨਿਮਤ ਸਮੀਖਿਆ ਕੀਤੀ ਜਾਵੇ ਅਤੇ ਉਹ ਆਪ ਵੀ ਇਸ ਦੀ ਮਾਨਿਟਰਿੰਗ ਕਰਨਗੇ। ਮੁੱਖ ਮੰਤਰੀ ਨੇ ਐਚਆਰਐਮਐਸ ਤਹਿਤ ਮੌਜੂਦ ਸਾਰੇ 18 ਮਾਡਯੂਲਸ ਨੂੰ ਵਿਭਾਗਵਾਰ ਅਪਨਾਉਣ ਦੇ ਨਿਰਦੇਸ਼ ਦਿੰਦੇ ਹੋਏ ਕਿਹਾ ਕਿ ਇਸ ਨਾਲ ਮਨੁੱਖੀ ਸਰੋਤ ਪ੍ਰਬੰਧਨ ਵਿੱਚ ਇੱਕਰੂਪਤਾ ਅਤੇ ਸੁਗਮਤਾ ਆਵੇਗੀ।

ਉਨ੍ਹਾਂ ਨੇ ਐਚਆਰਐਮਐਸ 2.0 ਦੇ ਵਿਕਾਸ ਦੀ ਪ੍ਰਗਤੀ, ਸਬੰਧਿਤ ਐਕਟ ਦੀ ਨੋਟੀਫਿਕੇਸ਼ਨ ਦੀ ਸਥਿਤੀ ਅਤੇ ਇਸ ਦੇ ਲਾਗੂਕਰਨ ਦੀ ਸਮੇ-ਸੀਮਾ ਦੀ ਵੀ ਸਮੀਖਿਆ ਕਰਨ ਦੇ ਨਿਰਦੇਸ਼ ਦਿੱਤੇ।

ਉਨ੍ਹਾਂ ਨੇ ਅਧਿਕਾਰਿਆਂ ਨੂੰ ਨਿਰਦੇਸ਼ ਦਿੱਤੇ ਕਿ ਐਕਟ ਤਹਿਤ ਅਨੁਪਾਲਨਾ ਦੀ ਸਥਿਤੀ ਦਾ ਨਿਮਤ ਮੁਲਾਂਕਨ ਕੀਤਾ ਜਾਵੇ ਅਤੇ ਪੈਂਡਿੰਗ ਕੰਮਾਂ ਦੀ ਪਛਾਣ ਕਰ ਉਨ੍ਹਾਂ ਨੂੰ ਜਲਦ ਪੂਰਾ ਕੀਤਾ ਜਾਵੇ। ਉਨ੍ਹਾਂ ਨੇ ਕਿਹਾ ਕਿ ਚੰਗਾਂ ਕੰਮ ਕਰਨ ਵਾਲੇ ਅਧਿਕਾਰਿਆਂ ਅਤੇ ਕਰਮਚਾਰਿਆਂ ਨੂੰ ਪ੍ਰੋਤਸਾਹਿਤ ਕੀਤਾ ਜਾਵੇ, ਜਦੋਂ ਕਿ ਲਾਪਰਵਾਈ ਬਰਤਨ ਵਾਲਿਆਂ ਵਿਰੁਧ ਸਖ਼ਤ ਕਾਰਵਾਈ ਕੀਤੀ ਜਾਵੇ।

ਉਨ੍ਹਾਂ ਨੇ ਕਿਹਾ ਕਿ ਫਾਇਲਾਂ ਦਾ ਸਮੇ ਸਿਰ ਨਿਪਟਾਰਾ ਯਕੀਨੀ ਕਰਨਾ ਜਰੂਰੀ ਹੈ ਤਾਂ ਜੋ ਸੂਬੇ ਦੇ ਵਿਕਾਸ ਕੰਮ ਬਿਨਾ ਰੁਕਾਵਟ ਨਾਲ ਚਲਦੇ ਰਹਿਣ ਅਤੇ ਜਨਤਾ ਨੂੰ ਬੇਹਤਰ ਸੇਵਾਵਾਂ ਮਿਲਦੀ ਰਵੇ। ਮੀਟਿੰਗ ਵਿੱਚ ਹਰਿਆਣਾ ਦੇ ਮੁੱਖ ਸਕੱਤਰ ਸ੍ਰੀ ਅਨੁਰਾਗ ਰਸਤੋਗੀ, ਟ੍ਰੇਜਰੀ ਐਂਡ ਅਕਾਉਂਟਸ ਦੇ ਡਾਇਰੈਕਟਰ ਜਨਰਲ ਸ੍ਰੀ ਸੀਜੀ ਰਜਨੀਕਾਂਥਨ, ਐਚਆਰਡੀ ਦੀ ਡਾਇਰੈਕਟਰ ਸ੍ਰੀਮਤੀ ਮਨਦੀਪ ਕੌਰ, ਸੀਐਮਜੀਜੀਏ ਦੇ ਨਿਦੇਸ਼ਕ ਡਾ. ਯਸ਼ਪਾਲ ਅਤੇ ਹੋਰ ਅਧਿਕਾਰੀ ਮੌਜੂਦ ਰਹੇ।

# ਰਾਜਪਾਲ ਪ੍ਰੋ. ਅਸੀਮ ਕੁਮਾਰ ਘੋਸ਼ ਨੇ ਬੰਗਾਲੀ ਭਾਈਚਾਰੇ ਨੂੰ ਹਰਿਆਣਾ ਦੇ ਤੇਜ਼ ਅਤੇ ਵਿਆਪਕ ਵਿਕਾਸ ਤੋਂ ਪ੍ਰੇਰਨਾ ਲੈਣ ਦੀ ਅਪੀਲ ਕੀਤੀ

## ਹਰਿਆਣਾ ਦੇ ਰਾਜਪਾਲ ਨੇ ਪੋਹੇਲਾ ਬੋਸ਼ਾਖ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ, ਬੰਗਾਲੀ ਸੱਭਿਆਚਾਰ ਨੂੰ ਸੁਰੱਖਿਅਤ ਰੱਖਣ ਦੇ ਯਤਨਾਂ ਦੀ ਸ਼ਲਾਘਾ ਕੀਤੀ




ਚੰਡੀਗੜ੍ਹ, 18 ਅਪ੍ਰੈਲ (ਪ੍ਰਤੀਨਿਧੀ) : ਹਰਿਆਣਾ ਦੇ ਮਾਣਯੋਗ ਰਾਜਪਾਲ, ਪ੍ਰੋ. ਅਸੀਮ ਕੁਮਾਰ ਘੋਸ਼ ਨੇ ਬੰਗਾਲੀ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਹ ਹਰਿਆਣਾ ਵਿੱਚ ਸਾਰੇ ਖੇਤਰਾਂ ਵਿੱਚ ਹੋ ਰਹੇ ਤੇਜ਼ ਅਤੇ ਵਿਆਪਕ ਵਿਕਾਸ ਨੂੰ ਸਮਝਣ ਅਤੇ ਉਸ ਤੋਂ ਪ੍ਰੇਰਨਾ ਲੈਣ।

ਉਨ੍ਹਾਂ ਕਿਹਾ ਕਿ ਆਪਣੀ ਮਿਹਨਤ, ਬੁੱਧੀ ਅਤੇ ਅਮੀਰ ਸੱਭਿਆਚਾਰਕ ਵਿਰਾਸਤ ਲਈ ਜਾਣੇ ਜਾਂਦੇ ਬੰਗਾਲੀ ਭਾਈਚਾਰੇ ਨੂੰ ਹਰਿਆਣਾ ਦੀ ਵਿਕਾਸ ਯਾਤਰਾ ਤੋਂ ਸਿੱਖਣਾ ਚਾਹੀਦਾ ਹੈ ਅਤੇ ਨਿਰੰਤਰ ਤਰੱਕੀ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਮਾਣਯੋਗ ਰਾਜਪਾਲ ਚੰਡੀਗੜ੍ਹ ਦੇ ਬੰਗਾ ਭਵਨ ਵਿਖੇ ਬੰਗਾਲੀ ਨਵੇਂ ਸਾਲ ਦੇ ਮੌਕੇ 'ਤੇ 'ਬੰਗੀਆ ਸੱਭਿਆਚਾਰਕ ਸੰਮੇਲਨ' ਵੱਲੋਂ ਆਯੋਜਿਤ ਪੋਹੇਲਾ ਬੋਸ਼ਾਖ ਸਮਾਰੋਹ ਨੂੰ ਮੁੱਖ ਮਹਿਮਾਨ ਵਜੋਂ ਸੰਬੋਧਨ ਕਰ ਰਹੇ ਸਨ। ਇਸ ਮੌਕੇ ਮਹਿਲਾ ਰਾਜਪਾਲ ਮਿੱਤਰਾ ਘੋਸ਼ ਵੀ ਮੌਜੂਦ ਸਨ। ਬੰਗਾਲੀ ਲੋਕ ਕਲਾ ਅਤੇ ਲੋਕ ਸੱਭਿਆਚਾਰ ਨੂੰ ਸੰਭਾਲਣ ਅਤੇ ਉਤਸ਼ਾਹਿਤ ਕਰਨ ਵਿੱਚ ਬੰਗੀਆ ਸੱਭਿਆਚਾਰਕ ਸੰਮੇਲਨ ਦੀ ਭੂਮਿਕਾ ਦੀ ਪ੍ਰਸ਼ੰਸਾ ਕਰਦੇ ਹੋਏ, ਮਾਣਯੋਗ ਰਾਜਪਾਲ ਨੇ ਹਰਿਆਣਾ ਦੀਆਂ ਪ੍ਰਾਪਤੀਆਂ 'ਤੇ ਚਾਨਣਾ ਪਾਇਆ, ਇਹ ਨੋਟ ਕਰਦੇ ਹੋਏ ਕਿ ਹਰਿਆਣਾ ਖੇਡਾਂ ਵਿੱਚ ਮੋਹਰੀ ਰਾਜਾਂ ਵਿੱਚੋਂ ਇੱਕ ਹੈ ਅਤੇ ਸਿੱਖਿਆ ਅਤੇ ਉਦਯੋਗ ਦੇ ਕੇਂਦਰ ਵਜੋਂ ਤੇਜ਼ੀ ਨਾਲ ਉੱਭਰ ਰਿਹਾ ਹੈ। ਕਈ ਬਹੁ-ਰਾਸ਼ਟਰੀ ਕੰਪਨੀਆਂ ਅਤੇ ਉਦਯੋਗਾਂ ਦੀ ਮੌਜੂਦਗੀ ਦੇ ਨਾਲ, ਰਾਜ ਜੀਐਸਟੀ ਸੰਗ੍ਰਹਿ ਅਤੇ ਪ੍ਰਤੀ ਵਿਅਕਤੀ ਆਮਦਨ ਵਿੱਚ ਵੀ ਮੋਹਰੀ ਹੈ। ਇਸ ਪ੍ਰਗਤੀ ਦੇ ਮੱਦੇਨਜ਼ਰ, ਉਨ੍ਹਾਂ ਨੇ ਬੰਗਾਲੀ ਭਾਈਚਾਰੇ ਨੂੰ ਰਾਜ ਦੇ ਵਿਕਾਸ ਦੀ ਗਤੀ ਨਾਲ ਆਪਣੀਆਂ ਇੱਛਾਵਾਂ ਨੂੰ ਜੋੜ ਕੇ ਅੱਗੇ ਵਧਣ ਲਈ ਉਤਸ਼ਾਹਿਤ ਕੀਤਾ।

ਪੋਹੇਲਾ ਬੋਸ਼ਾਖ ਦੇ ਮੌਕੇ 'ਤੇ ਆਪਣੀਆਂ ਸ਼ੁਭਕਾਮਨਾਵਾਂ ਦਿੰਦੇ ਹੋਏ, ਪ੍ਰੋ. ਅਸੀਮ ਕੁਮਾਰ ਘੋਸ਼ ਨੇ ਡਾ. ਅਮਿਤ ਭੱਟਾਚਾਰਜੀ ਦੀ ÷ਜਾਤਰਾ - ਸੋਨਾਈ ਦੀਘੀ÷ ਦੀ ਲੁਪਤ ਹੋ ਰਹੀ ਲੋਕ ਰੰਗਮੰਚ ਕਲਾ ਨੂੰ ਮੁੜ ਸੁਰਜੀਤ ਕਰਨ ਦੇ ਯਤਨਾਂ ਲਈ ਪ੍ਰਸ਼ੰਸਾ ਕੀਤੀ। ਇਸ ਪਰੰਪਰਾਗਤ ਕਲਾ ਨੂੰ ਸੰਭਾਲਣ ਅਤੇ ਉਤਸ਼ਾਹਿਤ ਕਰਨ ਵਿੱਚ ਬੰਗੀਆ ਸੱਭਿਆਚਾਰਕ ਸੰਮੇਲਨ ਦੇ ਨਿਰੰਤਰ ਯਤਨਾਂ ਦੀ ਪ੍ਰਸ਼ੰਸਾ ਕਰਦੇ ਹੋਏ, ਉਨ੍ਹਾਂ ਕਿਹਾ ਕਿ ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਇਹ ਸੰਸਥਾ ਬੰਗਾਲੀ ਸੱਭਿਆਚਾਰ ਨੂੰ ਜ਼ਿੰਦਾ ਰੱਖ ਰਹੀ ਹੈ। ਉਨ੍ਹਾਂ ਕਿਹਾ ਕਿ ਇੱਥੇ ਬੰਗਾਲੀ ਤਿਉਹਾਰ ਅਤੇ ਰੀਤੀ-ਰਿਵਾਜ ਬਹੁਤ ਉਤਸ਼ਾਹ ਨਾਲ ਮਨਾਏ ਜਾਂਦੇ ਹਨ। ਇਸ ਮੌਕੇ 'ਤੇ ਸੰਮਤੀ ਦੇ ਮੈਂਬਰਾਂ ਦੁਆਰਾ ਆਕਰਸ਼ਕ ਰਵਾਇਤੀ ਸੱਭਿਆਚਾਰਕ ਪ੍ਰਦਰਸ਼ਨ ਵੀ ਦਿੱਤੇ ਗਏ। ਇਸ ਮੌਕੇ ਰਾਜਪਾਲ ਦੇ ਸਕੱਤਰ, ਸ਼੍ਰੀ ਵਿਜੇ ਕੁਮਾਰ ਭਾਵਿਕੱਟੀ, ਰਾਜਪਾਲ ਦੇ ਏਡੀਸੀ, ਸਕੁਐਡਰਨ ਲੀਡਰ ਪੀ. ਭਾਰਤ, ਰਾਜਪਾਲ ਦੇ ਨਿੱਜੀ ਸਕੱਤਰ, ਸ਼੍ਰੀ ਸ਼ੰਖਾ ਚੈਟਰਜੀ, ਬੰਗਾ ਭਵਨ ਦੇ ਜਨਰਲ ਸਕੱਤਰ, ਕਰਨਲ ਦੀਪਕ ਡੇ, ਡਾ. ਅਮਿਤ ਭੱਟਾਚਾਰੀਆ, ਅਤੇ ਬੰਗੀਆ ਸੱਭਿਆਚਾਰਕ ਸੰਮੇਲਨ ਦੇ ਹੋਰ ਮੈਂਬਰ ਵੀ ਮੌਜੂਦ ਸਨ।

# ਜ਼ਿਲ੍ਹੇ ਦੇ ਹਰ ਪਿੰਡ ਨੂੰ ਪਾਣੀ ਦੀ ਗੁਣਵੱਤਾ ਜਾਂਚ ਕਿੱਟਾਂ ਮੁਹੱਈਆ ਕਰਵਾਈਆਂ ਜਾਣ: ਐਸਡੀਐਮ

## ਐਸਡੀਐਮ ਨੇ ਨਿਰਦੇਸ਼ ਦਿੱਤੇ ਕਿ ਬੀਆਰਸੀ ਆਪਣੇ-ਆਪਣੇ ਖੇਤਰਾਂ ਵਿੱਚ ਪਾਣੀ ਦੀ ਸੰਭਾਲ ਬਾਰੇ ਜਨਤਾ ਨੂੰ ਜਾਗਰੂਕ ਕਰਨ

ਸੋਨੀਪਤ, 18 ਅਪ੍ਰੈਲ (ਪ੍ਰਤੀਨਿਧੀ) : ਜ਼ਿਲ੍ਹਾ ਜਲ ਅਤੇ ਸੀਵਰੇਜ ਮਿਸ਼ਨ ਦੀ ਇੱਕ ਮੀਟਿੰਗ ਐਸਡੀਐਮ ਪ੍ਰਵੇਸ਼ ਕਾਦੀਆਂ ਦੀ ਪ੍ਰਧਾਨਗੀ ਹੇਠ ਮਿੰਨੀ ਸਕੱਤਰੇਤ, ਸੋਨੀਪਤ ਵਿਖੇ ਹੋਈ। ਮੀਟਿੰਗ ਦੌਰਾਨ 13 ਮੁੱਦਿਆਂ 'ਤੇ ਵਿਸਥਾਰ ਨਾਲ ਚਰਚਾ ਕੀਤੀ ਗਈ, ਅਤੇ ਐਸਡੀਐਮ ਨੇ ਜ਼ਰੂਰੀ ਦਿਸ਼ਾ-ਨਿਰਦੇਸ਼ ਦਿੱਤੇ। ਜ਼ਿਲ੍ਹੇ ਦੇ ਸਾਰੇ ਪਿੰਡਾਂ ਨੂੰ ਟੂਟੀ ਪਾਣੀ ਦੀ ਸਪਲਾਈ, ਪੀਣ ਵਾਲੇ ਪਾਣੀ ਦੀ ਗੁਣਵੱਤਾ, ਪਿੰਡ-ਪੱਧਰੀ ਕਮੇਟੀਆਂ, ਜਲ ਅਰਪਣ ਦਿਵਸ, ਬੈਂਕ ਖਾਤੇ ਖੋਲ੍ਹਣੇ, ਸ਼ਿਕਾਇਤ ਨਿਵਾਰਨ ਕੇਂਦਰ ਅਤੇ ਹੋਰ ਕਈ ਮੁੱਦਿਆਂ 'ਤੇ ਵਿਸਥਾਰ ਨਾਲ ਚਰਚਾ ਕੀਤੀ ਗਈ। ਮੀਟਿੰਗ ਦੌਰਾਨ ਐਸਡੀਐਮ ਪ੍ਰਵੇਸ਼ ਕਾਦੀਆਂ ਨੇ ਜਨ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਸਾਰੇ ਪਿੰਡਾਂ ਨੂੰ ਪਾਣੀ ਦੀ ਗੁਣਵੱਤਾ ਜਾਂਚ ਕਿੱਟਾਂ ਪ੍ਰਦਾਨ ਕਰਨ ਦੇ ਨਿਰਦੇਸ਼ ਦਿੱਤੇ। ਕਿੱਟਾਂ ਆਂਗਣਵਾੜੀ ਵਰਕਰਾਂ, ਆਸ਼ਾ ਵਰਕਰਾਂ, ਸਰਕਾਰੀ ਸਕੂਲਾਂ, ਸਰਪੰਚਾਂ ਅਤੇ ਪੰਚਾਂ ਨੂੰ ਵੰਡੀਆਂ ਜਾਣੀਆਂ ਚਾਹੀਦੀਆਂ ਹਨ। ਇਸ ਨਾਲ ਪਿੰਡ ਪੱਧਰ 'ਤੇ ਸਮੇਂ-ਸਮੇਂ 'ਤੇ ਪਾਣੀ ਦੀ ਜਾਂਚ ਸੰਭਵ ਹੋਵੇਗੀ।



ਉਨ੍ਹਾਂ ਨੇ ਨਿਰਦੇਸ਼ ਦਿੱਤੇ ਕਿ ਬਲਾਕ ਰਿਸੋਰਸ ਕੋਆਰਡੀਨੇਟਰ (ਬੀ.ਆਰ.ਸੀ.), ਸਰਪੰਚ ਦੇ ਸਹਿਯੋਗ ਨਾਲ, ਜ਼ਿਲ੍ਹੇ ਦੇ ਹਰ ਪਿੰਡ ਵਿੱਚ ਪਿੰਡ ਵਾਸੀਆਂ ਨੂੰ ਪਾਣੀ ਦੀ ਸੰਭਾਲ ਬਾਰੇ ਜਾਗਰੂਕ ਕਰਨ। ਉਨ੍ਹਾਂ ਦੱਸਿਆ ਕਿ ਜਲ ਜੀਵਨ ਮਿਸ਼ਨ (ਜੇ.ਜੇ.ਐਮ.) ਦੇ ਤਹਿਤ ਜ਼ਿਲ੍ਹੇ ਵਿੱਚ ਇੱਕ ਜਲ ਅਰਪਣ ਦਿਵਸ ਪ੍ਰੋਗਰਾਮ ਆਯੋਜਿਤ ਕੀਤਾ ਗਿਆ ਸੀ, ਜਿਸ ਦੇ ਤਹਿਤ ਪੇਂਡੂ ਖੇਤਰਾਂ ਵਿੱਚ ਚੱਲ ਰਹੀਆਂ ਪੀਣ ਵਾਲੇ ਪਾਣੀ ਦੀ ਸਪਲਾਈ ਸਕੀਮਾਂ ਨੂੰ ਰਸਮੀ ਤੌਰ 'ਤੇ ਗ੍ਰਾਮ ਪੰਚਾਇਤਾਂ ਅਤੇ ਭਾਈਚਾਰਿਆਂ ਨੂੰ ਤਬਦੀਲ ਕੀਤਾ ਗਿਆ ਸੀ। ਇਹ ਪ੍ਰੋਗਰਾਮ ਸਿਰਫ਼ ਇੱਕ ਰਸਮੀ ਸਮਾਗਮ ਨਹੀਂ ਹੈ, ਸਗੋਂ ਭਾਈਚਾਰਕ ਮਾਲਕੀ ਅਤੇ ਭਾਗੀਦਾਰੀ ਦਾ ਪ੍ਰਤੀਕ ਹੈ। ਇਸ ਰਾਹੀਂ, ਪਿੰਡਾਂ ਨੂੰ ਜਲ ਸਪਲਾਈ ਪ੍ਰਣਾਲੀਆਂ ਦੇ ਸੰਚਾਲਨ, ਸੰਭਾਲ ਅਤੇ ਰੱਖ-ਰਖਾਅ, ਸਥਾਨਕ ਪੱਧਰ 'ਤੇ ਪਾਣੀ ਪ੍ਰਬੰਧਨ ਨੂੰ ਮਜ਼ਬੂਤ ਕਰਨ ਦੀ ਪੂਰੀ ਜ਼ਿੰਮੇਵਾਰੀ ਦਿੱਤੀ ਗਈ ਹੈ। ਜਨ ਸਿਹਤ ਇੰਜੀਨੀਅਰਿੰਗ ਵਿਭਾਗ ਦੇ ਸੀਨੀਅਰ ਸੁਪਰਡੈਂਟ ਦਲਬੀਰ ਸਿੰਘ ਨੇ ਦੱਸਿਆ ਕਿ ਟਿਊਬਵੈੱਲ-ਅਧਾਰਤ ਜਲ ਸਪਲਾਈ ਸਕੀਮਾਂ ਨੂੰ ਕੁੱਲ 318 ਗ੍ਰਾਮ ਪੰਚਾਇਤਾਂ ਵਿੱਚੋਂ 18 ਪਿੰਡਾਂ ਵਿੱਚ ਸਫਲਤਾਪੂਰਵਕ ਤਬਦੀਲ ਕੀਤਾ ਗਿਆ ਹੈ। ਇਹ ਪਹਿਲ ਪੇਂਡੂ ਖੇਤਰਾਂ ਵਿੱਚ ਸਾਫ਼ ਪੀਣ ਵਾਲੇ ਪਾਣੀ ਦੀ ਉਪਲਬਧਤਾ ਨੂੰ ਯਕੀਨੀ ਬਣਾਉਣ ਅਤੇ ਸਵੈ-ਨਿਰਭਰਤਾ ਨੂੰ ਉਤਸ਼ਾਹਿਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਹੈ। ਜਲ ਅਰਪਣ ਦਿਵਸ ਦੇ ਹਿੱਸੇ ਵਜੋਂ, 8 ਮਾਰਚ ਨੂੰ ਪਿੰਡ ਥਾਰੂ (ਸੋਨੀਪਤ ਬਲਾਕ) ਅਤੇ 11 ਮਾਰਚ ਨੂੰ ਪਿੰਡ ਬਿਧਲਾਨ (ਖਰਖੌਦਾ ਬਲਾਕ) ਵਿੱਚ ਪ੍ਰੋਗਰਾਮ ਆਯੋਜਿਤ ਕੀਤੇ ਗਏ।

ਉਨ੍ਹਾਂ ਸਲਾਹ ਦਿੱਤੀ ਕਿ ਪਾਣੀ ਦੀ ਸਪਲਾਈ ਅਤੇ ਸੀਵਰੇਜ ਸੰਬੰਧੀ ਸ਼ਿਕਾਇਤਾਂ ਟੋਲ-ਫ੍ਰੀ ਨੰਬਰ 1800-180-5678 ਜਾਂ ਵਟਸਐਪ ਨੰਬਰ 9041741800 'ਤੇ ਦਰਜ ਕੀਤੀਆਂ ਜਾਣ। ਉਨ੍ਹਾਂ ਅੱਗੇ ਕਿਹਾ ਕਿ ਵਿਭਾਗ ਨੂੰ ਪ੍ਰਾਪਤ ਸ਼ਿਕਾਇਤਾਂ ਦਾ ਹੱਲ ਸ਼ਿਕਾਇਤ ਨਿਵਾਰਨ ਕੇਂਦਰ ਰਾਹੀਂ ਕੀਤਾ ਜਾ ਰਿਹਾ ਹੈ। ਮੀਟਿੰਗ ਦੌਰਾਨ ਜਨਤਕ ਸਿਹਤ ਕਾਰਜਕਾਰੀ ਅਧਿਕਾਰੀ ਗੌਤਮ ਕੁਮਾਰ, ਬੀਡੀਪੀਓ ਕਥੂਰਾ ਪੂਨਮ ਚੰਦਾ ਅਤੇ ਹੋਰ ਸਾਰੇ ਸਬੰਧਤ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

ਭਾਰਤ ਅੰਤਰਰਾਸ਼ਟਰੀ ਬਾਗਬਾਨੀ ਮਾਰਕੀਟ, ਗੰਨੌਰ (ਆਈਆਈਐਚਐਮ) ਨਾਲ ਸਬੰਧਤ ਮੁੱਦਿਆਂ 'ਤੇ ਚਰਚਾ ਕਰਨ ਲਈ ਐਸਡੀਐਮ ਪ੍ਰਵੇਸ਼ ਕਾਦਿਆਨ ਦੀ ਪ੍ਰਧਾਨਗੀ ਹੇਠ ਇੱਕ ਮੀਟਿੰਗ ਕੀਤੀ ਗਈ। ਵਾਲਮੀਕਿ ਆਸ਼ਰਮ, ਹਨੂੰਮਾਨ ਮੰਦਰ, ਪੀਰ (ਪੀਰ) ਅਤੇ ਸ਼ਮਸ਼ਾਨਘਾਟ ਦੀ ਥਾਂ ਬਦਲਣ ਅਤੇ ਤੇਹਾ ਪਿੰਡ ਨਾਲ ਸਬੰਧਤ ਪਾਣੀ ਦੀ ਸਪਲਾਈ ਦੇ ਮੁੱਦਿਆਂ 'ਤੇ ਸਬੰਧਤ ਵਿਭਾਗਾਂ ਨਾਲ ਵਿਸਥਾਰ ਨਾਲ ਚਰਚਾ ਕੀਤੀ ਗਈ। ਮੀਟਿੰਗ ਦੌਰਾਨ, ਐਸਡੀਐਮ ਨੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਸ਼ਮਸ਼ਾਨਘਾਟ ਅਤੇ ਤੇਹਾ ਪਿੰਡ ਨਾਲ ਸਬੰਧਤ ਮੁੱਦਿਆਂ ਨੂੰ ਤਰਜੀਹ ਦੇਣ ਦੇ ਨਿਰਦੇਸ਼ ਦਿੱਤੇ।

ਉਨ੍ਹਾਂ ਨੇ ਗਨੌਰ ਤਹਿਸੀਲਦਾਰ ਲਲਿਤਾ ਨੂੰ ਵੀ ਸ਼ਮਸ਼ਾਨਘਾਟ ਨਾਲ ਸਬੰਧਤ ਜ਼ਮੀਨ ਦੀ ਹੱਦਬੰਦੀ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਕਾਰਜਕਾਰੀ ਇੰਜੀਨੀਅਰ ਆਈਆਈਐਚਐਮ ਸੁਭਾਸ਼ ਚੰਦਰ, ਕਾਰਜਕਾਰੀ ਇੰਜੀਨੀਅਰ ਪੰਚਾਇਤੀ ਰਾਜ ਕੁਲਬੀਰ ਸਿੰਘ, ਕਾਰਜਕਾਰੀ ਇੰਜੀਨੀਅਰ ਜਨ ਸਿਹਤ ਗੌਤਮ ਕੁਮਾਰ, ਅਤੇ ਹੋਰ ਸਾਰੇ ਸਬੰਧਤ ਅਧਿਕਾਰੀ ਮੌਜੂਦ ਸਨ।

# ਨਿਵੇਸ਼ ਦੇ ਨਾਂ ਤੇ ਲੱਖਾਂ ਦੀ ਠੱਗੀ ! ਦਿੱਲੀ ਪੁਲਿਸ ਨੇ ਠੱਗ ਗਿਰੋਹ ਦਾ ਕੀਤਾ ਪਰਦਾਫਾਸ਼

ਨਵੀਂ ਦਿੱਲੀ, 18 ਅਪ੍ਰੈਲ (ਪ੍ਰਤੀਨਿਧੀ) : ਦਿੱਲੀ ਪੁਲਿਸ ਦੀ ਕ੍ਰਾਈਮ ਬ੍ਰਾਂਚ ਨੇ ਮੋਬਾਈਲ ਐਪਲੀਕੇਸ਼ਨ ਰਾਹੀਂ ਨਿਵੇਸ਼ 'ਤੇ ਭਾਰੀ ਮੁਨਾਫ਼ੇ ਦਾ ਲਾਲਚ ਦੇ ਕੇ ਲੋਕਾਂ ਨੂੰ ਲੁੱਟਣ ਵਾਲੇ ਇੱਕ ਗਿਰੋਹ ਦਾ ਪਰਦਾਫਾਸ਼ ਕੀਤਾ ਹੈ। ਪੁਲਿਸ ਅਨੁਸਾਰ ਇਸ ਗਿਰੋਹ ਨੇ ਇੱਕੋ ਵਿਅਕਤੀ ਤੋਂ ਹੀ ਲਗਭਗ 33.83 ਲੱਖ ਰੁਪਏ ਦੀ ਠੱਗੀ ਮਾਰੀ ਸੀ।

ਮੁਲਜ਼ਮ ਪੀੜਤਾਂ ਨੂੰ ਕਿਸੇ ਐਪ ਰਾਹੀਂ ਪੈਸੇ ਲਗਾਉਣ 'ਤੇ ਕਈ ਗੁਣਾ ਜ਼ਿਆਦਾ ਪੈਸੇ ਵਾਪਸ ਕਰਨ ਦਾ ਝਾਂਸਾ ਦਿੰਦੇ ਸਨ। ਜਦੋਂ ਕੋਈ ਆਪਣੇ ਲਗਾਏ ਹੋਏ ਪੈਸੇ ਵਾਪਸ ਕਢਵਾਉਣ ਦੀ ਕੋਸ਼ਿਸ਼ ਕਰਦਾ ਸੀ, ਤਾਂ ਮੁਲਜ਼ਮ ਰਕਮ ਨੂੰ 'ਅਨਲਾਕ' ਕਰਨ ਜਾਂ ਟੈਕਸ ਦੇ ਨਾਂ 'ਤੇ ਹੋਰ ਪੈਸਿਆਂ ਦੀ ਮੰਗ ਕਰਦੇ ਸਨ। ਜਾਂਚ ਦੌਰਾਨ ਪਤਾ ਲੱਗਾ ਕਿ ਠੱਗੀ ਦੀ ਰਕਮ 15 ਵੱਖ-ਵੱਖ ਬੈਂਕ ਖਾਤਿਆਂ ਵਿੱਚ ਜਮ੍ਹਾਂ ਕਰਵਾਈ ਗਈ ਸੀ, ਜਿਨ੍ਹਾਂ ਵਿੱਚੋਂ 13 ਖਾਤੇ ਦਿੱਲੀ ਤੋਂ ਬਾਹਰ ਦੇ ਸਨ।

ਪੁਲਿਸ ਨੇ ਵੱਖ-ਵੱਖ ਸੂਬਿਆਂ ਤੋਂ ਕਈ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਦਿੱਲੀ ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਕਿਸੇ ਵੀ ਅਣਪਛਾਤੀ ਐਪ ਜਾਂ ਵੈੱਬਸਾਈਟ 'ਤੇ ਘਰ ਬੈਠੇ ਕਮਾਈ ਜਾਂ ਦੁੱਗਣੇ ਮੁਨਾਫ਼ੇ ਦੇ ਲਾਲਚ ਵਿੱਚ ਨਾ ਆਉਣ।

Printed, Published & Editied by Jaskirat Singh on behalf of Charhdikala Printing Press Pvt. Ltd. Patiala & Printed at I.G. Printers Press Pvt. Ltd., 104 D.S.I.D.C. Complex, Okhla Indl. Area, Phase-1, New Delhi Keeper Jagpal Singh Published at office of Daily Charhdikala 202, INS Bldg, Rafi Marg, New Delhi.
PRGI (RNI) Regd. No. 57283/1994 -Editor: Jaskirat Singh

ਜਸਕੀਰਤ ਸਿੰਘ ਐਡੀਟਰ, ਪ੍ਰਿੰਟਰ, ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈਸ ਪ੍ਰਾਈਵੇਟ ਲਿਮਟਿਡ ਲਈ ਆਈ.ਜੀ. ਪ੍ਰਿੰਟਰਜ਼ ਪ੍ਰੈਸ ਪ੍ਰਾਈਵੇਟ ਲਿਮਟਿਡ 104, ਡੀ.ਐਸ.ਆਈ.ਡੀ.ਸੀ. ਕੰਪਲੈਕਸ, ਔਖਲਾ ਇੰਡਸਟ੍ਰੀਅਲ ਏਰੀਆ, ਫੇਜ਼-1, ਨਵੀਂ ਦਿੱਲੀ ਕੀਪਰ ਜਗਪਾਲ ਸਿੰਘ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ 202, ਆਈ.ਐਨ.ਐਸ. ਬਿਲਡਿੰਗ, ਰਫੀ ਮਾਰਗ, ਨਵੀਂ ਦਿੱਲੀ ਤੋਂ ਪ੍ਰਕਾਸ਼ਿਤ ਕੀਤਾ।
PRGI (RNI) Regd. No. 57283/1994 -ਸੰਪਾਦਕ: ਜਸਕੀਰਤ ਸਿੰਘ

# ਬਚਪਨ ਦੀਆਂ ਯਾਦਾਂ

ਬਚਪਨ ਜ਼ਿੰਦਗੀ ਦਾ ਪਹਿਲਾ ਅਜਿਹਾ ਅਨਮੋਲ ਪੜਾਅ ਹੁੰਦਾ ਹੈ ਜਿਸ ਵਿਚ ਜ਼ਿੰਦਗੀ ਚਿੰਤਾਮੁਕਤ, ਪ੍ਰੇਸ਼ਾਨੀਆਂ ਤੋਂ ਪਰੇ, ਬੇਖ਼ੌਫ਼, ਘਰੇਲੂ ਜ਼ਿੰਦਗੀਆਂ ਅਤੇ ਕੰਮਾਂ-ਕਾਰਾਂ ਤੋਂ ਦੂਰ ਰਹਿ ਕੇ ਬਤੀਤ ਹੁੰਦੀ ਹੈ। ਇਸ ਸਮੇਂ ਜ਼ਿੰਦਗੀ ਘਰੇਲੂ ਸਮਾਜਕ ਅਤੇ ਨੌਕਰੀਪੇਸ਼ਾ ਗਤੀਵਿਧੀਆਂ ਦੇ ਰੌਲੇ-ਰੱਪੇ ਤੋਂ ਅਤੇ ਸੰਸਾਰਕ ਚਿੰਤਾਵਾਂ ਤੋਂ ਮੁਕਤ ਹੋ ਕੇ ਅਤੇ ਮਸਤ ਹੋ ਕੇ ਗੁਜ਼ਾਰੀ ਜਾਂਦੀ ਹੈ। ਨਾ ਕੋਈ ਪੈਸੇ-ਧੇਲੇ ਦੀ ਜਾਂ ਹੋਰ ਲੈਣ-ਦੇਣ ਦੀ ਗੱਲ ਅਤੇ ਚਿੰਤਾ ਹੁੰਦੀ ਹੈ। ਜੀਵਨ ਲਾਪ੍ਰਵਾਹ, ਬੇਫ਼ਿਕਰ, ਮਸਤ ਅਤੇ ਭੋਲੇਪਨ ਨਾਲ ਭਰਿਆ ਹੁੰਦਾ ਹੈ। ਜਦੋਂ ਕਦੇ ਬੱਚਿਆਂ ਨੂੰ ਮਸਤੀ ਭਰੇ ਰੌਅ 'ਚ ਖੇਡਦੇ ਅਤੇ ਮੌਜਮਸਤੀ ਕਰਦੇ ਵੇਖ ਲਿਆ ਜਾਂਦਾ ਹੈ ਤਾਂ ਸੱਭ ਨੂੰ ਅਪਣਾ ਬਚਪਨ ਯਾਦ ਆ ਜਾਂਦਾ ਹੈ। ਬੱਚਿਆਂ ਦੀ ਬੇਫ਼ਿਕਰੀ ਅਤੇ ਮਸਤੀ ਸਾਨੂੰ ਬਚਪਨ ਦੀ ਅਹਿਮੀਅਤ ਬਾਰੇ ਗਿਆਨ ਕਰਵਾ ਜਾਂਦੀ ਹੈ। ਸਾਡੇ ਬਚਪਨ ਦੇ ਸਮੇਂ ਬੱਚੇ ਬਹੁਤ ਖੇਡਦੇ-ਕੁਦਦੇ ਹੁੰਦੇ ਸਨ। ਸਕੂਲ ਦੇ ਕੰਮ ਅਤੇ ਬੋਝ ਅੱਜ ਜਿੰਨਾ ਨਹੀਂ ਸੀ ਹੁੰਦਾ। ਟਿਊਸ਼ਨ ਨਾਂ ਦੀ ਕੋਈ ਚੀਜ਼ ਨਹੀਂ ਸੀ ਹੁੰਦੀ। ਬੱਚੇ ਪੂਰੇ ਚਾਅ-ਮਲ੍ਹਾਰ ਨਾਲ ਲੁਕਣਮੀਚੀ, ਗਰਮ ਪਿੱਠੂ, ਬੰਟੇ, ਚੋਰ-ਸਿਪਾਹੀ, ਕੋਟਲਾ-ਛਪਾਕੀ, ਰਾਜੇ ਦਾ ਵਜ਼ੀਰ ਕੌਣ, ਲੰਗੜਾ ਸ਼ੇਰ, ਸ਼ਟਾਪੂ, ਬੱਠਲ ਦੇ ਝੂਟੇ, ਗੁੱਲੀ-ਡੰਡਾ, ਅੱਖਿਆ-ਪਤੱਲਿਆ ਆਦਿ ਖੇਡਾਂ ਖੇਡਦੇ ਹੁੰਦੇ ਸਨ। ਪਲਾਸਟਿਕ ਦੀ ਬੋਰੀ 'ਚ ਦੋ-ਚਾਰ ਕਿਤਾਬਾਂ ਪਾ ਕੇ ਅਤੇ ਫੱਟੀ ਹੱਥ ਵਿਚ ਫੜ ਕੇ ਨੰਗੇ ਪੈਰੀਂ ਹੀ ਸਕੂਲ ਨੂੰ ਚਲੇ ਜਾਂਦੇ ਸੀ। ਸਕੂਲ ਦੀ ਵਰਦੀ ਪਾਉਣੀ ਵੀ ਬਹੁਤ ਜ਼ਰੂਰੀ ਨਹੀਂ ਸੀ ਹੁੰਦੀ। ਬਚਪਨ ਵਿਚ ਕਲਮ, ਦਵਾਤ ਅਤੇ ਫੱਟੀ ਦੀ ਬਹੁਤ ਅਹਿਮੀਅਤ ਹੁੰਦੀ ਸੀ। ਫੱਟੀ ਸਕੂਲ ਦੇ ਬਾਹਰ ਪਾਣੀ ਦੀ ਆੜ (ਖਾਲ) ਵਿਚ ਧੋ ਕੇ ਗਾਚੀ ਨਾਲ ਪੋਚ ਲਈਦੀ ਸੀ ਅਤੇ 20-30 ਮਿੰਟ ਤਕ ਧੁੱਪ 'ਚ ਫੜ ਕੇ ਹਿਲਾ-ਹਿਲਾ ਕੇ ਸੁਕਾਈ ਜਾਂਦੀ ਸੀ। ਸਾਰੇ ਬੱਚੇ ਇਕੱਠੇ ਹੋ ਕੇ ਬੋਲਦੇ ਹੁੰਦੇ ਸੀ 'ਸੂਰਜਾ-ਸੂਰਜਾ ਫੱਟੀ ਸੁਕਾ'। ਬਸਤੇ ਦਾ ਭਾਰ ਅੱਜ ਜਿੰਨਾ ਬਹੁਤ ਜ਼ਿਆਦਾ ਨਹੀਂ ਹੁੰਦਾ ਸੀ। ਸਕੂਲ ਵਿਚ ਦੁਪਹਿਰ ਦੇ ਭੋਜਨ (ਮਿੱਡ ਡੇ ਮੀਲ) ਦੀ ਥਾਂ ਪੰਜੀਰੀ ਮਿਲਦੀ ਹੁੰਦੀ ਸੀ। ਸਾਰੇ ਬੱਚੇ ਫੱਟੀਆਂ ਉਤੇ ਪੰਜੀਰੀ ਰੱਖ ਕੇ ਖਾਂਦੇ ਸਨ। ਅੱਧੀ ਛੁੱਟੀ ਸਮੇਂ ਨੇੜੇ ਦੇ ਜੰਗਲਾਂ 'ਚ ਜਾ ਕੇ ਦੇਸੀ ਬੇਰ, ਗਰੂਨੇ, ਗੂੱਲਰਾਂ, ਅੰਬੀਆਂ ਅਤੇ ਸ਼ਹਿਤੂਤ ਖਾਂਦੇ ਹੁੰਦੇ ਸਨ। ਕਈ ਵਾਰ ਵਸੂਟੀਆਂ ਦੇ ਚਿੱਟੇ ਫੁੱਲਾਂ ਦਾ ਮਿੱਠਾ-ਮਿੱਠਾ ਰਸ ਵੀ ਚੂਸ ਕੇ ਮਜ਼ਾ ਲਿਆ ਜਾਂਦਾ ਸੀ ਅਤੇ ਪਿੰਡ ਵਿਚ ਰੁੱਖਾਂ ਉਤੇ ਪੀਂਘਾਂ ਪਾ ਕੇ ਕਈ-ਕਈ ਮਹੀਨੇ ਝੂਟੀਆਂ ਜਾਂਦੀਆਂ ਸਨ। ਕਈ ਵਾਰ ਅਸਮਾਨ ਵਿਚ ਤੇਜ਼ ਗੂੰਜ ਵਾਲੇ ਜਹਾਜ਼ ਨੂੰ ਵੇਖ ਕੇ ਡਰ ਜਾਈਦਾ ਸੀ ਅਤੇ ਹੌਲੀ-ਹੌਲੀ ਉਡਦੇ ਹੈਲੀਕਾਪਟਰ ਨੂੰ ਸਾਰੇ ਬੱਚੇ ਇਕੱਠੇ ਹੋ ਕੇ ਬਾਹਾਂ ਹਿਲਾ ਕੇ 'ਹੈਲੀਕਾਪਟਰ ਬਾਏ ਬਾਏ' ਕਹਿੰਦੇ ਹੁੰਦੇ ਸੀ। ਪਿਤਾ ਜਾਂ ਦਾਦੇ ਜਾਂ ਚਾਚੇ-ਤਾਏ ਆਦਿ ਨਾਲ ਖੇਤਾਂ ਅਤੇ ਫ਼ਸਲਾਂ ਨੂੰ ਪਾਲੋ (ਆੜ) ਦਾ ਪਾਣੀ ਲਗਾਉਣਾ, ਨੱਕੇ ਮੋੜਨਾ, ਦੂਜੇ ਕਿਆਰਿਆਂ ਨੂੰ ਪਾਣੀ ਛਡਣਾ ਅਤੇ ਕਿਆਰੇ ਦੇ ਭਰ ਜਾਣ ਦਾ ਪਤਾ ਕਰਨਾ ਇਸ ਵਿਚ ਵੀ ਬਹੁਤ ਆਨੰਦ ਆਉਂਦਾ ਹੁੰਦਾ ਸੀ। ਕਈ ਵਾਰ ਬਿਜਾਈ ਕਰਨ ਸਮੇਂ ਅਪਣੇ ਖੇਤਾਂ ਵਿਚ ਜਾਂ ਨਾਨਕੇ ਘਰ ਸੁਹਾਗਾ ਝੂਟਣ ਦਾ ਬਹੁਤ ਮਜ਼ਾ ਆਉਂਦਾ ਹੁੰਦਾ ਸੀ। ਜਦੋਂ ਦਾਦੀ ਜਾਂ ਨਾਨੀ ਦੀ ਸੜਕ ਵਿਚੋਂ ਸਾਈਕਲ ਉਤੇ ਜਾਂ ਪੈਦਲ ਜਾ ਰਹੇ ਪਾਪੜ ਜਾਂ ਪੀਲੇ-ਪੀਲੇ ਭੂਕਨੇ ਵੇਚਣ ਵਾਲੇ ਤੋਂ ਸੇਰ ਦਾਣੇ ਪਾ ਕੇ ਪਾਪੜ ਜਾਂ ਭੂਕਨੇ ਖਾਣ ਨੂੰ ਲੈ ਦਿੰਦੀ ਤਾਂ ਸਾਰੇ ਬੱਚੇ ਬਹੁਤ ਖ਼ੁਸ਼ ਹੋ ਜਾਂਦੇ ਹੁੰਦੇ ਸਨ। ਟੈਲੀਵਿਜ਼ਨ ਦਾ ਬੋਲਬਾਲਾ ਨਹੀਂ ਸੀ। ਪਿੰਡ ਵਿਚ ਕਿਸੇ ਇਕ-ਅੱਧੇ ਕੋਲ ਹੀ ਟੀ.ਵੀ. ਹੁੰਦਾ ਸੀ। ਨਾਨਕੇ ਜਾਣ, ਭੂਆ ਜਾਂ ਮਾਸੀ ਕੋਲ ਜਾਣ ਦਾ ਬਹੁਤ ਚਾਅ-ਦੁਲਾਰ ਹੁੰਦਾ ਸੀ। ਦੂਰ-ਦੁਰਾਡੇ ਵੀ ਸਾਈਕਲ ਉਤੇ ਹੀ ਜਾ ਆਈਦਾ ਸੀ। ਬਚਪਨ ਵਿਚ ਪਿਆਰ, ਮਿਠਾਸ, ਅਪਣਾਪਣ ਅਤੇ ਲਾਡ-ਦੁਲਾਰ ਨਾਲ ਭਰੀਆਂ ਲੋਰੀਆਂ ਅਤੇ ਦਾਦੀ ਜਾਂ ਨਾਨੀ ਦੀਆਂ ਕਲਪਨਾਤਮਕ ਪਰੀ ਜਾਂ ਪੰਛੀਆਂ-ਜਨੌਰਾਂ ਦੀਆਂ ਕਹਾਣੀਆਂ ਸੁਣ ਕੇ ਜੋ ਮਜ਼ਾ ਅਤੇ ਸਕੂਨ ਮਨ ਨੂੰ ਮਿਲਦਾ ਹੁੰਦਾ ਸੀ ਉਸ ਦੀ ਕੋਈ ਰੀਸ ਹੀ ਨਹੀਂ ਸੀ ਹੁੰਦੀ। ਚੁੱਲ੍ਹੇ ਵਿਚ ਆਲੂ ਭੁੰਨ ਕੇ ਖਾਣੇ, ਮੱਕੀ ਦੇ ਦਾਣੇ ਪਿੰਡ 'ਚ ਲੱਗੀ ਭੱਠੀ ਉਤੇ ਭੁਨਾ ਕੇ ਖਾਣੇ ਅਤੇ ਦੇਸੀ ਘਿਉ ਨਾਲ ਰੋਟੀ ਚੋਪੜ ਕੇ ਨਮਕ ਪਾ ਕੇ ਖਾਣ ਦਾ ਬਹੁਤ ਮਜ਼ਾ ਆਉਂਦਾ ਹੁੰਦਾ ਸੀ। ਸਕੂਲ ਦੀ ਛੁੱਟੀ ਮਗਰੋਂ ਜਾਂ ਹੋਰ ਛੁੱਟੀ ਵਾਲੇ ਦਿਨ ਹੱਥੀਂ ਪਤੰਗ ਬਣਾ ਕੇ ਕੰਨੀਆਂ ਦੇਣਾ ਅਤੇ ਚਾਰ-ਚਾਰ ਧਾਗੇ ਦੀਆਂ ਡੋਰੀਆਂ ਬਣਾ ਕੇ ਲੰਮੀ ਪੂਛ ਵਾਲੇ ਅਖ਼ਬਾਰ ਦੇ ਬਣਾਏ ਪਤੰਗ ਅਸਮਾਨੀ ਚੜ੍ਹਾਉਣਾ ਅਤੇ ਉਨ੍ਹਾਂ 'ਚ ਕਾਗਜ਼ ਪਾ ਕੇ ਚਿੱਠੀਆਂ ਭੇਜਣ ਦਾ ਮਜ਼ਾ ਵਖਰਾ ਹੀ ਹੁੰਦਾ ਸੀ। ਸਕੂਲ ਜਾਂ ਘਰ ਕਾਪੀਆਂ ਦੇ ਕਾਗਜ਼ ਪਾੜ ਕੇ ਜਹਾਜ਼ ਬਣਾ ਕੇ ਉਡਾਉਣੇ ਅਤੇ ਹੱਥੀਂ ਕਾਗਜ਼ ਦੀਆਂ ਬਣਾਈਆਂ ਕਿਸ਼ਤੀਆਂ ਆੜਾਂ ਜਾਂ ਪਾਣੀ ਦੇ ਖਾਲਿਆਂ 'ਚ ਚਲਾਉਣੀਆਂ ਵੀ ਇਕ ਵਖਰੀ ਹੀ ਕਿਸਮ ਦਾ ਖੇਡ ਅਤੇ ਕਲਾ ਹੁੰਦੀ ਸੀ। ਉਦੋਂ ਮਾਸਟਰ ਜੀ ਦੇ ਡੰਡੇ ਅਤੇ ਦਬਕੇ ਦਾ ਏਨਾ ਡਰ ਮਨ ਵਿਚ ਹੁੰਦਾ ਸੀ ਕਿ ਕਈ ਵਾਰ ਪਜਾਮੇ ਜਾਂ ਪੈਂਟ ਵਿਚ ਡਰਦੇ ਮਾਰੇ ਪਿਸ਼ਾਬ ਨਿਕਲ ਜਾਂਦਾ ਹੁੰਦਾ ਸੀ। ਜਦੋਂ ਕਦੇ ਕਿਸੇ ਰਿਸ਼ਤੇਦਾਰ ਦੀ ਚਿੱਠੀ ਡਾਕੀਆ ਘਰ ਆ ਕੇ ਦਿੰਦਾ ਸੀ ਤਾਂ ਚਿੱਠੀ ਵਿਚ ਬੱਚਿਆਂ ਲਈ ਲਿਖਿਆ ਪਿਆਰ-ਦੁਲਾਰ ਸੁਣ ਕੇ ਜਾਂ ਪੜ੍ਹ ਕੇ ਖ਼ੁਸ਼ ਹੋ ਜਾਈਦਾ ਸੀ। ਗਲੀ ਵਿਚ ਵਿਕ ਰਹੀ ਕੁਲਫ਼ੀ ਜਾਂ ਬੁੱਢੀ ਮਾਈ ਦਾ ਝਾਟਾ ਜਿਸ ਨੂੰ ਬੱਚੇ ਬੁੱਢੀ ਮਾਈ ਦਾ ਝਾਟਾ ਕਹਿੰਦੇ ਹੁੰਦੇ ਸਨ, ਨੂੰ ਲੈਣ ਲਈ ਮਾਪਿਆਂ ਆਦਿ ਦੇ ਮਗਰ ਪੈਣ ਦੀਆਂ ਗੱਲਾਂ ਬਹੁਤ ਖ਼ੁਸ਼ਨੁਮਾ ਹੁੰਦੀਆਂ ਸਨ। ਅਜਕਲ ਭਾਵੇਂ ਪੜ੍ਹਾਈ ਦਾ ਬੋਝ ਬੱਚਿਆਂ ਉਤੇ ਬਹੁਤ ਵੱਧ ਗਿਆ ਹੈ, ਬੱਚੇ ਘਰੋਂ ਬਾਹਰ ਜਾ ਕੇ ਖੇਡਣਾ ਘੱਟ ਗਏ ਹਨ ਅਤੇ ਟੀ.ਵੀ. ਉਤੇ ਕਾਰਟੂਨ ਜਾਂ ਵੀਡੀਓ ਗੇਮਾਂ ਖੇਡਣਾ ਪਸੰਦ ਕਰਨ ਲੱਗ ਪਏ ਹਨ ਪਰ ਕੁੱਝ ਵੀ ਹੋਵੇ, ਭਾਵੇਂ ਜ਼ਮਾਨਾ ਬਦਲ ਗਿਆ ਹੋਵੇ ਪਰ ਇਕ ਗੱਲ ਸੱਚ ਹੈ ਕਿ ਬੰਦੇ ਦੇ ਬਚਪਨ ਦਾ ਸਮਾਂ ਬਹੁਤ ਵਧੀਆ, ਮਸਤੀ ਭਰਿਆ ਹੁੰਦਾ ਹੈ। ਹਰ ਕਿਸੇ ਨੂੰ ਅਪਣੇ ਬਚਪਨ ਦੀਆਂ ਯਾਦਾਂ, ਖੇਡਾਂ, ਪੜ੍ਹਾਈ, ਮਾਸਟਰ ਜੀ, ਰਿਸ਼ਤੇਦਾਰ, ਦੋਸਤ, ਆਂਢ-ਗੁਆਂਢ, ਸਕੂਲ, ਸ਼ਰਾਰਤਾਂ ਅਤੇ ਖੱਟੀਆਂ-ਮਿੱਠੀਆਂ ਯਾਦਾਂ ਚੰਗੀਆਂ ਲਗਦੀਆਂ ਹਨ ਅਤੇ ਸਦਾ ਯਾਦ ਰਹਿੰਦੀਆਂ ਹਨ। ਬਚਪਨ ਨੂੰ ਯਾਦ ਕਰ ਕੇ ਸੱਚਮੁਚ ਬੰਦਾ ਕਿਤੇ ਗੁਆਚ ਹੀ ਜਾਂਦਾ ਹੈ ਅਤੇ ਕੁੱਝ ਪਲ ਲਈ ਭਾਵੁਕ ਵੀ ਜ਼ਰੂਰ ਹੋ ਜਾਂਦਾ ਹੈ।

# ਵਿਆਜ ਦਰ ਵਿੱਚ ਕਮੀ ਕਿੰਨੀ ਕੁ ਮਦਦਗਾਰ ?

ਅਕਤੂਬਰ ਦੇ ਪਹਿਲੇ ਹਫ਼ਤੇ ਭਾਰਤੀ ਰਿਜ਼ਰਵ ਬੈਂਕ (ਆਰਬੀਆਈ) ਵੱਲੋਂ ਮੁਦਰਾ ਸਥਿਤੀ ਦੀ ਸਮੀਖਿਆ ਕੀਤੇ ਜਾਣ ਬਾਅਦ ਉਦਯੋਗਪਤੀਆਂ ਨੂੰ ਵੱਡੀ ਉਮੀਦ ਸੀ ਕਿ ਵਿਆਜ ਦਰਾਂ ਵਿੱਚ ਕਮੀ ਕਰ ਦਿੱਤੀ ਜਾਵੇਗੀ ਕਿਉਂ ਜੋ ਉਸ ਤੋਂ ਪਹਿਲਾਂ ਰਿਜ਼ਰਵ ਬੈਂਕ ਵੱਲੋਂ ਨਿਸ਼ਚਿਤ ਕੀਤਾ ਰੈਪੋ ਰੇਟ (ਜਿਸ 'ਤੇ ਰਿਜ਼ਰਵ ਬੈਂਕ ਦੂਸਰੇ ਬੈਂਕਾਂ ਨੂੰ ਕਰਜ਼ਾ ਦਿੰਦਾ ਹੈ) ਪਿਛਲੇ ੬ ਸਾਲਾਂ ਵਿੱਚ ਸਭ ਤੋਂ ਹੇਠਲੀ ਪੱਧਰ ਨਾਲ ੬ ਫੀਸਦੀ 'ਤੇ ਨਿਸ਼ਚਿਤ ਸੀ ਜਦੋਂਕਿ ਰਿਵਰਸ ਰੈਪੋ ਰੇਟ (ਜਿਸ ਵਿਆਜ ਦਰ 'ਤੇ ਰਿਜ਼ਰਵ ਬੈਂਕਾਂ ਦੂਜੇ ਬੈਂਕਾਂ ਤੋਂ ਕਰਜ਼ਾ ਲੈਂਦਾ ਹੈ) ੫.੭੫ ਫੀਸਦੀ ਨਿਸ਼ਚਿਤ ਸੀ। ਇਨ੍ਹਾਂ ਦਰਾਂ ਵਿੱਚ ਕਮੀ ਦੀ ਉਮੀਦ ਇਸ ਕਰਕੇ ਕੀਤੀ ਜਾਂਦੀ ਸੀ ਕਿ ਪਿਛਲੇ ਸਮਿਆਂ ਵਿੱਚ ਮੁਦਰਾ ਪਸਾਰੇ ਦੀ ਦਰ ਨਹੀਂ ਵਧੀ ਅਤੇ ਮੁਦਰਾ ਪਸਾਰੇ ਨੂੰ ਰੋਕਣ ਲਈ ਵਿਆਜ ਦਰਾਂ ਨੂੰ ਸਥਿਰ ਜਾਂ ਉੱਚਾ ਕੀਤਾ ਜਾਂਦਾ ਹੈ। ਵਿਆਜ ਦਰਾਂ ਵਿੱਚ ਕਮੀ ਨਾਲ ਉਦਯੋਗਾਂ ਜਾਂ ਉਤਪਾਦਨ 'ਤੇ ਦੋ ਤਰ੍ਹਾਂ ਦਾ ਪ੍ਰਭਾਵ ਪੈਂਦਾ ਹੈ। ਇਕ, ਇਸ ਨਾਲ ਉਤਪਾਦਨ ਦੀ ਲਾਗਤ ਘਟਦੀ ਹੈ ਕਿਉਂ ਜੋ ਵਿਆਜ ਦਾ ਬੋਝ ਘਟਦਾ ਹੈ ਅਤੇ ਦੂਸਰਾ, ਉਦਯੋਗਪਤੀ ਜਾਂ ਉਤਪਾਦਕ ਉੱਦਮੀ ਹੋਰ ਕਰਜ਼ਾ ਲੈਣ ਲਈ ਪ੍ਰੇਰਿਤ ਹੁੰਦਾ ਹੈ ਕਿਉਂ ਜੋ ਕਰਜ਼ਾ ਸਸਤਾ ਹੈ। ਪਰ ਰਿਜ਼ਰਵ ਬੈਂਕ ਵੱਲੋਂ ਇਨ੍ਹਾਂ ਦਰਾਂ ਵਿੱਚ ਹੋਰ ਕਮੀ ਨਾ ਕਰਨ ਕਰਕੇ ਉਦਯੋਗਪਤੀਆਂ ਨੂੰ ਕੁਝ ਨਿਰਾਸ਼ਾ ਹੋਈ ਸੀ।

ਪਰ ਇੱਥੇ ਇਹ ਸੁਆਲ ਪੈਦਾ ਹੁੰਦਾ ਹੈ ਕਿ ਕੀ ਵਿਆਜ ਦਰਾਂ ਵਿੱਚ ਕਮੀ ਆਉਣ ਨਾਲ ਆਰਥਿਕਤਾ ਵਿੱਚ ਆਈ ਸੁਸਤੀ ਦੂਰ ਹੋ ਜਾਵੇਗੀ ਕਿਉਂ ਜੋ ਪਹਿਲਾਂ ਹੀ ਇਨ੍ਹਾਂ ਵਿੱਚ ਜਿਹੜੀ ਵੱਡੀ ਕਮੀ ਕੀਤੀ ਗਈ ਉਸ ਨਾਲ ਨਿਰਯਾਤ ਵਿੱਚ ਵਾਧਾ ਨਹੀਂ ਹੋਇਆ, ਸਗੋਂ ਇਸ ਵਿੱਚ ਦਿਨ-ਬ-ਦਿਨ ਕਮੀ ਆ ਰਹੀ ਹੈ ਅਤੇ ਆਪਣੇ ਦੇਸ਼ ਵਿੱਚ ਵੀ ਉਦਯੋਗਿਕ ਵਸਤੂਆਂ ਦੀ ਮੰਗ ਵਿੱਚ ਵਾਧਾ ਨਹੀਂ ਹੋ ਰਿਹਾ। ਉਦਯੋਗਿਕ ਵਿਕਾਸ ਲਈ ਸਭ ਤੋਂ ਵੱਡਾ ਤੱਤ ਹੈ, ਉਦਯੋਗਿਕ ਵਸਤੂਆਂ ਦੀ ਵਿਕਰੀ। ਜੇ ਉਨ੍ਹਾਂ ਵਸਤੂਆਂ ਦੀ ਵੱਡੀ ਮੰਗ ਹੈ, ਜਿਨ੍ਹਾਂ ਉਦਯੋਗਾਂ ਦੀਆਂ ਵਸਤੂਆਂ ਧੜਾ-ਧੜ ਵਿਕ ਰਹੀਆਂ ਹਨ, ਉਹ ਉਨ੍ਹਾਂ ਉਦਯੋਗਿਕ ਇਕਾਈਆਂ ਵਿੱਚ ਵਾਧਾ ਕਰਨਗੇ। ਨਵੇਂ ਕਿਰਤੀ ਲਾਏ ਜਾਣਗੇ, ਨਵੇਂ ਕਿਰਤੀਆਂ ਵੱਲੋਂ ਜਿੱਥੇ ਉਤਪਾਦਨ ਵਿੱਚ ਵਾਧਾ ਕੀਤਾ ਜਾਵੇਗਾ, ਉੱਥੇ ਉਨ੍ਹਾਂ ਦੀ ਆਮਦਨ ਵਧੇਗੀ ਅਤੇ ਖ਼ਰੀਦ ਸ਼ਕਤੀ ਵਧਣ ਨਾਲ, ਉਹ ਹੋਰ ਉਦਯੋਗਾਂ ਨੂੰ ਪ੍ਰੇਰਿਤ ਕਰਨਗੇ।

ਕਿਸੇ ਆਰਥਿਕਤਾ ਵਿੱਚ ਤੇਜ਼ੀ ਦਾ ਆਧਾਰ ਹੈ, ਉੱਥੋਂ ਦੇ ਲੋਕਾਂ ਦੀ ਖ਼ਰੀਦ ਸ਼ਕਤੀ। ਭਾਵੇਂ ਵਿਆਜ ਦਰਾਂ ਦੀ ਕਮੀ ਉਦਯੋਗਿਕ ਵਿਕਾਸ ਨੂੰ ਪ੍ਰੇਰਿਤ ਕਰਦੀ ਹੈ ਪਰ ਜ਼ਿਆਦਾ ਪ੍ਰੇਰਿਤ ਕਰਦੀ ਹੈ ਵਸਤੂਆਂ ਦੀ ਕੀਤੀ ਜਾਂਦੀ ਮੰਗ। ਇੱਥੇ ੧੯੨੯ ਵਿੱਚ ਦੁਨੀਆਂ ਭਰ ਵਿੱਚ ਆਈ ਵੱਡੀ ਮੰਦੀ ਦੀ ਮਿਸਾਲ ਸਾਡੇ ਸਾਹਮਣੇ ਹੈ। ਉਸ ਵਕਤ ਪਹਿਲਾਂ ਇੰਗਲੈਂਡ, ਜੋ ਉਸ ਵਕਤ ਦਾ ਸਭ ਤੋਂ ਜ਼ਿਆਦਾ ਵਿਕਸਿਤ ਦੇਸ਼ ਸੀ ਪਰ ਉੱਥੋਂ ਦੀਆਂ ਉਦਯੋਗਿਕ ਵਸਤੂਆਂ ਦੀ ਵਿਕਰੀ ਦਿਨ-ਬ-ਦਿਨ ਘਟਦੀ ਗਈ। ਫਿਰ ਇਹੋ ਮੰਦੀ ਹੋਰ ਉਦਯੋਗਿਕ ਦੇਸ਼ਾਂ ਵਿੱਚ ਫੈਲ ਗਈ, ਜਿਸ ਨਾਲ ਉਦਯੋਗਿਕ ਵਸਤੂਆਂ ਦੀ ਵਿਕਰੀ ਘਟਦੀ ਗਈ। ਕਾਰਖਾਨੇ ਆਪਣਾ ਕੰਮ ਘਟਾਉਂਦੇ ਜਾਂ ਬੰਦ ਕਰਦੇ ਗਏ। ਫਿਰ ਇਹ ਮੰਦੀ ਹੋਰਨਾਂ ਦੇਸ਼ਾਂ ਅਤੇ ਖੇਤਰਾਂ ਜਿਵੇਂ ਖੇਤੀ ਵਿੱਚ ਵੀ ਫੈਲ ਗਈ। ਦੁਨੀਆਂ ਭਰ ਦੇ ਵਿਕਸਿਤ ਜਾਂ ਵਿਕਾਸ ਕਰ ਰਹੇ ਦੇਸ਼ਾਂ ਵਿੱਚ ਫੈਲੀ ਇਸ ਮੰਦੀ ਨਾਲ ਬੇਰੁਜ਼ਗਾਰੀ ਦੀ ਇਕ ਵੱਡੀ ਸਮੱਸਿਆ ਆ ਗਈ, ਜਿਸ ਦਾ ਮੁੱਖ ਕਾਰਨ ਸੀ ਵਸਤੂਆਂ ਦੀ ਵਿਕਰੀ ਨਾ ਹੋਣਾ। ਉਸ ਵਕਤ ਸੋਵੀਅਤ ਯੂਨੀਅਨ ਹੀ ਦੁਨੀਆਂ ਦਾ ਇਕ ਦੇਸ਼ ਸੀ ਜਿੱਥੇ ਨਾ ਕੀਮਤਾਂ ਘਟਣ ਦੀ ਸਮੱਸਿਆ ਸੀ, ਨਾ ਬੇਰੁਜ਼ਗਾਰੀ ਦੀ। ਇਸ ਕਰਕੇ ਦੁਨੀਆਂ ਭਰ ਦੇ ਆਰਥਿਕ ਮਾਹਿਰਾਂ, ਵਿਚਾਰਵਾਨਾਂ ਅਤੇ ਨੇਤਾਵਾਂ ਦੀ ਰੁਚੀ ਸੋਵੀਅਤ ਯੂਨੀਅਨ ਵੱਲ ਵਧ ਗਈ। ਪਰ ਉਸ ਵਕਤ ਉਸ ਦੇ ਮਹਾਨ ਅਰਥ ਸ਼ਾਸਤਰੀ ਸ੍ਰੀ ਕੇਨਜ ਵੱਲੋਂ ਖੋਜਿਆ ਕਾਰਨ 'ਖਰੀਦ ਸ਼ਕਤੀ ਦੀ ਕਮੀ' ਇਸ ਮੰਦੀ ਦਾ ਵੱਡਾ ਕਾਰਨ ਮੰਨਿਆ ਗਿਆ ਅਤੇ ਉਸ ਵਲੋਂ ਸੁਝਾਏ ਗਏ ਉਪਾਵਾਂ ਵਿੱਚ ਉਹ ਸਭ ਕੁਝ ਸੀ, ਜਿਸ ਨਾਲ ਖਰੀਦ ਸ਼ਕਤੀ ਵਿੱਚ ਵਾਧਾ ਕੀਤਾ ਜਾਵੇ। ਇਸ ਲਈ ਇਹ ਸੁਝਾਅ ਦਿੱਤੇ ਗਏ ਜਿਹੜੇ ਲਾਗੂ ਕਰਨ ਨਾਲ ਸਫਲ ਵੀ ਹੋਏ ਕਿ ਸਰਕਾਰੀ ਪ੍ਰਾਜੈਕਟ ਸ਼ੁਰੂ ਕਰਕੇ ਰੁਜ਼ਗਾਰ ਅਤੇ ਆਮਦਨ ਵਧਾਈ ਜਾਵੇ, ਕਰਜ਼ੇ 'ਤੇ ਵਸਤੂਆਂ ਦੇਣ ਦੀ ਵਿਵਸਥਾ ਕੀਤੀ ਜਾਵੇ, ਕਿਸ਼ਤਾਂ 'ਤੇ ਵਸਤੂਆਂ ਵੇਚੀਆਂ ਜਾਣ। ਕਰਜ਼ਾ ਸਸਤਾ ਕੀਤਾ ਜਾਵੇ ਤਾਂ ਕਿ ਉਸ ਨਾਲ ਉਦਯੋਗਿਕ ਉੱਦਮਾਂ ਨੂੰ ਪ੍ਰੇਰਿਤ ਕੀਤਾ ਜਾਵੇ। ਠੀਕ ਹੀ ਉਸ ਵਕਤ ਦੀਆਂ ਪੂੰਜੀਵਾਦੀ ਪ੍ਰਬੰਧ ਵਾਲੀ ਆਰਥਿਕਤਾ ਵਿੱਚ ਸਰਕਾਰ ਦੀ ਦਖ਼ਲਅੰਦਾਜ਼ੀ ਨਾਲ ਮੰਦੀ ਨੂੰ ਰੋਕਿਆ ਗਿਆ ਅਤੇ ਆਰਥਿਕ ਸੁਧਾਰਾਂ ਨਾਲ ਰੁਜ਼ਗਾਰ ਵਧਿਆ, ਜਿਸ ਨਾਲ ਆਮਦਨ ਅਤੇ ਫਿਰ ਖ਼ੁਸ਼ਹਾਲੀ ਦਾ ਮਾਹੌਲ ਪੈਦਾ ਹੋ ਗਿਆ। ਦੁਨੀਆਂ ਦੀ ੧੭.੬ ਫੀਸਦੀ ਆਬਾਦੀ ਵਾਲੇ ਦੂਸਰੇ ਵੱਡੇ ਦੇਸ਼ ਵਿੱਚ ਇਸ ਵਕਤ ਸਭ ਤੋਂ ਵੱਡੀ ਬੇਰੁਜ਼ਗਾਰੀ ਹੈ। ਆਰਥਿਕ ਸੁਧਾਰ ਅਪਨਾਉਣ ਤੋਂ ਬਾਅਦ ੧੯੯੧ ਤੋਂ ਲੈ ਕੇ ਹੁਣ ਤੱਕ ਆਰਥਿਕ ਨਾ-ਬਰਾਬਰੀ ਵਿੱਚ ਲਗਾਤਾਰ ਵੱਡਾ ਵਾਧਾ ਹੋ ਰਿਹਾ ਹੈ। ਭਾਵੇਂ ਪਿਛਲੇ ਕੁਝ ਸਾਲਾਂ ਤੋਂ ਮੁਦਰਾ ਸਫੀਤੀ 'ਤੇ ਕਾਬੂ ਹੈ ਪਰ ਇਹ ਸਿਫ਼ਰ ਤਕ ਨਹੀਂ ਹੋ ਸਕਿਆ। ਹੁਣ ਵੀ ਰਿਜ਼ਰਵ ਬੈਂਕ ਅਨੁਸਾਰ ੪.੨ ਤੋਂ ੪.੬ ਤੱਕ ਰਹਿਣ ਦੀ ਸੰਭਾਵਨਾ ਹੈ। ਮੁਦਰਾ ਸਫੀਤੀ ਸਭ ਤੋਂ ਜ਼ਿਆਦਾ ਬੱਝੀ ਆਮਦਨ ਵਾਲੇ ਲੋਕਾਂ ਅਤੇ ਘੱਟ ਆਮਦਨ ਵਾਲੇ ਲੋਕਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦੀ ਹੈ, ਜਿਨ੍ਹਾਂ ਦੀ ਗਿਣਤੀ ਜ਼ਿਆਦਾ ਹੈ। ਇਨ੍ਹਾਂ ਦੇ ਹਿੱਤਾਂ ਨੂੰ ਸੁਰੱਖਿਅਤ ਕਰਨਾ ਸਰਕਾਰ ਦਾ ਵੱਡਾ ਫਰਜ਼ ਹੈ। ਵਿਆਜ ਦਰ ਨੂੰ ਮੁਦਰਾ ਸਫੀਤੀ ਦੇ ਡਰ ਕਰਕੇ ਘਟ ਨਹੀਂ ਕੀਤਾ ਜਾ ਰਿਹਾ ਅਤੇ ਵਿਆਜ ਦਰ ਘਟ ਨਾ ਕਰਨ ਕਰਕੇ ਉਦਯੋਗਿਕ ਵਾਧੇ 'ਤੇ ਪ੍ਰਭਾਵ ਨਹੀਂ ਪੈ ਰਹੇ। ਆਉਣ ਵਾਲੇ ਸਮੇਂ ਵਿੱਚ ਵੀ ੫.੭ ਫੀ ਵਿਕਾਸ ਦਰ ਰਹਿਣ ਦੀ ਉਮੀਦ ਹੈ, ਜੋ ਪਹਿਲਾਂ ਪ੍ਰਾਪਤ ਕੀਤੀ ਗਈ ਵਿਕਾਸ ਦਰ ਤੋਂ ਕਿਤੇ ਥੱਲੇ ਹੈ।

ਪਿਛਲੇ ਦਿਨੀਂ ਸਰਕਾਰ ਵੱਲੋਂ ਆਰਥਿਕ ਮਾਹਿਰਾਂ ਦੀ ਕੌਂਸਲ ਕਇਮ ਕਰਨਾ ਸਰਕਾਰ ਦੀ ਉਸਾਰੂ ਕਾਰਵਾਈ ਹੈ। ਅਸਲ ਵਿੱਚ ਭਾਰਤ ਦੀ ਬੇਰੁਜ਼ਗਾਰੀ ਦੀ ਸਮੱਸਿਆ ਦੇ ਹੱਲ ਲਈ ਇਕੱਲੀ ਵਿਆਜ ਦਰ ਘਟਾਉਣਾ ਕਾਫੀ ਨਹੀਂ, ਵੱਡੀਆਂ ਆਰਥਿਕ ਢਾਂਚਾਗਤ ਤਬਦੀਲੀਆਂ ਦੀ ਵੀ ਲੋੜ ਹੈ। ਪਿਛਲੇ ਕੁਝ ਸਾਲਾਂ ਵਿੱਚ ਚੀਨ ਵੱਲੋਂ ਭਾਰਤ ਵਿੱਚ ਵਰਤੀਆਂ ਜਾਣ ਵਾਲੀਆਂ ਘਰੇਲੂ ਵਸਤੂਆਂ, ਭਾਰਤ ਵੱਲ ਨਿਰਯਾਤ ਕੀਤੀਆਂ ਗਈਆਂ ਹਨ ਅਤੇ ਉਨ੍ਹਾਂ ਦੀ ਮਾਤਰਾ ਵਿੱਚ ਹਰ ਸਾਲ ਵਾਧਾ ਹੁੰਦਾ ਜਾ ਰਿਹਾ ਹੈ। ਜਿੰਨੀਆਂ ਚੀਜ਼ਾਂ ਚੀਨ ਤੋਂ ਆ ਕੇ ਭਾਰਤ ਵਿਕਦੀਆਂ ਹਨ, ਓਨੀਆਂ ਭਾਰਤੀ ਚੀਜ਼ਾਂ, ਨਹੀਂ ਵਿਕਦੀਆਂ ਅਤੇ ਉਹ ਉਦਯੋਗਿਕ ਇਕਾਈਆਂ ਜਿਹੜੀਆਂ ਉਨ੍ਹਾਂ ਵਸਤੂਆਂ ਦਾ ਨਿਰਮਾਣ ਕਰਦੀਆਂ ਸਨ ਉਹ ਜਾਂ ਕੰਮ ਘਟਾ ਰਹੀਆਂ ਜਾਂ ਬੰਦ ਹੋ ਰਹੀਆਂ ਹਨ। ਚੀਨ ਦੀਆਂ ਸਸਤੀਆਂ ਵਸਤੂਆਂ ਦੀ ਖਰੀਦ ਭਾਰਤ ਦੀ ਆਰਥਿਕਤਾ 'ਤੇ ਬੁਰੇ ਪ੍ਰਭਾਵ ਪਾਏਗੀ ਅਤੇ ਇਹ ਵਰਤਾਰਾ ਹੰਢਣਸਾਰ ਜਾਂ ਲਗਾਤਾਰ ਚਲਣ ਵਾਲਾ ਵਰਤਾਰਾ ਨਹੀਂ ਬਣ ਸਕਦਾ ਕਿਉਂ ਜੋ ਇਸ ਨਾਲ ਆਮ ਭਾਰਤੀ ਦੀ ਖਰੀਦ ਸ਼ਕਤੀ ਘਟਦੀ ਜਾਵੇਗੀ।

ਉਸ ਤਰ੍ਹਾਂ ਰਿਜ਼ਰਵ ਬੈਂਕ ਵੱਲੋਂ ਦੇਸ਼ ਦੇ ਬੈਂਕਾਂ ਨੂੰ ਸੁਰੱਖਿਅਤ ਕੈਸ਼ ਭੰਡਾਰਾਂ ਵਿੱਚ ੦.੨੫ ਫੀਸਦੀ ਕਮੀ ਕਰਨ ਦੀ ਛੋਟ ਦੇ ਦਿੱਤੀ ਗਈ ਹੈ, ਜਿਸ ਦਾ ਅਰਥ ਹੈ ਕਿ ਕਰਜ਼ਾ ਦਿੰਦੇ ਸਮੇਂ ਇਹ ਬੈਂਕ ਪਹਿਲਾਂ ਨਾਲੋਂ ਘੱਟ ਕੈਸ਼ ਰੱਖ ਕੇ ਬਾਕੀ ਕੈਸ਼ ਦੇ ਆਧਾਰ 'ਤੇ ਕਰਜ਼ ਦੇ ਸਕਣਗੇ। ਇਸ ਨਾਲ ਵੀ ਦੇਸ਼ ਵਿੱਚ ਬੈਂਕਾਂ ਵੱਲੋਂ ੫੫,੦੦੦ ਕਰੋੜ ਰੁਪਏ ਦੇ ਹੋਰ ਕਰਜ਼ੇ ਦੇਣ ਦੀ ਵਿਵਸਥਾ ਬਣ ਜਾਵੇਗੀ ਜਾਂ ਇੰਨਾ ਪੈਸਾ ਹੋਰ ਉੱਦਮੀਆਂ ਦੇ ਹੱਥ ਆ ਜਾਵੇਗਾ। ਪਰ ਫਿਰ ਅਸਲ ਤੱਤ ਜੋ ਨਿਵੇਸ਼ ਨੂੰ ਪ੍ਰਭਾਵਿਤ ਕਰਦੇ ਹਨ, ਜੇ ਉਨ੍ਹਾਂ ਨੂੰ ਆਕਰਸ਼ਿਤ ਨਾ ਕੀਤਾ ਗਿਆ ਤਾਂ ਇਨ੍ਹਾਂ ਦਾ ਆਰਥਿਕਤਾ ਤੇ ਹੋਰ ਰੁਜ਼ਗਾਰ ਪੈਦਾ ਕਰਨ ਲਈ ਚੰਗਾ ਪ੍ਰਭਾਵ ਨਹੀਂ ਮਿਲ ਸਕਦਾ। ਇਸ ਵਕਤ ਲੱਖਾਂ ਉਦਯੋਗਿਕ ਇਕਾਈਆਂ ਜਿਹੜੀਆਂ ਪਿਛਲੇ ਸਮਿਆਂ ਵਿੱਚ ਬੰਦ ਹੋ ਗਈਆਂ ਹਨ ਅਤੇ ਲੱਖਾਂ ਹੋਰ ਉਹ ਇਕਾਈਆਂ ਜਿਨ੍ਹਾਂ ਨੇ ਆਪਣਾ ਕੰਮ ਘਟਾਇਆ ਹੈ, ਉਨ੍ਹਾਂ ਨੂੰ ਫਿਰ ਚਲਾਉਣ ਦੀ ਜ਼ਰੂਰਤ ਹੈ ਜਿਹੜੀਆਂ ਸਿਰਫ਼ ਵਿਆਜ ਦਰ ਵਿੱਚ ਕਮੀ ਕਰਕੇ ਨਹੀਂ ਚਲਾਈਆਂ ਜਾ ਸਕਦੀਆਂ।

ਕੁਝ ਅੰਦਾਜ਼ਿਆਂ ਅਨੁਸਾਰ ਇਸ ਵਕਤ ਦੇਸ਼ ਦੇ ੧੫ ਕਰੋੜ ਲੋਕ ਪ੍ਰਤੱਖ ਤੌਰ 'ਤੇ ਬੇਰੁਜ਼ਗਾਰ ਹਨ ਅਤੇ ਕਰੋੜਾਂ ਲੋਕ ਅਰਧ-ਬੇਰੁਜ਼ਗਾਰ ਹਨ। ਇਹ ਮਨੁੱਖੀ ਸਾਧਨਾਂ ਦਾ ਬਹੁਤ ਵੱਡਾ ਨੁਕਸਾਨ ਹੈ ਕਿਉਂ ਜੋ ਜਿਹੜੇ ਵਿਅਕਤੀ ਨੇ ਅੱਜ ਕਿਰਤ ਨਹੀਂ ਕੀਤੀ ਉਹ ਕਿਰਤ ਜਮ੍ਹਾਂ ਤਾਂ ਕੀਤੀ ਨਹੀਂ ਜਾ ਸਕਦੀ, ਉਹ ਕਿਰਤ ਜ਼ਾਇਆ ਜਾਂਦੀ ਹੈ। ਜਿੱਥੇ ਕਿਰਤ ਨਹੀਂ ਉੱਥੇ ਆਮਦਨ ਨਹੀਂ, ਉੱਥੇ ਖਰੀਦ ਸ਼ਕਤੀ ਨਹੀਂ, ਪਰ ਉਨ੍ਹਾਂ ਵਿਅਕਤੀਆਂ ਦੀਆਂ ਲੋੜਾਂ ਤਾਂ ਪੂਰੀਆਂ ਕਰਨੀਆਂ ਹੀ ਪੈਣਗੀਆਂ ਜਾਂ ਆਮਦਨ ਭਾਵੇਂ ਨਹੀਂ ਖ਼ਰਚ ਤਾਂ ਕਰਨਾ ਹੀ ਪਵੇਗਾ

# ਖ਼ੂਨ ਪੀਣੀਆਂ ਸੜਕਾਂ



ਜ਼ਿੰਦਗੀ ਇਕ ਕੁਦਰਤੀ ਸੌਗਾਤ ਹੈ ਜੋ ਸਿਰਫ਼ ਇਕ ਵਾਰ ਮਿਲਦੀ ਹੈ। ਅੱਜ ਦਾ ਮਨੁੱਖ ਪਤਾ ਨਹੀਂ ਕਿਹੜੀਆਂ ਖ਼ਾਹਿਸ਼ਾਂ ਵਿਚ ਉਲਝਿਆ ਪਿਆ ਹੈ ਕਿ ਬਸ ਦਿਨ ਚੜ੍ਹਦੈ ਤਾਂ ਰਾਤ ਦਾ ਪਤਾ ਨਹੀਂ ਤੇ ਰਾਤ ਪੈਣ ਤੇ ਦਿਨ ਦਾ ਨਹੀਂ। ਜ਼ਿੰਦਗੀ ਨੇ ਏਨੀ ਰਫ਼ਤਾਰ ਫੜ ਲਈ ਹੈ ਕਿ ਪਤਾ ਨਹੀਂ ਲਗਦਾ ਸਮਾਂ ਚਲ ਰਿਹਾ ਹੈ ਕਿ ਦੌੜ ਰਿਹਾ ਹੈ। ਹਰ ਕਿਸੇ ਨੂੰ ਇਕ-ਦੂਜੇ ਨਾਲੋਂ ਅੱਗੇ ਲੰਘਣ ਦੀ ਕਾਹਲ ਹੁੰਦੀ ਹੈ। ਸਾਈਕਲ ਸਵਾਰਾਂ ਨੂੰ ਸਕੂਟਰ, ਮੋਟਰਸਾਈਕਲ ਸਵਾਰ ਕੁੱਝ ਨਹੀਂ ਸਮਝਦੇ। ਮੋਟਰਸਾਈਕਲਾਂ ਵਾਲਿਆਂ ਨੂੰ ਕਾਰਾਂ ਅਤੇ ਬੱਸਾਂ ਵਾਲੇ ਕੁੱਝ ਨਹੀਂ ਸਮਝਦੇ। ਪੈਦਲ ਚਲਦਿਆਂ ਦੀ ਕੋਈ ਅਹਿਮੀਅਤ ਨਹੀਂ, ਕੀੜੇ-ਮਕੌੜੇ ਸਮਝ ਕੇ ਮਾਰ ਕੇ ਸੁੱਟ ਜਾਂਦੇ ਹਨ। ਜ਼ਿੰਦਗੀ ਬਹੁਤ ਸਸਤੀ ਅਤੇ ਬੇਕਾਰ ਹੋ ਗਈ ਹੈ। ਹੋਰ ਤਾਂ ਹੋਰ ਨੇੜਿਉਂ ਲੰਘਦੇ ਲੋਕਾਂ ਵਿਚੋਂ ਵੀ ਕੋਈ ਕਿਸੇ ਦੀ ਮਦਦ ਲਈ ਅੱਗੇ ਨਹੀਂ ਆਉਂਦਾ। ਇਨਸਾਨੀਅਤ ਖੰਭ ਲਾ ਕੇ ਕਿਤੇ ਉੱਡ ਗਈ ਹੈ।

ਘਰੋਂ ਨਿਕਲਦੇ ਹਨ ਕੰਮਾਂ ਤੇ ਜਾਣ ਵਾਸਤੇ, ਹਾਦਸਾ ਹੋ ਜਾਂਦਾ ਹੈ, ਕੰਮ ਤੇ ਨਹੀਂ ਪਹੁੰਚਦੇ। ਨਾਲ ਦੇ ਕਰਮਚਾਰੀ ਉਡੀਕ ਰਹੇ ਹਨ ਪਰ ਉਹ ਤਾਂ ਸੜਕ ਤੇ ਤੜਪ ਰਿਹਾ ਹੈ, ਕਿਸੇ ਦੀ ਗ਼ਲਤੀ ਦਾ ਸ਼ਿਕਾਰ ਹੋ ਗਿਆ ਅਤੇ ਲੋਕ ਹਸਪਤਾਲ ਪਹੁੰਚਾਉਣ ਦੀ ਥਾਂ ਤਮਾਸ਼ਾ ਵੇਖ ਰਹੇ ਹਨ। ਕਾਹਲੀਆਂ ਨੇ ਕਿਸੇ ਘਰ ਦਾ ਚਿਰਾਗ਼ ਬੁਝਾ ਦਿਤਾ, ਖ਼ੁਸ਼ੀਆਂ ਗ਼ਮ ਵਿਚ ਬਦਲ ਗਈਆਂ। ਕਈ ਵਿਆਹਾਂ ਵਾਲੇ ਘਰਾਂ ਵਿਚ ਵੈਣ ਪਵਾ ਦਿਤੇ ਇਨ੍ਹਾਂ ਕਾਹਲੀਆਂ ਨੇ। ਉਹ ਵੀ ਘਰੋਂ ਗਿਆ ਸੀ ਸਵੇਰੇ 5:30 ਵਜੇ ਇਹ ਕਹਿ ਕੇ ਕਿ "ਮੰਮੀ ਜੀ ਮੈਂ ਜਾ ਰਿਹਾ ਹਾਂ।" ਮਾਂ ਨੇ ਆਪ ਉਠਾ ਕੇ ਭੇਜਿਆ, "ਪੁੱਤਰ ਉਠ ਲੇਟ ਹੋ ਗਿਐਂ ਉਠ ਗੁਰਦਵਾਰੇ ਜਾਹ। ਫਿਰ ਕਹੇਂਗਾ ਲੇਟ ਕਰਾ 'ਤਾ।" ਹੋਣਹਾਰ ਪੁੱਤਰ ਉਠਿਆ। ਕੇਸਕੀ ਸਜਾਈ, ਘਰੋਂ ਨਿਕਲ ਗਿਆ। ਮਾਂ ਨੇ ਬਸ ਝਾਕਾ ਜਿਹਾ ਵੇਖਿਆ ਜਾਂਦੇ ਪੁੱਤਰ ਦਾ, ਜਿਹੜਾ ਘਰੋਂ ਕੁੱਝ ਖਾ ਕੇ ਵੀ ਨਹੀਂ ਗਿਆ। ਰਸਤੇ ਵਿਚ ਬਹੁਤ ਆਰਾਮ ਨਾਲ ਜਾ ਰਿਹਾ ਸੀ ਵਾਹਿਗੁਰੂ ਦਾ ਜਾਪ ਕਰਦਿਆਂ। ਪਿਛੋਂ ਆਣ ਕੇ ਸਕਾਰਪੀਉ ਵਾਲੇ ਨੇ ਟੱਕਰ ਮਾਰ ਦਿਤੀ। ਗੱਡੀ ਵਿਚ ਭੂਚਾਲ ਜਿਹਾ ਆ ਗਿਆ। ਅੱਗੋਂ ਇੱਟਾਂ ਨਾਲ ਭਰੇ ਜਾਂਦੇ ਓਵਰਲੋਡ ਟਰੱਕ ਨੇ ਬਰੇਕ ਲਾ ਦਿਤੀ। ਬਰੇਕ ਗ਼ਲਤ ਢੰਗ ਨਾਲ ਲਾਉਣ ਕਰ ਕੇ ਸਾਰੀਆਂ ਇੱਟਾਂ ਪਲਟ ਗਈਆਂ ਅਤੇ ਪਿਛਿਉਂ ਆ ਰਹੀ ਕਾਰ ਵਿਚ ਵੱਜ ਕੇ ਇੰਜ ਪਿਚਕ ਗਈ ਜਿਵੇਂ ਕਪੜਾ ਨਿਚੋੜ ਦਿਤਾ ਹੋਵੇ। ਇਕ ਨੂੰ ਗੰਭੀਰ ਸੱਟਾਂ ਲਗੀਆਂ, ਇਕ ਮੌਕੇ ਤੇ ਹੀ ਰੱਬ ਨੂੰ ਪਿਆਰਾ ਹੋ ਗਿਆ। ਘਰ ਵਿਚ ਮਾਂ ਉਸ ਦੇ ਸਕੂਲ ਜਾਣ ਲਈ ਵਰਦੀ ਤਿਆਰ ਕਰ ਰਹੀ ਸੀ। ਭੈਣ ਨੂੰ ਫ਼ੋਨ ਆ ਗਿਆ ਕਿ 'ਤੁਹਾਡੇ ਭਰਾ ਦਾ ਐਕਸੀਡੈਂਟ ਹੋ ਗਿਆ ਹੈ।' ਪਿਉ ਦੀਆਂ ਅੱਖਾਂ ਅੱਗੇ ਹਨੇਰਾ ਆ ਗਿਆ। ਸੋਚ ਸਮਝ ਖ਼ਤਮ ਹੋ ਗਈ। ਦੌੜ ਗਿਆ ਪੁੱਤਰ ਨੂੰ ਹਸਪਤਾਲ ਪਹੁੰਚਾਉਣ ਪਰ ਜਾਂਦਿਆਂ ਨੂੰ ਪੁੱਤਰ ਪਹੁੰਚ ਚੁੱਕਾ ਸੀ ਹਸਪਤਾਲ ਇਕ ਲਾਸ਼ ਬਣ ਕੇ। ਅਜੇ ਘਰ ਤੋਂ ਸਿਰਫ਼ 5 ਕਿਲੋਮੀਟਰ ਦੂਰ ਹੀ ਗਏ ਸੀ ਤੇ ਮੌਤ ਨਾਲ ਸਾਹਮਣਾ ਹੋ ਗਿਆ। ਮੈਨੂੰ 6:50 ਵਜੇ ਫ਼ੋਨ ਆ ਗਿਆ ਕਿ ਅਪਣਾ ਗੁਰੀ ਨਹੀਂ ਰਿਹਾ। ਮੇਰੀਆਂ ਅੱਖਾਂ ਸਾਹਮਣੇ ਹਨੇਰਾ ਆ ਗਿਆ। ਹਾਏ ਰੱਬਾ, ਮੇਰੀਆਂ ਚੀਕਾਂ ਨਿਕਲ ਗਈਆਂ। ਕਾਬੂ ਕਰਨਾ ਮੁਸ਼ਕਲ ਸੀ। ਘਰ ਦਾ ਚਿਰਾਗ਼ ਬੁਝ ਗਿਆ। ਪੰਜਾਂ ਭੈਣਾਂ ਦਾ ਇਕੱਲਾ ਭਰਾ, ਹੋਣਹਾਰ ਪੁੱਤਰ, ਸਕੂਲ ਦਾ ਹਰਮਨ ਪਿਆਰਾ ਵਿਦਿਆਰਥੀ, ਜਿਸ ਨੂੰ ਸਾਰਾ ਸ਼ਹਿਰ ਰੋ ਰਿਹਾ ਸੀ। ਸਕੂਲ ਦੇ ਵਿਦਿਆਰਥੀਆਂ ਨਾਲ ਹਸਪਤਾਲ ਭਰ ਗਿਆ ਜੋ ਉਸ ਦੀ ਸਕੂਲ ਵਿਚ ਉਡੀਕ ਕਰ ਰਹੇ ਸਨ। ਘਰ ਵਿਚ ਹਨੇਰਾ ਹੋ ਗਿਆ। ਮਾਂ ਅਤੇ ਭੈਣਾਂ ਨੂੰ ਸੰਭਾਲਣਾ ਮੁਸ਼ਕਲ ਹੋ ਰਿਹਾ ਸੀ। ਹਰ ਕੋਈ ਦਿਲਾਸਾ ਦੇਣ ਦੀ ਕੋਸ਼ਿਸ਼ ਵਿਚ ਸੀ ਪਰ ਕਿਵੇਂ ? ਪਤਾ ਨਹੀਂ। ਸਸਕਾਰ ਤੋਂ ਬਾਅਦ ਹਰ ਇਨਸਾਨ ਇਹੀ ਕਹਿ ਰਿਹਾ ਸੀ ਸਾਡਾ ਵੀ ਫ਼ਲਾਣਾ ਰਿਸ਼ਤੇਦਾਰ ਹਾਦਸੇ ਨਾਲ ਮਰਿਆ। ਕੋਈ ਕਹੇ ਦਸ ਦਿਨ ਪਹਿਲਾਂ, ਕੋਈ ਕਹੇ 15 ਦਿਨ ਪਹਿਲਾਂ, ਕੋਈ ਕਹੇ ਮਹੀਨਾ ਪਹਿਲਾਂ, ਕੋਈ ਸਾਲ ਕਹੇ। ਕੋਈ ਕਹੇ ਅਜੇ ਪਰਸੋਂ ਸਾਡੇ ਗੁਆਂਢ ਦਾ ਮੁੰਡਾ ਉਹ ਵੀ ਕੱਲਾ-ਕੱਲਾ ਸੀ ਐਕਸੀਡੈਂਟ ਨਾਲ ਮਰ ਗਿਆ। ਰੇਤੇ ਦਾ ਭਰਿਆ ਟਰੱਕ ਪਲਟ ਗਿਆ ਸੀ ਉਸ ਉਤੇ। ਇਕ ਨੇ ਕਿਹਾ ਮੇਰੀ ਭੈਣ ਦੀ ਲੜਕੀ ਐਕਟਿਵਾ ਉਤੇ ਕਾਲਜ ਜਾ ਰਹੀ ਸੀ। ਪਿਛੋਂ ਵਿਗੜਿਆ ਬੈਲੰਸ ਟਰੱਕ ਆ ਕੇ ਕੁਚਲ ਕੇ ਚਲਾ ਗਿਆ। ਉਸ ਦੀ ਬੋਟੀ ਬੋਟੀ ਸੜਕ ਉਤੇ ਖਿੱਲਰ ਗਈ। ਇਕੱਠੀ ਕਰ ਕੇ ਚੁੱਕੀ, ਮਹੀਨੇ ਬਾਅਦ ਵਿਆਹ ਸੀ ਉਸ ਦਾ। ਹਾਏ ਰੱਬਾ ਇਹ ਕੀ ? ਹੈ ਕੋਈ ਜਵਾਬ ਕਿਸੇ ਕੋਲ ? ਅਸੀ ਵਾਪਸ ਆ ਰਹੇ ਸੀ, ਰਸਤੇ ਵਿਚ ਬਹੁਤ ਜਾਮ ਲੱਗਾ ਸੀ, ਬਸ ਇਕ ਥਾਂ ਰੁਕੀ ਰਹੀ ਕਿੰਨਾ ਚਿਰ। "ਹਾਏ ਕੀ ਹੋਇਆ ?", ਮੱਥਾ ਠਣਕਿਆ। "ਐਕਸੀਡੈਂਟ ਹੋ ਗਿਆ ਬਹੁਤ ਤਕੜਾ। ਬਹੁਤ ਜਵਾਨ ਮੁੰਡਾ, ਸਰਦਾਰ ਮੋਟਰਸਾਈਕਲ ਉਤੇ ਸੀ।" ਇੰਜ ਸੜਕ ਉਤੇ ਖਿਲਰਿਆ ਪਿਆ ਸੀ ਜਿਵੇਂ ਕੋਈ ਸਸਤਾ ਜਿਹਾ ਸਾਮਾਨ ਖਿਲਰਿਆ ਪਿਆ ਹੋਵੇ। ਮੇਰਾ ਮਨ ਪਹਿਲਾਂ ਹੀ ਬਹੁਤ ਦੁਖੀ ਸੀ, ਮੇਰਾ ਰੋਣ ਨਿਕਲ ਗਿਆ। ਮੇਰੇ ਮੂੰਹੋਂ ਵਾਰ-ਵਾਰ ਨਿਕਲ ਰਿਹਾ ਸੀ, ਕੋਈ ਇਸ ਦੀ ਮਾਂ ਨੂੰ ਖ਼ਬਰ ਕਰ ਦਿਉ। ਸਾਰੇ ਫ਼ੋਟੋਆਂ ਖਿੱਚ ਰਹੇ ਸੀ। ਵੀਡੀਉ ਬਣਾ ਰਹੇ ਸਨ। ਕਿਸੇ ਨੇ ਉਸ ਦੇ ਦਿਲ ਉਤੇ ਹੱਥ ਰੱਖ ਕੇ ਵੇਖਣ ਦੀ ਹਿੰਮਤ ਨਾ ਕੀਤੀ ਕਿ ਧੜਕਣ ਹੈ ਕਿ ਨਹੀਂ। ਏਨੀ ਨਿਰਦਈ ਦੁਨੀਆਂ ਕਿਵੇਂ ਹੋ ਸਕਦੀ ਹੈ ? ਘਰ ਆ ਕੇ ਮੇਰੇ ਕੋਲੋਂ ਰਿਹਾ ਨਾ ਗਿਆ। ਮੈਂ ਅਪਣੇ ਸਮਾਜ ਦਾ ਅਤੇ ਅਪਣਾ ਵੀ ਦੁੱਖ ਆਪ ਸੱਭ ਨਾਲ ਸਾਂਝਾ ਕਰ ਰਹੀ ਹਾਂ। ਇਹ ਖ਼ੂਨੀ ਸੜਕਾਂ ਆਖ਼ਰ ਕਦੋਂ ਤਕ ਖ਼ੂਨ ਪੀਣਗੀਆਂ ਬੇਕਸੂਰ ਲੋਕਾਂ ਦਾ ? ਕੌਣ ਜ਼ਿੰਮੇਵਾਰ ਹੈ ਇਸ ਸੱਭ ਦਾ ? ਇਹ ਸੜਕਾਂ ਜਾਂ ਇਸ ਉਤੇ ਚੱਲਣ ਵਾਲੇ ਬੇਖ਼ੌਫ਼ ਵਾਹਨ ਜੋ ਕਈ ਘਰਾਂ ਦੇ ਗੁਰੀ ਖਾ ਗਏ ਅਤੇ ਅਤੇ ਖਾ ਰਹੇ ਹਨ। ਬੱਚੇ ਖਾ ਗਏ, ਮਾਪੇ ਖਾ ਗਏ, ਚੰਗੀਆਂ ਭਲੀਆਂ ਦੇਹਾਂ ਨੂੰ ਡਰਾਉਣੀਆਂ ਸ਼ਕਲਾਂ ਵਿਚ ਬਦਲ ਕੇ ਇਹ ਵਾਹਨ ਰੋਜ਼ ਖ਼ੂਨ ਦੀ ਹੋਲੀ ਖੇਡਦੇ ਹਨ ਅਤੇ ਸੜਕਾਂ ਲਾਲ ਕਰਦੇ ਹਨ। ਹੁਣ ਤਾਂ ਹੋਲੀ ਮੌਕੇ ਵੀ ਲਾਲ ਰੰਗ ਦੀ ਲੋੜ ਨਹੀਂ ਹੋਣੀ ਕਿਉਂਕਿ ਸਾਡੀਆਂ ਸੜਕਾਂ ਤਾਂ ਪਹਿਲਾਂ ਹੀ ਖ਼ੂਨ ਨਾਲ ਲਾਲ ਹੋਈਆਂ ਪਈਆਂ ਹਨ। ਪਹਿਲਾਂ ਮੈਂ ਕਦੇ ਸੜਕਾਂ ਨੂੰ ਗਹੁ ਨਾਲ ਨਹੀਂ ਸੀ ਤਕਿਆ। ਗੁਰੀ ਦੀ ਮੌਤ ਤੋਂ ਬਾਅਦ ਜਿਥੇ ਉਸ ਦਾ ਖ਼ੂਨ ਡੁਲ੍ਹਿਆ ਸੀ, ਜਦ ਉਧਰੋਂ ਲੰਘਦੀ ਹਾਂ ਖ਼ੂਨ ਨਾਲ ਲਥਪਥ ਹੋਈ ਸੜਕ ਵੇਖਦੀ ਹਾਂ। ਉਥੇ ਗੋਲ ਥਿੰਦਾ ਜਿਹਾ ਨਿਸ਼ਾਨ ਕਈ ਦਿਨ ਬਾਅਦ ਵੀ ਦਿਸ ਰਿਹਾ ਹੈ, ਪਤਾ ਨਹੀਂ ਕਿੰਨਾ ਚਿਰ ਦਿਸੇ। ਸ਼ਾਇਦ ਪੂਰੀ ਉਮਰ ਤਕ। ਜਦ ਵੀ ਕਿਤੇ ਸੜਕ ਉਤੇ ਕੋਈ ਸਿੱਲ੍ਹਾ ਜਿਹਾ ਥਿੰਦਾ ਜਿਹਾ ਨਿਸ਼ਾਨ ਵੇਖਦੀ ਹਾਂ ਵਿਚੋਂ ਕਿਸੇ ਮਾਂ ਦੇ ਪੁੱਤਰ ਦਾ ਖ਼ੂਨ ਨਜ਼ਰ ਆਉਣ ਲੱਗ ਜਾਂਦਾ ਹੈ ਅਤੇ ਮੇਰੀ ਧਾਹ ਨਿਕਲ ਜਾਂਦੀ ਹੈ। ਮੇਰੀ ਨਜ਼ਰ ਹੁਣ ਸੜਕਾਂ ਉਤੇ ਡੁੱਲ੍ਹੇ ਖ਼ੂਨ ਤੇ ਹੀ ਰਹਿੰਦੀ ਹੈ। ਕਾਸ਼ ਮੈਂ ਇਹ ਖ਼ੂਨ ਸਾਫ਼ ਕਰ ਸਕਦੀ। ਕਾਸ਼ ਮੈਂ ਇਹ ਕੀਤੇ ਖ਼ੂਨ ਮੁਆਫ਼ ਕਰ ਸਕਦੀ। ਗੁਰੀ ਦੀ ਸੱਭ ਤੋਂ ਵੱਡੀ ਭੈਣ।

# ਸਰਕਾਰਾਂ ਦੇ ਚਾਲ੍ਹੀ ਸਾਲ ਅਤੇ ਸਿੱਖ

1978 ਦੀ ਵਿਸਾਖੀ ਨੂੰ ਸ਼ਹੀਦ ਸਿੱਖਾਂ ਦੇ ਜੁਰਮ-ਇ-ਕਤਲ ਦੀ ਬੇਇਨਸਾਫੀ ਤੋਂ ਸਰਕਾਰ ਨੇ ਸਿੱਖਾਂ ਖਿਲਾਫ ਲੜਾਈ ਦਾ ਨਵਾਂ ਪੜਾਅ ਆਰੰਭ ਦਿੱਤਾ ਸੀ, ਜਿਸ ਨੂੰ ਹੁਣ ਚਾਰ ਦਹਾਕੇ ਹੋ ਗਏ ਹਨ। ਇਸ ਦੌਰਾਨ ਸਰਕਾਰ ਨੇ ਸਿੱਖਾਂ ਦੀ ਦੇਹ ਅਤੇ ਮਨ ਨੂੰ ਕਾਬੂ ਕਰਨ ਲਈ ਲੁਭਾਉਣ, ਲਲਚਾਉਣ, ਡਰਾਉਣ, ਧਮਕਾਉਣ ਦੇ ਨਾਲ ਨਾਲ ਬਦਨਾਮ ਕਰਨ ਦੇ ਵੀ ਸੈਂਕੜੇ ਪੈਂਤੜੇ ਖੇਡੇ। ਉਨ੍ਹਾਂ ਨੂੰ ਬਦਨਾਮ ਕਰਨ ਲਈ ਆਮ ਅਫਵਾਹਾਂ ਤੋਂ ਲੈ ਕੇ ਸੰਚਾਰ ਪਰਚਾਰ ਰਾਹੀਂ ਵਿਦਵਾਨਾਂ ਤੋਂ ਲੇਖ-ਕਿਤਾਬਾਂ ਲਿਖਵਾਉਣ ਤੱਕ ਦਾ ਸਰਕਾਰ ਨੇ ਲੰਮਾ ਝਾਗ ਝਾਗਿਆ। ਸੰਚਾਰ ਸਾਧਨ ਅਖਬਾਰ, ਰੇਡੀਉ, ਟੈਲੀਵਿਜਨ ਨੇ ਉਸ ਸਮੇਂ ਤੋਂ ਹੀ ਝੂਠਾ ਪਰਚਾਰ ਕਰਨਾ ਸ਼ੁਰੂ ਕੀਤਾ ਹੋਇਆ ਹੈ। ਇਨ੍ਹਾਂ ਦੇ ਪਰਚਾਰ ਨੇ ਜੋ ਵੀ ਬਾਤ ਪਾਈ ਸਰਕਾਰ ਦੇ ਪੱਖ ਦੀ ਪਾਈ ਜੋ ਵੀ ਬਦਬਾਤ ਪਾਈ ਉਹ ਸਿੱਖਾਂ ਦੀ ਪਾਈ।

ਸਰਕਾਰ ਨੇ ਸਿੱਖਾਂ ਨੂੰ ਉਨ੍ਹਾਂ ਦੀ ਵਿਰਾਸਤ ਤੋਂ ਤੋੜਨ ਲਈ ਸਾਮ-ਦਾਮ-ਦੰਡ-ਭੇਦ ਦੇ ਸਭ ਰਾਹ ਫੜ ਵੇਖੇ। ਸ੍ਰੀ ਦਰਬਾਰ ਸਾਹਿਬ 'ਤੇ ਸਰਕਾਰੀ ਹਮਲਾ ਕਰ ਕੇ ਉਨ੍ਹਾਂ ਦਾ ਰੱਬ/ਗੁਰੂ ਦੇ ਇਲਾਹੀ ਸਥਾਨ ਤੋਂ ਵਿਸ਼ਵਾਸ ਤੋੜਨ ਦਾ ਜਤਨ ਕੀਤਾ ਪਰ ਸੱਚੇ ਪਾਤਸ਼ਾਹ ਨੇ ਹਮਲਾਵਰ ਧਿਰ ਦੇ ਵੱਡੇ ਦਰੱਖਤਾਂ ਨੂੰ ਸਿੱਟ ਕੇ ਸਿੱਖਾਂ ਦਾ ਭਰੋਸਾ ਬਰਕਰਾਰ ਕਰ ਦਿੱਤਾ। ਸਰਕਾਰ ਨੇ ਹਮਲੇ ਨੂੰ ਜਾਇਜ ਠਹਿਰਾਉਣ ਵਾਸਤੇ ਹਰ ਰਾਹ ਅਪਣਾਇਆ। ਦਿੱਲੀ ਨੇ ਸਿੱਖ-ਨਸਲਕੁਸ਼ੀ ਰਾਹੀਂ ਵੀ ਸਿੱਖ ਨੂੰ ਖਤਮ ਕਰਨਾ ਚਾਹਿਆ। ਸ੍ਰੀ ਦਰਬਾਰ ਸਾਹਿਬ 'ਤੇ ਸਰਕਾਰੀ ਹਮਲੇ ਅਤੇ ਸਿੱਖ ਨਸਲਕੁਸ਼ੀ ਦੇ ਰੋਸ ਵਜੋਂ ਜਦੋਂ ਸਿੱਖ ਸੰਘਰਸ਼ ਦੀ ਲਹਿਰ ਉੱਠੀ ਤਾਂ ਉਸ ਨੂੰ ਜਿਸ ਜਬਰ ਨਾਲ ਦਬਾਇਆ ਗਿਆ, ਉਹ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੀ ਦੁਨੀਆ ਭਰ ਵਿਚ ਇਕ ਮਿਸਾਲ ਹੈ। ਕਿਵੇਂ ਉਸ ਵੇਲੇ ਸਿੱਖ ਦੀ ਕੀਮਤ ਸਰਕਾਰ ਦੇ ਸਿਪਾਹੀਆਂ ਲਈ ਇਕ ਰੁਤਬੇ ਜਾਂ ਕੇਵਲ ਉੱਚ ਅਧਿਕਾਰੀ ਦੀ 'ਸਾਬਾਸ਼' ਦੇ ਮੁੱਲ ਹੋ ਗਈ ਸੀ। ਇਸ ਜਬਰ ਦੀ ਯਾਦ ਭੁਲਾਉਣ ਲਈ ਸਰਕਾਰੀ ਸਹਾਇਤਾ ਨਾਲ ਉੱਠੇ ਕਲਾਕਾਰਾਂ ਦੇ ਅਖਾੜੇ, ਗੀਤ-ਸੰਗੀਤ ਦੀ ਮੰਡੀ, ਫਿਲਮਾਂ, ਪੱਛਮੀ ਪੰਜਾਬ ਨੂੰ ਸਿੱਖਾਂ ਦੇ ਦੁਸ਼ਮਣ ਬਣਾਉਣ ਦੇ ਬਿਰਤਾਂਤ, 47 ਅਤੇ 84 ਦਾ ਖੌਫ ਖੜ੍ਹਾ ਕਰਨ ਵਰਗਾ ਹੋਰ ਪਤਾ ਨੀ ਕੀ-ਕੀ ਹੋਇਆ। ਫਿਰ ਨਵੀਂ ਸਕੂਲੀ ਵਿੱਦਿਆ ਦਾ ਦੌਰ ਚੱਲਿਆ ਜਿਸ ਵਿਚ ਪਾਠਕ੍ਰਮ, ਅਕਾਦਮਿਕ ਕਾਰਜ, ਸਹਿ-ਅਕਾਦਮਿਕ ਕਾਰਜ ਸਭ ਸਰਕਾਰਮੁਖੀ ਬਣੇ। ਵੀਹਵੀਂ ਸਦੀ ਦੇ ਪਿਛਲੇ ਡੇਢ ਦਹਾਕੇ ਤੋਂ ਸਿੱਖਾਂ ਦੀਆਂ ਨਵੀਆਂ ਪੀੜ੍ਹੀਆਂ ਇਹੀ ਪੜ੍ਹਦੀਆਂ-ਸਿਖਦੀਆਂ ਆ ਰਹੀਆਂ ਹਨ। ਸਿੱਖਾਂ ਦੀਆਂ ਸਿਆਸੀ ਧਿਰਾਂ ਅਤੇ ਧੜੇ ਅਲੋਪ ਹੋ ਗਏ ਜਾਂ ਫਿਰ ਸਰਕਾਰ ਦੀ ਛਤਰਛਾਇਆ ਹੇਠ ਮੌਲਣ ਲੱਗੇ। ਸਿਆਸੀ ਧਿਰਾਂ/ਧੜੇ ਸਿੱਖਾਂ ਨਾਲ ਹੋਈ ਬੇਇਨਸਾਫੀ ਦੇ ਜਿਕਰ ਤੋਂ ਬਚਦੇ ਰਹੇ, ਕਿਉਂਕਿ ਇਹ ਜਿਕਰ ਸਰਕਾਰ ਦੀ ਨਾਰਾਜਗੀ ਸਹੇੜ ਸਕਦਾ ਹੈ। ਪੰਜਾਬ ਦੀ ਜਮੀਨ ਖੁਰਦੀ ਗਈ; ਪਾਣੀ ਲੁੱਟਿਆ ਗਿਆ-ਪਲੀਤ ਕੀਤਾ ਗਿਆ; ਕੁਝ ਜਵਾਨੀ ਸਿੱਖੀ ਤੋਂ ਦੂਰ ਬਦਮਾਸ਼ੀ 'ਚ ਜਾਣ ਲੱਗੀ, ਕੁਝ ਅਸ਼ਲੀਲਤਾ ਵਿਚ ਡੁੱਬੀ, ਕੁਝ ਨਸ਼ੇ ਵਿਚ ਵੀ ਤਬਾਹ ਹੋਈ ਪਰ ਪੰਜਾਬ ਦੀਆਂ ਸਿਆਸੀ ਧਿਰਾਂ ਤੇ ਧੜਿਆਂ ਵਿਚੋਂ ਕੋਈ ਕੁਝ ਨਾ ਕਰ ਸਕਿਆ। ਇਹ ਨਹੀਂ ਕਿ ਪੰਜਾਬ ਦੇ ਕੁੱਲ ਸਿਆਸਤਦਾਨ ਬੇਈਮਾਨ ਹੋ ਗਏ ਸਨ ਜਾਂ ਹਨ। ਇਸ ਤਰ੍ਹਾਂ ਕਦੇ ਵੀ ਨਹੀਂ ਹੁੰਦਾ ਕਿ ਸਾਰੇ ਹੀ ਬੇਈਮਾਨ ਹੋ ਜਾਣ ਪਰ ਉਹ ਬੋਲ ਤਾਂ ਨਾ ਸਕੇ ਕਿਉਂਕਿ ਇਹ ਸਭ ਕੁਝ ਉਨ੍ਹਾਂ ਤੋਂ ਵੱਡੀ ਸਰਕਾਰ ਦੀ ਇੱਛਾ ਨਾਲ ਹੋ ਰਿਹਾ ਸੀ।

ਪੰਜਾਬੀਆਂ ਨੂੰ ਉਨ੍ਹਾਂ ਦਾ ਪੰਜਾਬ ਦੇਸ ਭੁਲਾ ਕੇ 'ਰਾਸ਼ਟਰ' ਨਾਲ ਸਭ ਵਫਾਦਾਰੀਆਂ ਜੋੜਨ ਦੀ ਕਵਾਇਦ ਚੱਲੀ ਜਿਸ ਦੌਰਾਨ ਪੰਜਾਬੀ ਬੋਲੀ ਹਿੰਦੀ-ਅੰਗਰੇਜੀ ਦੇ ਸਾਂਝੇ ਹੱਲੇ ਹੇਠ ਲਗਾਤਾਰ ਟੁੱਟੀ ਜਾ ਰਹੀ ਹੈ। ਪੰਜਾਬੀ ਦੀ ਸਾਂਭ ਸੰਭਾਲ ਲਈ ਬਣੀਆਂ ਸੰਸਥਾਵਾਂ ਪੰਜਾਬ ਦੇ ਸਿਆਸੀ ਆਗੂਆਂ ਦੀਆਂ ਅੱਖਾਂ ਸਾਹਵੇਂ ਢਹਿ ਗਈਆਂ, ਉਹ ਗਰੀਬ ਕੁਝ ਨਾ ਬੋਲ ਸਕੇ। ਪੰਜਾਬ ਦਾ ਵਿਦਵਾਨ ਤਬਕਾ ਵੀ ਇਸ ਪਾਸੇ ਕੁਝ ਨਾ ਕਰ ਸਕਿਆ, ਪਤਾ ਨਹੀਂ ਲਾਲਚ ਜਾਂ ਬੇਬਸੀ ਕਰ ਕੇ! ਇਹ ਤਬਕਾ ਪੰਜਾਬ ਦੇ ਕਮਜੋਰ ਹੋਣ ਲਈ ਵੱਧੋਂ ਵੱਧ ਜੇ ਬੋਲ ਸਕਿਆ ਤਾਂ ਉਹ ਕੇਵਲ ਪੰਜਾਬ ਦੇ ਸਿਆਸਤਦਾਨਾਂ ਵਿਚ ਨੁਕਸ ਕੱਢ ਸਕਿਆ ਜਾਂ ਸਿੱਖਾਂ ਦੇ ਦੋਸ਼ ਕੱਢ ਸਕਿਆ, ਇਸ ਤੋਂ ਅਗਾਂਹ ਉਹ ਚੁੱਪ ਰਿਹਾ। ਵਿਦਵਾਨ ਤਾਂ ਬੇਚਾਰਾ ਇੰਨਾ ਚੁੱਪ ਹੈ ਕਿ ਜੇ ਸਰਕਾਰ ਕਹਿੰਦੀ ਹੈ ਕਿ ਵਿੱਦਿਅਕ ਸੰਸਥਾਵਾਂ ਵਿਚ ਯੋਗ ਦਿਹਾੜਾ ਮਨਾ ਕੇ ਫੋਟੋਆਂ ਭੇਜੋ ਤਾਂ ਉਹ ਮੂਕ ਹੈ, ਸਵਾਮੀ ਵਿਵੇਕਾਨੰਦ ਦੇ ਜਨਮ ਦਿਨ ਜਾਂ ਸਿੱਖਾਂ ਨੂੰ ਜਰਾਇਮ ਪੇਸ਼ਾ ਕੌਮ ਕਹਿਣ ਵਾਲੇ ਵੱਲਭ ਭਾਈ ਪਟੇਲ ਦੇ ਜਨਮ ਦਿਨ ਨੂੰ ਰਾਸ਼ਟਰੀ ਏਕਤਾ ਦਾ ਦਿਹਾੜੇ ਵਜੋਂ ਮਨਾਉ ਤਾਂ ਵੀ ਵਿਦਵਾਨ ਨਹੀਂ ਬੋਲਦਾ। ਪੰਜਾਬ ਦੇ ਉੱਚ ਵਰਗ ਦੀਆਂ ਦੋ ਜਮਾਤਾਂ ਸਿਆਸੀ ਆਗੂ ਅਤੇ ਵਿਦਵਾਨ ਕੁਝ ਨਹੀਂ ਕਰ ਸਕੇ। ਨਵੇਂ ਸਿਆਸੀ ਧੜੇ ਜਨਮੇ, ਨਵੇਂ ਆਗੂ ਆਏ, ਨਵਾਂ ਵਿਦਵਾਨ ਤਬਕਾ ਆਇਆ ਥੋੜੇ ਬਹੁਤੇ ਫੇਰਬਦਲ ਨਾਲ ਪੁਰਾਣੇ ਕਿਰਦਾਰਾਂ ਵਿਚੋਂ ਬਾਹਰ ਨਾ ਨਿਕਲ ਸਕੇ।

ਸਿੱਖਾਂ ਨੂੰ ਗੁਰੂ ਪਰੰਪਰਾ ਅਤੇ ਗੁਰੂ ਸਤਿਕਾਰ ਨਾਲੋਂ ਰਾਸ਼ਟਰ ਪਰੰਪਰਾ ਅਤੇ ਰਾਸ਼ਟਰ ਸਤਿਕਾਰ ਨਾਲ ਜੋੜਨ ਦੀ ਕਵਾਇਦ ਵਿਚ ਸਿੱਖਾਂ ਨੂੰ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਪਲੈਨਿੰਗ ਕਮਿਸ਼ਨ ਦੀ ਚੇਅਰਮੈਨੀ ਆਦਿ ਵੱਡੇ ਅਹੁਦੇ ਵੀ ਦਿੱਤੇ ਗਏ। ਇਨ੍ਹਾਂ ਅਹੁਦਿਆਂ 'ਤੇ ਬੈਠਣ ਵਾਲੇ ਆਗੂਆਂ ਨੇ ਬਾਕਾਇਦਾ ਸਮੇਂ ਸਮੇਂ 'ਤੇ ਸਰਕਾਰੀ ਰਾਗ ਅਲਾਪਿਆ ਅਤੇ ਸਿੱਖਾਂ ਨੂੰ ਪਿਛੋਕੜ ਵਿਚ ਵਾਪਰੇ ਨੂੰ ਭੁੱਲ ਜਾਣ ਦੀਆਂ ਸਲਾਹਾਂ ਦਿੱਤੀਆਂ। ਜਿਹੜੇ ਨਹੀਂ ਮੰਨੇ ਓਹਨਾਂ ਨੂੰ ਪੁਲਸ ਪੜਤਾਲਾਂ, ਮੁਕਦਮੇ, ਜੇਲ੍ਹਾਂ ਅਤੇ ਰਾਸ਼ਟਰ ਵਿਰੋਧੀ ਠੱਪਿਆਂ ਰਾਹੀਂ ਠੀਕ ਕਰਨ ਦੇ ਜਤਨ ਹੋਏ।ਜਦ ਪੰਜਾਬ ਨਾ ਠੀਕ ਆਇਆ ਤਾਂ ਡੇਰਿਆਂ ਨੂੰ ਤਰਜੀਹ ਦਿੱਤੀ ਗਈ, ਕੁਝ ਸਾਲਾਂ ਵਿਚ ਹੀ ਡੇਰਿਆਂ ਦੀ ਗਿਣਤੀ ਵੱਡੀ ਤਾਦਾਦ ਵਿਚ ਹੋ ਗਈ। ਪੰਜਾਬ, ਜਿੱਥੇ ਹਿੰਦੁਸਤਾਨ ਦੇ ਬਾਕੀ ਸਾਰੇ ਹਿੱਸਿਆਂ ਨਾਲੋਂ ਮੁਕਾਬਲਤਨ ਜਾਤ ਕਮਜੋਰ ਸੀ ਉੱਥੇ ਜਾਤਵਾਦ ਨੂੰ ਤੂਲ ਦਿੱਤੀ ਗਈ। ਇਸ ਕਵਾਇਦ ਵੇਲੇ ਰਾਸ਼ਟਰਵਾਦ ਦਾ ਵਿਸ਼ਵਵਿਆਪੀ ਵਰਤਾਰਾ ਸਰਕਾਰ ਦੇ ਹਿਤਾਂ ਅਨੁਸਾਰੀ ਰਿਹਾ। ਇਹ ਸਿਧਾਂਤ ਸਰਕਾਰ ਨੂੰ ਬਹੁਤ ਰਾਸ ਆਇਆ। ਫਲਸਫੇ ਵਿਚ ਆਧੁਨਿਕਤਾ ਦਾ ਸਿਧਾਂਤ ਜੋ ਪਦਾਰਥ ਕੇਂਦਰਤ ਸੀ ਉਹ ਰੂਹਾਨੀਅਤ ਨਾਲੋਂ ਪਦਾਰਥਕ ਕਰਮਕਾਂਡ ਨੂੰ ਤਰਜੀਹ ਦੇਣ ਵਾਲੇ ਬ੍ਰਾਹਮਣਵਾਦ ਲਈ ਸਿੱਖਾਂ ਨਾਲੋਂ ਵਧੇਰੇ ਠੀਕ ਸੀ। ਮੰਡੀ ਅਤੇ ਬਹੁਰਾਸ਼ਟਰੀ ਪੂੰਜੀਵਾਦ ਦਾ ਵਰਤਾਰਾ ਵੀ ਕਰਮਕਾਂਡ ਦੇ ਸੂਤ ਆਇਆ, ਕਰਮਕਾਂਡ ਲਈ ਲੋੜੀਂਦੀ ਹਰ ਵਸਤ ਮੰਡੀ ਅਨੇਕਾਂ ਭਾਂਤ ਵਿਚ ਮੁਹੱਈਆ ਕਰਦੀ ਹੈ। ਵਿਸ਼ਵ ਦੇ ਪ੍ਰਚਲਤ ਸਿਧਾਂਤ, ਵਰਤਾਰੇ, ਵਿੱਦਿਅਕ ਢਾਂਚੇ ਸਰਕਾਰਮੁਖੀ ਹੋਣ ਦੇ ਬਾਵਜੂਦ ਅਤੇ ਸਰਕਾਰ ਦੁਆਰਾ ਕੀਤੇ ਅਨੇਕਾਂ ਸਾਮ-ਦਾਮ-ਦੰਡ-ਭੇਦੀ ਜਤਨਾਂ ਦੇ ਬਾਵਜੂਦ ਵੀ ਸਿੱਖ ਗੁਰੂ ਪਰੰਪਰਾ ਅਤੇ ਗੁਰੂ ਸਤਿਕਾਰ ਲਈ ਉੱਥੇ ਹੀ ਖੜ੍ਹੇ ਹਨ ਜਿੱਥੇ ਇਸ ਸਰਕਾਰ ਨੂੰ ਮਿਲੇ ਸਨ। ਤਤਕਾਲ ਵਿਚ ਵਾਪਰੀਆਂ ਘਟਨਾਵਾਂ ਇਸ ਦੀ ਮਿਸਾਲ ਹਨ। ਇਕ ਤਾਂ ਹੁਣੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਰੋਸ ਵਜੋਂ ਸਿੱਖਾਂ ਦੇ ਬਰਗਾੜੀ ਵਿਖੇ ਇਕੱਠੇ ਹੋਣ ਦੀ ਘਟਨਾ ਹੈ। ਇਸੇ ਦਿਨ ਵੱਡੇ ਸਿਆਸੀ ਧੜਿਆਂ ਦੁਆਰਾ ਆਪੋ-ਆਪਣੀਆਂ ਰੈਲੀਆਂ ਵੀ ਰੱਖੀਆਂ ਗਈਆਂ ਸਨ। ਜਿਨ੍ਹਾਂ ਨੇ ਆਪੋ-ਆਪਣੇ ਵਰਤਾਰਿਆਂ ਮੂਜਬ ਅਨੇਕਾਂ ਢੰਗ-ਤਰੀਕੇ ਵਰਤ ਕੇ ਲੋਕਾਂ ਨੂੰ ਲਾਲਚਾਂ ਵਾਅਦਿਆਂ ਨਾਲ ਰੈਲੀਆਂ ਵਿਚ ਲਿਜਾਣ ਦੇ ਜਤਨ ਕੀਤੇ। ਉਨ੍ਹਾਂ ਧੜਿਆਂ ਕੋਲੇ ਤਾਕਤ ਅਤੇ ਗੁੱਟਬੰਦੀ ਵੀ ਭਰਪੂਰ ਹੈ। ਦੂਜੇ ਪਾਸੇ ਬਰਗਾੜੀ ਜਾਣ ਲਈ ਬਿਨ੍ਹਾ ਕਿਸੇ ਉਚੇਚ ਦੇ ਲੋਕ ਖੁਦ ਗਏ, ਆਪੋ-ਆਪਣੇ ਸਾਧਨਾਂ 'ਤੇ। ਪਿੰਡ ਪਿੰਡ ਗੁਰਦੁਆਰਾ ਸਾਹਿਬ ਇਕੱਠੇ ਹੋਏ, ਖੁਦ ਦੁੱਧ-ਸੀਧਾ ਲੈ ਕੇ ਗਏ, ਲੰਗਰਾਂ ਦਾ ਬੰਦੋਬਸਤ ਆਪੂੰ ਕੀਤਾ।

ਬਰਗਾੜੀ ਵਿਖੇ ਵੀ ਉਸੇ ਦਿਨ ਇਕ ਸਿਆਸੀ ਧੜੇ ਨੇ ਜਾਣ ਦਾ ਐਲਾਨ ਕੀਤਾ ਹੋਇਆ ਸੀ। ਇਹ ਪੈਸਾ ਭਰ ਵੀ ਭੁਲੇਖਾ ਨਹੀਂ ਹੋ ਸਕਦਾ ਕਿ ਉਸ ਧੜੇ ਕਰ ਕੇ ਸੰਗਤਾਂ ਬਰਗਾੜੀ ਰੋਸ ਵਿਚ ਪਹੁੰਚੀਆਂ। ਇਸ ਸਿਆਸੀ ਧੜੇ ਨੂੰ ਪੰਜਾਬ ਦੇ ਬਾਕੀ ਸਿਆਸੀ ਧੜਿਆਂ ਨਾਲੋਂ ਬਹੁਤਾ ਵਖਰਿਆਇਆ ਨਹੀਂ ਜਾ ਸਕਦਾ। ਇਸ ਧੜੇ ਤੋਂ ਇਲਾਵਾ ਉੱਥੇ ਆਸ ਲਾ ਕੇ ਕੁਝ ਹੋਰ ਆਗੂ ਵੀ ਬੈਠੇ ਹਨ, ਓਹਨਾਂ ਨੂੰ ਪੰਥਕ ਵੀ ਕਿਹਾ ਜਾਂਦਾ ਹੈ ਪਰ ਪੰਥ ਓਹਨਾਂ ਕਰ ਕੇ ਵੀ ਨਹੀਂ ਗਿਆ। ਸ਼ਾਇਦ ਓਹਨਾਂ ਨੂੰ ਵੀ ਇਹ ਭੁਲੇਖਾ ਨਹੀਂ ਹੈ, ਸਗੋਂ ਓਹ ਤਾਂ ਪੰਥ ਦੇ ਉੱਥੇ ਜਾਣ ਵਿਚੋਂ ਕੁਝ ਹਾਸਲ ਕਰਨ ਨੂੰ ਬੈਠੇ ਹੋ ਸਕਦੇ ਨੇ। ਪੰਥ ਦੀਆਂ ਵੱਡੀਆਂ ਸੰਸਥਾਵਾਂ ਵੀ ਇਸ ਵੇਲੇ ਪੰਥ ਨੂੰ ਕਿਸੇ ਹੋਰ ਰੈਲੀ ਵਿਚ ਲਿਜਾਣ ਲਈ ਤਹੂ ਸਨ। ਪੰਥ ਦੇ ਇਕਲੌਤੇ ਤਾਕਤਵਰ ਅਤੇ ਪੁਰਾਣੇ ਧੜੇ ਨੇ ਵੀ ਲੋਕਾਂ ਨੂੰ ਰੋਸ ਵਿਚ ਪਹੁੰਚਣ ਤੋਂ ਰੋਕਿਆ। ਇਸ ਸਭ ਦੇ ਬਾਵਜੂਦ ਵੀ ਆਪ ਮੁਹਾਰੇ ਪੰਥ ਉੱਥੇ ਪਹੁੰਚਿਆ ਮਤਲਬ ਪੰਥ ਅਜੇ ਅਜਾਦ ਹੈ, ਉਹ ਕਿਸੇ ਸਿਆਸੀ ਆਗੂ, ਧੜੇ ਦੇ ਪਿੱਛੇ ਨਹੀਂ।

# ਜੀਣਾ ਹੈ ਤਾਂ ਧਰਤੀ ਦੀ ਸੰਭਾਲ ਕਰਨੀ ਹੀ ਪਵੇਗੀ





ਧਰਤੀ ਮਨੁੱਖ ਦੀਆਂ ਸਾਰੀਆਂ ਮੁੱਢਲੀਆਂ ਲੋੜਾਂ ਪੂਰੀਆਂ ਕਰਦੀ ਹੈ। ਇਹ ਸਾਨੂੰ ਖਾਣ ਲਈ ਭੋਜਨ, ਤਨ ਢੱਕਣ ਲਈ ਕੱਪੜਾ ਅਤੇ ਸਿਰ ਲੁਕਾਉਣ ਲਈ ਛੱਤ ਦਿੰਦੀ ਹੈ। ਧਰਤੀ ਦੀ ਮਹਾਨਤਾ ਵੇਖੋ! ਏਨਾ ਕੁਝ ਦੇਣ ਦੇ ਬਾਵਜੂਦ ਇਹ ਸਾਡੇ ਕੋਲੋਂ ਕਿਸੇ ਚੀਜ਼ ਦੀ ਮੰਗ ਨਹੀਂ ਕਰਦੀ ਪਰ ਅਸੀਂ ਮਨੁੱਖ ਏਨੇ ਲਾਲਚੀ ਅਤੇ ਅਹਿਸਾਨਫਰਾਮੋਸ਼ ਹਾਂ ਕਿ ਇਸਨੂੰ ਕੁਝ ਦੇਣਾ ਤਾਂ ਦੂਰ, ਇਸਦੀ ਵਰਤੋਂ ਇੱਕ ਕੂੜੇਦਾਨ ਵਾਂਗ ਕਰ ਰਹੇ ਹਾਂ। ਇਹੋ ਕਾਰਨ ਹੈ ਕਿ ਸਾਨੂੰ ਸਭ ਸੁੱਖ ਸਹੂਲਤਾਂ ਦੇਣ ਵਾਲੀ ਧਰਤੀ ਮਾਤਾ ਅੱਜ ਆਪਣੀ ਹੋਂਦ ਬਚਾਉਣ ਲਈ ਸੰਘਰਸ਼ ਕਰਦੀ ਜਾਪਦੀ ਹੈ। ਇਸ ਵਿੱਚ ਕੋਈ ਸ਼ਕ ਨਹੀਂ ਕਿ ਧਰਤੀ ਤੇ ਪਾਏ ਜਾਣ ਵਾਲੇ ਸਾਰੇ ਕੁਦਰਤੀ ਸਾਧਨ ਸਾਡੀਆਂ ਲੋੜਾਂ ਦੀ ਪੂਰਤੀ ਲਈ ਹੀ ਹਨ ਪਰ ਜਿਸ ਹਿਸਾਬ ਨਾਲ ਅਸੀਂ ਉਹਨਾਂ ਨੂੰ ਖਤਮ ਕਰਦੇ ਜਾ ਰਹੇ ਹਾਂ, ਲੱਗਦਾ ਹੈ ਆਉਂਦੇ ਕੁਝ ਸਾਲਾਂ ਵਿੱਚ ਅਸੀਂ ਆਪਣੀਆਂ ਜਰੂਰੀ ਲੋੜਾਂ ਦੇ ਪੂਰਤੀ ਤੋਂ ਵੀ ਅਸਮਰੱਥ ਹੋ ਜਾਂਵਾਂਗੇ। ਮਨੁੱਖੀ ਗਤੀਵਿਧੀਆਂ ਨੇ ਧਰਤੀ ਦਾ ਸਰੂਪ ਹੀ ਵਿਗਾੜ ਕੇ ਰੱਖ ਦਿੱਤਾ ਹੈ।ਖੇਤੀਯੋਗ ਭੂਮੀ, ਰਿਹਾਇਸ਼ੀ ਖੇਤਰ, ਲੱਕੜੀ ਆਦਿ ਦੀ ਖਾਤਰ ਜੰਗਲਾਂ ਦੀ ਕਟਾਈ ਲਗਾਤਾਰ ਜਾਰੀ ਹੈ। ਜਿਹੜੇ ਰੁੱਖਾਂ ਨੂੰ ਉੱਗਣ ਤੇ ਵਰ੍ਹੇ ਲੱਗਦੇ ਹਨ, ਪੈਸੇ ਦੀ ਖਾਤਰ ਮਿੰਟਾਂ-ਸਕਿੰਟਾਂ ਵਿੱਚ ਕੱਟ ਕੇ ਵੇਚ ਦਿੱਤੇ ਜਾਂਦੇ ਹਨ।ਰੁੱਖਾਂ ਅਤੇ ਜੀਵ ਜੰਤੂਆਂ ਦੀਆਂ ਹਜ਼ਾਰਾਂ ਕਿਸਮਾਂ ਲੁਪਤ ਹੋ ਗਈਆਂ ਹਨ ਅਤੇ ਹੋਰ ਹਜ਼ਾਰਾਂ ਲੁਪਤ ਹੋਣ ਦੇ ਕੰਢੇ ਹਨ। ਹਰ ਰੋਜ਼ ਲੱਖਾਂ ਨਵੇਂ ਵਾਹਨ ਸੜਕਾਂ ਤੇ ਉਤਰਦੇ ਹਨ ਅਤੇ ਹਵਾ ਨੂੰ ਜਹਿਰੀਲੇ ਧੂੰਏਂ ਨਾਲ ਭਰ ਦਿੰਦੇ ਹਨ।ਕਾਰਖਾਨਿਆਂ ਤੋਂ ਨਿਕਲਣ ਵਾਲਾ ਗੰਦਾ ਪਾਣੀ ਨਦੀਆਂ ਵਿੱਚ ਸੁੱਟ ਦਿੱਤਾ ਜਾਂਦਾ ਹੈ। ਖਾਣਾਂ ਵਿੱਚੋਂ ਖਣਿਜ ਪ੍ਰਾਪਤ ਕਰਨ ਲਈ ਧਰਤੀ ਦੀ ਲਗਾਤਾਰ ਪੁਟਾਈ ਕੀਤੀ ਜਾ ਰਹੀ ਹੈ। ਪੁਟਾਈ ਦੌਰਾਨ ਨਿਕਲੀ ਮਿੱਟੀ ਦੇ ਢੇਰਾਂ ਹੇਠ ਆ ਕੇ ਕੁਦਰਤੀ ਵਨਸਪਤੀ ਦਾ ਨਾਸ਼ ਹੋ ਰਿਹਾ ਹੈ। ਵਾਹਨ ਅਤੇ ਕਾਰਖਾਨੇ ਕਚਰਾ ਅਤੇ ਜਹਿਰੀਲੀਆਂ ਗੈਸਾਂ ਪੈਦਾ ਕਰਕੇ ਮਿੱਟੀ, ਪਾਣੀ, ਹਵਾ, ਧੁਨੀ ਆਦਿ ਨੂੰ ਪ੍ਰਦੂਸ਼ਿਤ ਕਰ ਰਹੇ ਹਨ। ਪਾਣੀ ਅਤੇ ਹਵਾ, ਜਿਹੜੇ ਜੀਵਨ ਦੀ ਹੋਂਦ ਲਈ ਜਰੂਰੀ ਸਨ, ਅੱਜ ਬਿਮਾਰੀਆਂ ਵੰਡ ਰਹੇ ਹਨ।

ਸਾਡੀ ਸਭ ਤੋਂ ਵੱਡੀ ਗਲਤੀ ਇਹ ਹੈ ਕਿ ਅਸੀਂ ਆਪਣੀਆਂ ਇੱਛਾਵਾਂ ਅਤੇ ਜਰੂਰਤਾਂ ਵਿਚਕਾਰ ਅੰਤਰ ਸਮਝਣ ਵਿੱਚ ਨਾਕਾਮ ਹੋ ਗਏ ਹਾਂ। ਜਦ ਜਰੂਰਤਾਂ ਪੂਰੀਆਂ ਹੋ ਜਾਂਦੀਆਂ ਹਨ ਤਾਂ ਸਾਡੀਆਂ ਇੱਛਾਵਾਂ ਵਧ ਜਾਂਦੀਆਂ ਹਨ। ਪੈਸੇ ਦੇ ਹੰਕਾਰ ਵਿੱਚ ਅਸੀਂ ਅਨੇਕਾਂ ਜਾਇਜ਼-ਨਜਾਇਜ਼ ਚੀਜਾਂ ਖਰੀਦਦੇ ਹਾਂ ਅਤੇ ਵਰਤੋਂ ਤੋਂ ਬਾਅਦ ਉਹਨਾਂ ਨੂੰ ਕਬਾੜ ਵਿੱਚ ਸੁੱਟ ਦਿੰਦੇ ਹਾਂ। ਨਵੇਂ ਕੱਪੜੇ ਖਰੀਦ ਕੇ ਅਸੀਂ ਪੁਰਾਣਿਆਂ ਨੂੰ ਪਹਿਨਣਾ ਛੱਡ ਦਿੰਦੇ ਹਾਂ। ਹਰ ਸਾਲ ਅਨੇਕਾਂ ਜੋੜੇ ਜੁੱਤੀਆਂ, ਪਰਸ, ਬੈਲਟਾਂ ਆਦਿ ਖਰੀਦੇ ਅਤੇ ਸੁੱਟੇ ਜਾਂਦੇ ਹਨ। ਜਿਵੇਂ ਹੀ ਕਿਸੇ ਕੰਪਨੀ ਦਾ ਮੋਬਾਇਲ ਬਜ਼ਾਰ ਵਿੱਚ ਆਉਂਦਾ ਹੈ , ਤੁਰੰਤ ਹੀ ਲੋਕ ਪੁਰਾਣੇ ਮੋਬਾਇਲ ਨੂੰ ਵੇਚ ਜਾਂ ਸੁੱਟ ਦਿੰਦੇ ਅਤੇ ਨਵਾਂ ਮੋਬਾਇਲ ਖਰੀਦ ਲੈਂਦੇ ਹਨ। ਅਸੀਂ ਭੁੱਲ ਜਾਂਦੇ ਹਾਂ ਕਿ ਸਾਡੇ ਮੋਬਾਇਲਾਂ ਦੇ ਸਿਮਕਾਰਡ, ਡਾਟਾ ਕਾਰਡ, ਮੈਮਰੀ ਕਾਰਡ ਆਦਿ ਬਣਾਉਂਦੇ ਸਮੇਂ ਪਲਾਸਟਿਕ, ਸਿਲੀਕਾਨ ਅਤੇ ਤਾਂਬੇ ਦੀ ਵਰਤੋਂ ਕੀਤੀ ਜਾਂਦੀ ਹੈ। ਸਿਲੀਕਾਨ ਅਤੇ ਤਾਂਬੇ ਨੂੰ ਧਰਤੀ ਹੇਠੋਂ ਕੱਢਿਆ ਜਾਂਦਾ ਹੈ ਜਦੋਂ ਕਿ ਪਲਾਸਟਿਕ ਨੂੰ ਧਰਤੀ ਹੇਠਲੇ ਪੈਟਰੋਲੀਅਮ ਪਦਾਰਥਾਂ ਦੁਆਰਾ ਤਿਆਰ ਕੀਤਾ ਜਾਂਦਾ ਹੈ। ਜਿੱਥੇ ਮੋਬਾਇਲ, ਸਿਮਕਾਰਡ, ਡਾਟਾ ਕਾਰਡ, ਮੈਮਰੀ ਕਾਰਡ ਅਤੇ ਅਜਿਹੀਆਂ ਵਸਤੂਆਂ ਨੂੰ ਬਣਾਉਣ ਲਈ ਕੁਦਰਤੀ ਅਤੇ ਮਨੁੱਖੀ ਸਾਧਨਾਂ ਦੀ ਵਰਤੋਂ ਕੀਤੀ ਜਾਂਦੀ ਹੈ, ਉੱਥੇ ਇਹਨਾਂ ਦਾ ਜੈਵਿਕ ਵਿਘਟਨ ਵੀ ਨਹੀਂ ਹੁੰਦਾ ਜਿਸ ਕਾਰਨ ਇਹ ਧਰਤੀ ਤੇ ਫੈਲਾਇਆ ਜਾਣ ਵਾਲਾ ਸਭ ਤੋਂ ਖਤਰਨਾਕ ਕਚਰਾ ਬਣ ਗਿਆ ਹੈ।

ਅੰਜਾਮ ਦੀ ਪਰਵਾਹ ਕੀਤੇ ਬਿਨਾਂ ਮਨੁੱਖ ਧਰਤੀ ਤੇ ਕਬਾੜ ਦੇ ਢੇਰ ਲਗਾ ਰਿਹਾ ਹੈ।ਘਰਾਂ ਦਾ ਕੂੜਾ, ਮਕਾਨ ਉਸਾਰੀ ਸਮੇਂ ਬਚੀਆਂ ਚੀਜਾਂ, ਪੁਰਾਣੇ ਕੱਪੜੇ, ਖਾਲੀ ਪੈਕਟ, ਪਲਾਸਟਿਕ, ਟੁੱਟਿਆ ਫਰਨੀਚਰ, ਡੱਬਾ ਬੰਦ ਭੋਜਨ ਦੇ ਖਾਲੀ ਪੈਕਟ, ਡਿਸਪੋਜ਼ਲ ਬਰਤਨ, ਖਾਲੀ ਬੋਤਲਾਂ ਆਦਿ ਖੁੱਲ੍ਹੀਆਂ ਸੁੱਟ ਦਿੱਤੀਆਂ ਜਾਂਦੀਆਂ ਹਨ। ਇਹਨਾਂ ਚੀਜਾਂ ਦੇ ਵਿਘਟਨ ਦੀ ਪ੍ਰਕਿਰਿਆ ਇਹਨਾਂ ਦੇ ਉਤਪਾਦਨ ਨਾਲੋਂ ਕਈ ਗੁਣਾ ਹੌਲੀ ਹੁੰਦੀ ਹੈ ਜਿਸ ਕਾਰਨ ਇਹਨਾਂ ਢੇਰਾਂ ਦਾ ਅਕਾਰ ਲਗਾਤਾਰ ਵਧਦਾ ਜਾ ਰਿਹਾ ਹੈ। ਹਰ ਪਿੰਡ, ਕਸਬੇ ਅਤੇ ਸ਼ਹਿਰ ਵਿੱਚ ਕੂੜੇ ਦੇ ਢੇਰ ਵੇਖੇ ਜਾ ਸਕਦੇ ਹਨ। ਇੱਥੋਂ ਤੱਕ ਕਿ ਸ਼ਹਿਰਾਂ ਦੇ ਮਹਿੰਗੇ ਅਤੇ ਪੌਸ਼ ਅਖਵਾਉਂਦੇ ਇਲਾਕੇ ਵੀ ਇਹਨਾਂ ਢੇਰਾਂ ਤੋਂ ਬਚ ਨਹੀਂ ਸਕੇ। ਜਦ ਮੌਸਮ ਵਿੱਚ ਨਮੀ ਵਧ ਜਾਂਦੀ ਹੈ ਤਾਂ ਕੂੜੇ ਦੇ ਢੇਰਾਂ ਤੇ ਮੱਛਰ, ਮੱਖੀਆਂ ਅਤੇ ਵਿਸ਼ਾਣੂ ਪੈਦਾ ਹੁੰਦੇ ਹਨ ਜਿਹੜੇ ਅਨੇਕਾਂ ਬਿਮਾਰੀਆਂ ਨੂੰ ਜਨਮ ਦਿੰਦੇ ਹਨ। ਇਹੋ ਕੂੜਾ ਜਦ ਗੰਦੇ ਪਾਣੀ ਦੀਆਂ ਨਾਲੀਆਂ ਵਿੱਚ ਦਾਖਲ ਹੋ ਜਾਂਦਾ ਹੈ ਤਾਂ ਪਾਣੀ ਦੀ ਨਿਕਾਸੀ ਰੁਕ ਜਾਂਦੀ ਹੈ ਅਤੇ ਇਹ ਪਾਣੀ ਨਾਲੀਆਂ ਵਿੱਚੋਂ ਬਾਹਰ ਆਉਣ ਲੱਗਦਾ ਹੈ। ਕਈ ਵਾਰ ਅਵਾਰਾ ਪਸ਼ੂ ਭੋਜਨ ਦੀ ਤਲਾਸ਼ ਕਰਦੇ ਹੋਏ ਕੂੜੇ ਦੇ ਢੇਰਾਂ ਵਿੱਚ ਮੂੰਹ ਮਾਰ ਕੇ ਪਲਾਸਟਿਕ ਦੇ ਲਿਫਾਫੇ ਖਾ ਜਾਂਦੇ ਹਨ ਜਿਹੜੇ ਬਾਅਦ ਵਿੱਚ ਉਹਨਾਂ ਦੀ ਮੌਤ ਦਾ ਕਰਨ ਬਣ ਜਾਂਦੇ ਹਨ। ਸ਼ਾਇਦ ਅਸੀਂ ਕੂੜੇ ਦੇ ਢੇਰਾਂ ਪ੍ਰਤੀ ਬਿਲਕੁਲ ਹੀ ਸਚੇਤ ਨਹੀਂ ਹਾਂ। ਸਾਨੂੰ ਲੱਗਦਾ ਹੈ ਕਿ ਕੂੜੇ ਦਾ ਨਿਪਟਾਰਾ ਸਿਰਫ ਸਰਕਾਰ ਦੀ ਜਿੰਮੇਵਾਰੀ ਹੈ। ਇੱਥੋਂ ਤੱਕ ਕਿ ਅਸੀਂ ਏਨੀ ਵੀ ਖੇਚਲ ਨਹੀਂ ਕਰਦੇ ਕਿ ਜੈਵਿਕ ਅਤੇ ਅਜੈਵਿਕ ਕੂੜੇ ਨੂੰ ਵੱਖੋ-ਵੱਖ ਕੂੜੇਦਾਨਾਂ ਵਿੱਚ ਪਾਇਆ ਜਾਵੇ। ਆਪਣੀਆਂ ਸਾਰੀਆਂ ਗਲਤੀਆਂ, ਵਧਦੇ ਪ੍ਰਦੂਸ਼ਣ ਅਤੇ ਇਸਦੇ ਸਿੱਟੇ ਵਜੋਂ ਪੈਦਾ ਹੁੰਦੀਆਂ ਅਲਾਮਤਾਂ ਦਾ ਸਾਰਾ ਦੋਸ਼ ਅਸੀਂ ਵਿਗਿਆਨ ਦੇ ਸਿਰ ਤੇ ਮੜ੍ਹ ਦਿੰਦੇ ਹਾਂ। ਕੀ ਸਾਨੂੰ ਵਿਗਿਆਨ ਨੇ ਗੰਦਗੀ ਮਚਾਉਣ ਲਈ ਕਿਹਾ ਹੈ? ਵਿਗਿਆਨ, ਜਿਸਦੀ ਵਰਤੋਂ ਸਾਨੂੰ ਮਨੁੱਖਤਾ ਦੀ ਭਲਾਈ ਲਈ ਕਰਨੀ ਚਾਹੀਦੀ ਸੀ, ਨੂੰ ਅਸੀਂ ਆਪਣੇ ਨਿੱਜੀ ਹਿੱਤਾਂ ਲਈ ਵਰਤ ਰਹੇ ਹਾਂ। ਸਾਡੇ ਵਧਦੇ ਲਾਲਚ ਅਤੇ ਅਣਗਹਿਲੀ ਦਾ ਸ਼ਿਕਾਰ ਧਰਤੀ ਨੂੰ ਹੋਣਾ ਪੈ ਰਿਹਾ ਹੈ। ਭਾਵੇਂ ਪੂੰਜੀਪਤੀ ਸਰਕਾਰ ਹੋਵੇ ਜਾਂ ਸਮਾਜਵਾਦੀ, ਤਾਨਾਸ਼ਾਹੀ ਹੋਵੇ ਜਾਂ ਲੋਕਤੰਤਰੀ, ਹਰੇਕ ਸਰਕਾਰ ਦਾ ਮਕਸਦ ਉਤਪਾਦਨ ਵਧਾਉਣਾ ਅਤੇ ਆਰਥਿਕ ਹਾਲਤ ਵਿੱਚ ਸੁਧਾਰ ਕਰਨਾ ਹੁੰਦਾ ਹੈ ਅਤੇ ਇਸਦਾ ਸਿੱਧਾ ਅਸਰ ਧਰਤੀ ਤੇ ਪੈਂਦਾ ਹੈ। ਬੁੱਧੀਜੀਵੀ ਮੰਨਦੇ ਹਨ ਕਿ ਪੁਰਾਤਨ ਖੇਤੀ ਢੰਗ ਪੱਛੜੇ ਹੋਏ ਸਨ ਅਤੇ ਉਤਪਾਦਨ ਦੀ ਦਰ ਹੌਲੀ ਸੀ। ਗੱਲ ਠੀਕ ਵੀ ਹੈ ਪਰ ਅਸੀਂ ਇਹ ਕਿਉਂ ਭੁੱਲ ਜਾਂਦੇ ਹਾਂ ਕਿ ਆਧੁਨਿਕ ਖੇਤੀ ਢੰਗ ਅਤੇ ਰਸਾਇਣਾਂ ਦੀ ਵਰਤੋਂ ਸਾਨੂੰ ਜਿਆਦਾ ਅਨਾਜ਼ ਮੁੱਹਈਆ ਕਰਵਾਉਣ ਦੇ ਨਾਲ-ਨਾਲ ਥੋਕ ਦੇ ਭਾਅ ਵਿੱਚ ਬਿਮਾਰੀਆਂ ਵੀ ਵੰਡ ਰਹੀ ਹੈ। ਆਧੁਨਿਕ ਮਨੁੱਖੀ ਗਤੀਵਿਧੀਆਂ ਇਤਿਹਾਸ ਵਿੱਚ ਹੋਏ ਪ੍ਰਮਾਣੂ ਹਾਦਸਿਆਂ ਨਾਲੋਂ ਵੀ ਜਿਆਦਾ ਮਾੜੇ ਪ੍ਰਭਾਵ ਛੱਡ ਰਹੀਆਂ ਹਨ। ਵਾਤਾਵਰਨ ਵਿੱਚ ਗ੍ਰੀਨ ਹਾਊਸ ਗੈਸਾਂ ਦੀ ਮਾਤਰਾ ਵਧ ਰਹੀ ਹੈ ਜਿਸ ਨਾਲ ਧਰਤੀ ਦਾ ਤਾਪਮਾਨ ਵਧਦਾ ਜਾ ਰਿਹਾ ਹੈ ਅਤੇ ਉਜ਼ੋਨ ਪਰਤ ਖੁਰਦੀ ਜਾ ਰਹੀ ਹੈ। ਮੌਸਮੀ ਚੱਕਰ ਵਿੱਚ ਲਗਾਤਾਰ ਤਬਦੀਲੀ ਆ ਰਹੀ ਹੈ। ਇਸ ਸਾਲ ਮਈ ਦਾ ਮਹੀਨਾ ਸ਼ੁਰੂ ਹੋਣ ਵਾਲਾ ਹੈ ਪਰ ਅਜੇ ਵੀ ਗਰਮੀ ਪੂਰੀ ਤਰ੍ਹਾਂ ਆਰੰਭ ਨਹੀਂ ਹੋਈ। ਹਰ ਦੂਜੇ-ਚੌਥੇ ਦਿਨ ਪੈਂਦੀ ਬੇਮੌਸਮੀ ਬਰਸਾਤ ਨੇ ਕਿਸਾਨਾਂ ਦਾ ਜੀਣਾ ਮੁਹਾਲ ਕਰ ਦਿੱਤਾ ਹੈ। ਕੁਦਰਤੀ ਕਿਰਿਆਵਾਂ ਵਿੱਚ ਮਨੁੱਖੀ ਦਖਲਅੰਦਾਜ਼ੀ ਦੇ ਮਾਰੂ ਸਿੱਟੇ ਨਿਕਲ ਰਹੇ ਹਨ। ਬੀਤੇ ਸਮੇਂ ਦੌਰਾਨ ਹੋਈ ਉੱਤਰਾਖੰਡ ਦੀ ਤਬਾਹੀ ਦਾ ਮੰਜਰ ਜਿਆਦਾ ਪੁਰਾਣਾ ਨਹੀਂ ਹੋਇਆ। ਜੰਮੂ-ਕਸ਼ਮੀਰ ਵਿੱਚ ਅੱਜ ਵੀ ਹੜ੍ਹ ਨਾਲ ਸਬੰਧਤ ਖਬਰਾਂ ਸੁਣਨ ਲਈ ਮਿਲ ਰਹੀਆਂ ਹਨ। ਵਿਗਿਆਨਕ ਯੁੱਗ ਵਿੱਚ ਪੈਦਾ ਹੋ ਕੇ ਵੀ ਅਸੀਂ ਇਹ ਭੁੱਲ ਚੁੱਕੇ ਹਾਂ ਕਿ ਹਰ ਕ੍ਰਿਆ ਦੀ ਪ੍ਰਤੀਕਿਰਿਆ ਹੁੰਦੀ ਹੈ। ਧਰਤੀ ਨਾਲ ਮਾੜਾ ਵਿਵਹਾਰ ਕਰਦੇ ਸਮੇਂ ਅਸੀਂ ਭੁੱਲ ਜਾਂਦੇ ਹਾਂ ਕਿ ਜੇਕਰ ਧਰਤੀ ਆਪਣੀ ਆਈ ਤੇ ਆ ਗਈ ਤਾਂ ਸਾਡਾ ਕੀ ਹੋਵੇਗਾ। ਸਾਨੂੰ ਇਹ ਗੱਲ ਕਦੇ ਨਹੀਂ ਭੁੱਲਣੀ ਚਾਹੀਦੀ ਕਿ ਅਸੀਂ ਧਰਤੀ ਦੇ ਮਾਲਕ ਨਹੀਂ ਸਗੋਂ ਇਸਦੇ ਬੱਚੇ ਹਾਂ। ਸਾਡਾ ਫਰਜ਼ ਆਪਣੀ ਮਾਂ ਦਾ ਨੁਕਸਾਨ ਕਰਨਾ ਨਹੀਂ ਸਗੋਂ ਰੱਖਿਆ ਕਰਨਾ ਹੈ ਤਾਂ ਕਿ ਇਹ ਲੰਮੇ ਜੀਵਨ ਦਾ ਆਨੰਦ ਮਾਣ ਸਕੇ। ਜੇਕਰ ਅਸੀਂ ਇਸ ਗੱਲ ਨੂੰ ਸਮਝਣ ਵਿੱਚ ਦੇਰ ਕਰ ਦਿੱਤੀ ਤਾਂ ਉਹ ਦਿਨ ਦੂਰ ਨਹੀਂ ਜਦੋਂ ਧਰਤੀ ਤੋਂ ਜੀਵਨ ਦੀ ਹੋਂਦ ਸਮਾਪਤ ਹੋ ਜਾਵੇਗੀ ਅਤੇ ਇਹ ਵੀ ਬ੍ਰਹਿਮੰਡ ਦੇ ਬਾਕੀ ਗ੍ਰਹਿਆਂ ਵਾਂਗ ਇੱਕ ਨਿਰਜੀਵ ਗ੍ਰਹਿ ਬਣਕੇ ਘੁੰਮਦੀ ਨਜ਼ਰ ਆਵੇਗੀ।

# ਅੰਨਦਾਤੇ ਦੀ ਹੋਣੀ

.ਪਿਛਲੇ ਇੱਕ ਮਹੀਨੇ ਦੌਰਾਨ ਪੰਜਾਬ ਵਿੱਚ ਦਰਜਨ ਤੋਂ ਵੱਧ ਕਿਸਾਨਾਂ ਵੱਲੋਂ ਖ਼ੁਦਕੁਸ਼ੀਆਂ ਕਰਨ ਦੀਆਂ ਵਾਪਰੀਆਂ ਦਰਦਨਾਕ ਘਟਨਾਵਾਂ ਚਿੰਤਾ ਅਤੇ ਚਿੰਤਨ ਕਰਨ ਵਾਲੀਆਂ ਹਨ। ਨਾ ਕੇਵਲ ਪੰਜਾਬ, ਬਲਕਿ ਸਮੁੱਚੇ ਮੁਲਕ ਵਿੱਚ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਦਾ ਵਰਤਾਰਾ ਰੁਕਣ ਦਾ ਨਾਂ ਨਹੀਂ ਲੈ ਰਿਹਾ। ਖੇਤੀ ਅਰਥ-ਸ਼ਾਸਤਰੀਆਂ ਅਨੁਸਾਰ ਕਿਸਾਨਾਂ ਤੇ ਖੇਤ ਮਜ਼ਦੂਰਾਂ ਵਿੱਚ ਖ਼ੁਦਕੁਸ਼ੀਆਂ ਦੀ ਸ਼ੁਰੂਆਤ ਵੀਹਵੀਂ ਸਦੀ ਦੇ ਆਖ਼ਰੀ ਦਹਾਕੇ ਵਿੱਚ ਨਵੀਆਂ ਆਰਥਿਕ ਨੀਤੀਆਂ ਲਾਗੂ ਹੋਣ ਤੋਂ ਬਾਅਦ ਹੋਈ। ਇਨ੍ਹਾਂ ਨੀਤੀਆਂ ਤਹਿਤ ਖੇਤੀ ਖੇਤਰ ਨੂੰ ਮਿਲ ਰਹੀਆਂ ਰਿਆਇਤਾਂ ਵਿੱਚ ਕਟੌਤੀ, ਖੇਤੀ ਵਰਤੋਂ ਵਿੱਚ ਆਉਣ ਵਾਲੀਆਂ ਵਸਤਾਂ ਦੇ ਭਾਅ ਵਿੱਚ ਵਾਧਾ ਅਤੇ ਕੌਮਾਂਤਰੀ ਮੰਡੀਕਰਨ ਦੇ ਪ੍ਰਭਾਵ ਹੇਠ ਫ਼ਸਲਾਂ ਦੇ ਵਾਜਬ ਮੁੱਲ ਮਿਲਣ ਵਿੱਚ ਰੁਕਵਟਾਂ ਦੇ ਸਿੱਟੇ ਵਜੋਂ ਕਿਸਾਨਾਂ ਦੀ ਆਮਦਨ ਲਗਾਤਾਰ ਘਟਣੀ ਸ਼ੁਰੂ ਹੋ ਗਈ। ਫ਼ਸਲਾਂ ਦੇ ਝਾੜ ਵਿੱਚ ਖੜੋਤ, ਵਧ ਰਹੀ ਮਹਿੰਗਾਈ, ਸੂਦਖ਼ੋਰਾਂ ਤੇ ਆੜ੍ਹਤੀਆਂ ਦਾ ਕਰਜ਼ਾ, ਮਹਿੰਗੀਆਂ ਸਿਹਤ ਸਹੂਲਤਾਂ ਅਤੇ ਮੌਸਮੀ ਕਹਿਰ ਆਦਿ ਨੇ ਵੀ ਕਿਸਾਨਾਂ ਦੀਆਂ ਮੁਸ਼ਕਿਲਾਂ ਵਿੱਚ ਵਾਧਾ ਕੀਤਾ ਹੈ। ਰੀਅਲ ਅਸਟੇਟ ਕਾਰੋਬਾਰ ਅਤੇ ਵਧ ਰਹੇ ਸ਼ਹਿਰੀਕਰਨ ਤਹਿਤ ਖੇਤੀਯੋਗ ਜ਼ਮੀਨ ਦਾ ਘਟਣਾ ਅਤੇ ਆਬਾਦੀ ਵਿੱਚ ਵਾਧੇ ਕਾਰਨ ਜ਼ਮੀਨੀ ਜੋਤਾਂ ਦਾ ਆਕਾਰ ਘਟਣਾ ਵੀ ਕਿਸਾਨਾਂ ਉੱਤੇ ਭਾਰੂ ਪਿਆ ਹੈ। ਮੱਧ ਵਰਗੀ ਸੋਚ ਅਧੀਨ ਮਜਬੂਰੀਵੱਸ ਵਿਆਹਾਂ ਅਤੇ ਹੋਰ ਸਮਾਜਿਕ ਸਮਾਗਮਾਂ ‘ਤੇ ਵਿੱਤੋਂ ਵੱਧ ਕੀਤੇ ਜਾ ਰਹੇ ਖ਼ਰਚੇ ਵੀ ਕਿਸਾਨਾਂ ਦੀ ਆਰਥਿਕ ਦਸ਼ਾ ਨੂੰ ਵਿਗਾੜਨ ਵਿੱਚ ਕਿਸੇ ਹੱਦ ਤਕ ਸਹਾਈ ਹੋ ਰਹੇ ਹਨ। ਇਸ ਸਭ ਕੁਝ ਦੇ ਸਿੱਟੇ ਵਜੋਂ ਲਗਾਤਾਰ ਘਟ ਰਹੀ ਆਮਦਨ ਅਤੇ ਵਧ ਰਿਹਾ ਕਰਜ਼ਾ ਕਿਸਾਨਾਂ ਨੂੰ ਖ਼ੁਦਕੁਸ਼ੀਆਂ ਦੇ ਰਾਹ ਧੱਕ ਰਿਹਾ ਹੈ।

ਇਸ ਵਰਤਾਰੇ ਨੂੰ ਭਲੀ-ਭਾਂਤ ਸਮਝਦਿਆਂ ਵੀ ਸਰਕਾਰਾਂ ਵੱਲੋਂ ਕਿਸਾਨ-ਪੱਖੀ ਨੀਤੀਆਂ ਲਾਗੂ ਕਰਨ ਵੱਲ ਧਿਆਨ ਕੇਂਦਰਿਤ ਨਾ ਕੀਤਾ ਜਾਣਾ ਖ਼ੁਦਕੁਸ਼ੀਆਂ ਦੇ ਰੁਝਾਨ ਨੂੰ ਵਧਾਉਣ ਵਿੱਚ ਸਹਾਈ ਹੋ ਰਿਹਾ ਹੈ। ਸਰਕਾਰੀ ਅੰਕੜਿਆਂ ਮੁਤਾਬਿਕ ਮੁਲਕ ਵਿੱਚ ਤਿੰਨ ਲੱਖ ਤੋਂ ਵੱਧ ਅਤੇ ਇਕੱਲੇ ਪੰਜਾਬ ਵਿੱਚ 8000 ਦੇ ਕਰੀਬ ਕਿਸਾਨ-ਮਜ਼ਦੂਰ ਖ਼ੁਦਕੁਸ਼ੀਆਂ ਕਰ ਚੁੱਕੇ ਹਨ ਜਦੋਂਕਿ ਗ਼ੈਰ-ਸਰਕਾਰੀ ਅਨੁਮਾਨਾਂ ਅਨੁਸਾਰ ਇਹ ਗਿਣਤੀ ਇਸ ਤੋਂ ਕਿਤੇ ਵੱਧ ਹੈ। ਖੇਤੀ ਦੇ ਲਾਹੇਵੰਦ ਧੰਦਾ ਨਾ ਰਹਿਣ ਕਰਕੇ ਦੋ ਲੱਖ ਦੇ ਕਰੀਬ ਕਿਸਾਨਾਂ ਨੇ ਖੇਤੀ ਧੰਦੇ ਤੋਂ ਤੌਬਾ ਕਰ ਲਈ ਹੈ। ਨਕਲੀ ਬੀਜਾਂ ਅਤੇ ਨਕਲੀ ਖਾਦਾਂ ਨੇ ਜਿੱਥੇ ਫ਼ਸਲਾਂ ਦੇ ਉਤਪਾਦਨ ਨੂੰ ਖੋਰਾ ਲਾਇਆ, ਉੱਥੇ ਕਿਸਾਨੀ ਸਿਰ ਕਰਜ਼ੇ ਦੀ ਪੰਡ ਨੂੰ ਵੀ ਹੋਰ ਭਾਰੀ ਬਣਾਇਆ ਹੈ। ਧਰਤੀ ਹੇਠਲੇ ਪਾਣੀ ਦਾ ਪੱਧਰ ਹੇਠਾਂ ਜਾਣ ਨਾਲ ਸਿੰਜਾਈ ਦੇ ਖ਼ਰਚਿਆਂ ਵਿੱਚ ਹੋ ਰਿਹਾ ਵਾਧਾ ਵੀ ਕਿਸਾਨਾਂ ਲਈ ਮਾਰੂ ਸਾਬਿਤ ਹੋ ਰਿਹਾ ਹੈ। ਖੇਤੀ ਖੇਤਰ ਵਿੱਚ ਰੁਜ਼ਗਾਰ ਘਟਦਾ ਜਾ ਰਿਹਾ ਹੈ ਪਰ ਕਿਸਾਨ ਪਰਿਵਾਰਾਂ ਲਈ ਕਿਸੇ ਬਦਲਵੇਂ ਤੇ ਢੁਕਵੇਂ ਰੁਜ਼ਗਾਰ ਦਾ ਵੀ ਕੋਈ ਸਬੱਬ ਨਹੀਂ ਬਣ ਰਿਹਾ। ਲਿਹਾਜ਼ਾ, ਵਧ ਰਹੇ ਕਰਜ਼ੇ ਦੀ ਘੁੰਮਣਘੇਰੀ ਵਿੱਚ ਫਸੇ ਕਿਸਾਨਾਂ ਨੂੰ ਇਸ ਵਿੱਚੋਂ ਨਿਕਲਣ ਦਾ ਕੋਈ ਰਾਹ ਨਜ਼ਰ ਨਹੀਂ ਆ ਰਿਹਾ ਅਤੇ ਉਹ ਅਣਿਆਈ ਮੌਤ ਗਲੇ ਲਾਉਣ ਲਈ ਮਜਬੂਰ ਹੋ ਰਹੇ ਹਨ।

ਸਿਆਸੀ ਪਾਰਟੀਆਂ ਵੱਲੋਂ ਚੋਣਾਂ ਸਮੇਂ ਅਤੇ ਸਰਕਾਰਾਂ ਦੁਆਰਾ ਹਰ ਸਾਲ ਬਜਟ ਵੇਲੇ ਕਿਸਾਨਾਂ ਦੀ ਭਲਾਈ ਲਈ ਵੱਡੇ-ਵੱਡੇ ਦਾਅਵੇ ਤੇ ਵਾਅਦੇ ਕੀਤੇ ਜਾਂਦੇ ਹਨ ਪਰ ਕਿਸਾਨੀ ਖ਼ੁਦਕੁਸ਼ੀਆਂ ਦਾ ਲਗਾਤਾਰ ਵਧ ਰਿਹਾ ਵਰਤਾਰਾ ਇਨ੍ਹਾਂ ਦੀ ਕਹਿਣੀ ਤੇ ਕਰਨੀ ‘ਤੇ ਪ੍ਰਸ਼ਨਚਿੰਨ੍ਹ ਲਾ ਰਿਹਾ ਹੈ। ਸਰਕਾਰਾਂ ਨੇ ਹੁਣ ਤਕ ਖੇਤੀ ਨੂੰ ਲਾਹੇਵੰਦ ਧੰਦਾ ਬਣਾਉਣ ਲਈ ਕੋਈ ਵੀ ਠੋਸ ਕਾਰਜ ਯੋਜਨਾ ਨਹੀਂ ਉਲੀਕੀ। ਕਿਸਾਨੀ ਸਿਰ ਚੜ੍ਹੇ ਸੰਸਥਾਗਤ ਅਤੇ ਗ਼ੈਰ-ਸੰਸਥਾਗਤ ਕਰਜ਼ਿਆਂ ਦੇ ਨਿਬੇੜੇ ਲਈ ਕੋਈ ਸਾਰਥਿਕ ਕਦਮ ਨਹੀਂ ਚੁੱਕਿਆ ਗਿਆ। ਖ਼ੁਦਕੁਸ਼ੀ ਪੀੜਤ ਕਿਸਾਨ ਪਰਿਵਾਰਾਂ ਲਈ ਢੁਕਵੀਂ ਸਹਾਇਤਾ ਦੇਣ ਤੋਂ ਵੀ ਕੰਨੀ ਕਤਰਾਈ ਜਾ ਰਹੀ ਹੈ। ਫ਼ਸਲੀ ਬੀਮਾ ਯੋਜਨਾ ਜ਼ਮੀਨੀ ਹਕੀਕਤਾਂ ਨਾਲ ਮੇਲ ਨਾ ਖਾਣ ਕਰਕੇ ਕਿਸਾਨਾਂ ਲਈ ਰਾਹਤ ਦਾ ਸਬੱਬ ਨਹੀਂ ਬਣ ਸਕੀ। ਮੌਸਮ ਦੀ ਮਾਰ ਕਾਰਨ ਹੋਏ ਫ਼ਸਲਾਂ ਦੇ ਖ਼ਰਾਬੇ ਲਈ ਮਾਮੂਲੀ ਮੁਆਵਜਾ ਦੇ ਕੇ ਅੱਖਾਂ ਪੂੰਝਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ। ਡਾ. ਸਵਾਮੀਨਾਥਨ ਦੀਆਂ ਫ਼ਸਲਾਂ ਦੇ ਭਾਅ ਨਿਸ਼ਚਿਤ ਕਰਨ ਸਬੰਧੀ ਕੀਤੀਆਂ ਗਈਆਂ ਸਿਫ਼ਾਰਸ਼ਾਂ ਨੂੰ ਲਾਗੂ ਕਰਨ ਤੋਂ ਟਾਲਾ ਵੱਟਿਆ ਜਾ ਰਿਹਾ ਹੈ। ਖੇਤੀ ਮਸ਼ੀਨਰੀ ਸਸਤੀ ਕਰਨ ਅਤੇ ਖੇਤੀ ਨਾਲ ਸਬੰਧਿਤ ਹੋਰ ਵਸਤਾਂ ਦੀਆਂ ਲਾਗਤਾਂ ਨੂੰ ਘਟਾਉਣ ਲਈ ਕੋਈ ਯੋਜਨਾ ਨਹੀਂ ਬਣਾਈ ਜਾ ਰਹੀ। ਇਸ ਸਥਿਤੀ ਵਿੱਚ ਕਿਸਾਨਾਂ ਅਤੇ ਖੇਤੀ ਉੱਤੇ ਨਿਰਭਰ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਦੇ ਰੁਝਾਨ ਨੂੰ ਠੱਲ੍ਹ ਪੈਣੀ ਸੰਭਵ ਨਹੀਂ। ਨਾ ਕੇਵਲ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀ ਭਲਾਈ ਲਈ ਹੀ ਬਲਕਿ ਮੁਲਕ ਦੀ ਅਨਾਜ ਸਮੱਸਿਆ ਨੂੰ ਮੁੱਖ ਰਖਦਿਆਂ ਸਰਕਾਰ ਨੂੰ ਜਲਦੀ ਤੋਂ ਜਲਦੀ ਖੇਤੀ ਅਤੇ ਕਿਸਾਨ ਪੱਖੀਆਂ ਨੀਤੀਆਂ ਅਮਲ ਵਿੱਚ ਲਿਆਉਣ ਦੀ ਜ਼ਰੂਰਤ ਹੈ ਨਹੀਂ ਤਾਂ ਆਉਣ ਵਾਲੇ ਸਾਲਾਂ ਵਿੱਚ ਦੇਸ਼ ਨੂੰ ਅਨਾਜ ਲਈ ਦੂਜੇ ਮੁਲਕਾਂ ਮੂਹਰੇ ਹੱਥ ਅੱਡਣੇ ਪੈਣਗੇ।

# ਜਲਵਾਯੂ ਪਰਿਵਰਤਨ : ਵਾਤਾਵਰਨ ਵਿਚ ਆ ਰਿਹਾ ਬਦਲਾਅ ਇਕ ਚਿੰਤਾ ਦਾ ਵਿਸ਼ਾ

ਇਕ ਸਮਾ ਸੀ ਜਦੋ ਸਮੇ ਸਿਰ ਸਰਦੀ, ਸਮੇ ਸਿਰ ਗਰਮੀ ਅਤੇ ਸਮੇ ਸਿਰ ਬਰਸਾਤ ਹੁੰਦੀ ਸੀ।ਕਿਸਾਨ ਅਤੇ ਹੋਰ ਜਨ ਜੀਵਨ ਪੂਰੀ ਤਰ੍ਹ ਕੁਦਰਤ ਤੇ ਨਿਰਭਰ ਸੀ ਅਤੇ ਕੁਦਰਤ ਵੀ ਪੂਰਾ ਸਾਥ ਦਿੰਦੀ ਸੀ। ਮੋਟੇ ਅਖਰਾ ਵਿਚ ਕਿਹਾ ਜਾਵੇ ਤਾ ਮਨੁੱਖ ਅਤੇ ਕੁਦਰਤ ਦਾ ਸਬੰਧ ਬੜਾ ਹੀ ਪੱਕਾ ਅਤੇ ਪਿਆਰ ਭਰਿਆ ਸੀ। ਜਿਵੇਂ ਜਿਵੇਂ ਮਨੁੱਖ ਨੇ ਤਰੱਕੀ ਕੀਤੀ ਹੈ ਤੇ ਉਹ ਪੁਰਾਤਨ ਤੋ ਆਧੁਨਿਕ ਅਤੇ ਆਧੁਨਿਕ ਤੋ ਅਤਿ ਆਧੁਨਿਕ ਯੁਗ ਵਲ ਵਧਿਆ ਹੈ ਉਵੇ ਉਵੇ ਹੀ ਉਸ ਦਾ ਰਿਸਤਾ ਕੁਦਰਤ ਨਾਲ ਕਮਜੋਰ ਹੁੰਦਾ ਗਿਆ ਜਾ ਕਹਿ ਲਵੋ ਕਿ ਮਨੁੱਖ ਕੁਦਰਤ ਤੋ ਦੂਰ ਹੁੰਦਾ ਗਿਆ।ਜਿਵੇਂ ਜਿਵੇਂ ਮਨੁੱਖ ਦੀ ਸੋਚ ਲਾਲਚ ਭਰੀ ਹੁੰਦੀ ਗਈ ਤਿਵੇਂ ਤਿਵੇਂ ਹੀ ਉਸ ਨੇ ਕੁਦਰਤ ਨਾਲ ਦੁਰਵਿਵਹਾਰ ਕਰਨਾ ਸੁਰੂ ਕਰ ਦਿੱਤਾ।ਮਨੁੱਖ ਦਾ ਲਾਲਚ ਵਧਦਾ ਹੀ ਗਿਆ ਤੇ ਉਸ ਦੁਆਰਾ ਕੁਦਰਤ ਨਾਲ ਕੀਤੀਆ ਜਾ ਰਹੀਆ ਛੇੜਖਾਨੀਆ ਵੀ ਵਧਦੀਆ ਗਈਆਂ।ਮਨੁੱਖ ਨੇ ਆਪਣੀਆ ਗਤੀਵਿਧੀਆ ਕਾਰਨ ਵਾਤਾਵਰਨ ਦੇ ਤਾਪਮਾਨ ਵਿਚ ਵੱਡਾ ਬਦਲਾਅ ਲਿਆਂਦਾ ਹੈ , ਜਿਸ ਨੂੰ ਜਲਵਾਯੂ ਪਰਿਵਰਤਨ ਕਿਹਾ ਜਾਦਾ ਹੈ।ਲਗਾਤਾਰ ਵੱਧਦਾ ਜਾ ਰਿਹਾ ਮਨੁੱਖ ਦਾ ਲਾਲਚ ਉਸ ਦੇ ਸਾਹਮਣੇ ਗੰਭੀਰ ਸਮੱਸਿਆਵਾ ਪੈਦਾ ਕਰ ਰਿਹਾ ਹੈ।ਮਨੁੱਖ ਨੇ ਲਗਾਤਾਰ ਜੰਗਲਾ ਦੀ ਕਟਾਈ ਕਰਕੇ ਕੁਦਰਤ ਨਾਲ ਸਭ ਤੋ ਵੱਡਾ ਖਿਲਵਾੜ ਕੀਤਾ ਹੈ।ਉਸ ਤੋ ਬਾਅਦ ਅੰਧਾ-ਧੁੰਦ ਪਥਰਾਟੀ ਬਾਲਣਾ ਦੀ ਵਰਤੋ ਕਰਕੇ ਉਸ ਨੇ ਇਸ ਜਖਮ ਨੂੰ ਹੋਰ ਗਹਿਰਾ ਕੀਤਾ ਹੈ।ਰਹਿੰਦੀ ਖੂੰਹਦੀ ਕਸਰ ਵਧਦੀਆ ਹੋਇਆ ਫੈਕਟਰੀਆ ਅਤੇ ਕਾਰਖਾਨਿਆ

ਨੇ ਪੂਰੀ ਕਰ ਦਿੱਤੀ ਹੈ।ਲਗਾਤਾਰ ਵਧਦੀ ਹੋਈ ਜੰਗਲਾ

ਦੀ ਕਟਾਈ, ਲੋੜ ਤੋ ਵੱਧ ਪਥਰਾਟੀ ਬਾਲਣਾ ਦੀ ਵਰਤੋ ਅਤੇ

ਵੱਧ ਰਹੇ ਫੈਕਟਰੀਆ ਅਤੇ ਕਾਰਖਾਨਿਆ ਆਦਿ ਵਿਚੋ

ਪੈਦਾ ਹੋਈ ਕਾਰਬਨ ਡਾਈਆਕਸਾਈਡ ਅਤੇ ਹੋਰ ਗਰੀਨ

ਹਾਊਸ ਪ੍ਰਭਾਵ ਪੈਦਾ ਕਰਨ ਵਾਲੀਆ ਗੈਸਾਂ ਜੋ ਕਿ ਸੂਰਜ

ਦੀ ਗਰਮੀ ਨੂੰ ਧਰਤੀ ਤੇ ਰੋਕਣ ਵਿਚ ਸਹਾਈ ਹੁੰਦੀਆ ਹਨ,ਦੀ ਮਾਤਰਾ ਵੱਧ ਜਾਣ ਕਰਕੇ ਸੂਰਜ ਦੀ ਗਰਮੀ ਦੀ ਮਾਤਰਾ ਵੀ ਧਰਤੀ ਤੇ ਵਧਦੀ ਜਾ ਰਹੀ ਹੈ।ਜਿਸ ਨਾਲ ਵਿਸਵ ਦਾ ਤਾਪਮਾਨ ਵੱਧਦਾ ਜਾ ਰਿਹਾ ਹੈ।ਜਿਸ ਨੂੰ ਗਲੋਬਲ ਵਾਰਮਿੰਗ ਦਾ ਨਾ ਦਿੱਤਾ ਗਿਆ ਹੈ।

ਵਿਸਵ ਦਾ ਵੱਧਦਾ ਹੋਇਆ ਤਾਪਮਾਨ ਧਰਤੀ ਤੇ ਰਹਿੰਦੇ ਹਰੇਕ ਤਪਕੇ ਨੂੰ ਪ੍ਰਭਾਵਿਤ ਕਰਦਾ ਹੈ।ਭਾਵੇ ਉਹ ਮਨੁੱਖ ਜਾਤੀ ਹੋਵੇ ਜਾ ਫਿਰ ਪਸੂ,ਪੰਛੀ ,ਜਾਨਵਰ ਹੋਣ ਜਾ ਫਿਰ ਪੋਦੇ।ਇਹ ਹਰੇਕ ਤਰ੍ਹ ਦੇ ਜੀਵਨ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦਾ ਹੈ।ਇਹ ਗੰਭੀਰ ਸਮੱਸਿਆ ਮਨੁੱਖ ਦੁਆਰਾ ਹੀ ਪੈਦਾ ਕੀਤੀ ਗਈ ਹੈ ਤੇ ਅੱਜ ਇਸ ਨੇ ਇੰਨਾ ਭਿਆਨਕ ਰੂਪ ਧਾਰਨ ਕਰ ਲਿਆ ਹੈ ਕਿ ਅੱਜ ਇਸ ਕਰਕੇ ਸਾਰੀ ਧਰਤੀ ਤੇ ਹੀ ਖਤਰਾ ਮੰਡਰਾ ਰਿਹਾ ਹੈ।ਦੁਨੀਆ ਭਰ ਦੀਆ ਸੰਸਥਾਵਾ ਅਤੇ ਵਿਗਿਆਨੀ ਇਸ ਉਤੇ ਕੰਮ ਕਰ ਰਹੇ ਹਨ ਤਾ ਜੋ ਇਸ ਤੋ ਨਿਕਲ ਰਹੇ ਅਤੇ ਨਿਕਲਣ ਵਾਲੇ ਭਿਆਨਕ ਨਤੀਜਿਆਂ ਤੋ ਨਿਪਟਿਆਂ ਜਾ ਸਕੇ।

ਵਿਸਵ ਦੇ ਵੱਧਦੇ ਹੋਏ ਤਾਪਮਾਨ ਕਾਰਨ ਗਲੇਸੀਅਰਾਂ ਤੇ ਪਈ ਲੱਖਾ ਟਨ ਬਰਫ ਪਿਘਲ ਕੇ ਪਾਣੀ ਪਾਣੀ ਹੋ ਰਹੀ ਹੈ ਜਿਸ ਨਾਲ ਬਹੁਤ ਹੀ ਭਿਆਨਕ ਨਤੀਜੇ ਨਿਕਲ ਰਹੇ ਹਨ।

IPCC (Intergovernmental Panel on Climate Change) ਦੀ ਇਕ ਰਿਪੋਰਟ ਜੋ ਕਿ ਅਪ੍ਰੈਲ ੨੦੦੭ ਵਿਚ ਆਈ ਸੀ , ਦੇ ਮੁਤਾਬਿਕ ਵਿਸਵ ਦੇ ਵੱਧਦੇ ਹੋਏ ਤਾਪਮਾਨ ਕਾਰਨ ਵੱਡੇ ਪੱਧਰ ਹੜ ਆਉਣਗੇ।ਜਿਸ ਨਾਲ ਵੱਡੇ ਪੱਧਰ ਉਤੇ ਜਾਨ ਮਾਲ ਦੀ ਹਾਨੀ ਹੋਵੇਗੀ। ਇਕ ਹੋਰ ਰਿਪੋਰਟ ਮੁਤਾਵਿਕ ਵਿਸਵ ਦੇ ਤਾਪਮਾਨ ਵੱਧਣ ਦੇ ਕਾਰਨ ਇਸ ਸਦੀ ਦੇ ਅੰਤ ਤੱਕ ਸਮੁੰਦਰਾ ਦੇ ਪਾਣੀ ਦਾ ਸਤਰ ੭ ਤੋ ੨੩ ਇੰਚ ਵੱਧ ਜਾਵੇਗਾ।ਜੋ ਕਿ ਸਮੂਚੀ ਮਾਨਵ ਜਾਤੀ ਲਈ ਖਤਰੇ ਦੀ ਘੰਟੀ ਹੈ। ਜਾਣਕਾਰਾਂ ਦਾ ਮੰਨਣਾ ਹੈ ਕਿ ਪ੍ਰਿਥਵੀ ਦਾ ਤਾਪਮਾਨ ੧.੫ ਤੋ ੨.੫ ਡਿਗਰੀ ਸੈਲਸੀਅਸ ਤੱਕ ਵਧਣ ਨਾਲ ਪ੍ਰਿਥਵੀ ਤੇ ਰਹਿੰਦੀਆ ਲਗਭਗ ੩੦% ਜਾਨਵਰਾ ਅਤੇ ਪੋਦਿਆ ਦੀ ਪ੍ਰਜਾਤਿਆ ਹਮੇਸਾ ਲਈ ਸਾਨੂੰ ਅਲਵਿਦਾ ਕਹਿ ਜਾਣਗੀਆ।ਉਥੇ ਹੀ ਇਫਛਛ ਦਾ ਪੂਰਵ ਅਨੁਮਾਨ ਹੈ ਕਿ ਇਸ ਸਦੀ ਦੇ ਅੰਤ ਤੱਕ ਪ੍ਰਿਥਵੀ ਦਾ ਤਾਪਮਾਨ ੧.੮ ਤੋ ੪ ਡਿਗਰੀ ਸੈਲਸੀਅਸ ਤੱਕ ਵੱਧ ਜਾਵੇਗਾ।

# ਨਸ਼ਿਆਂ ਅਤੇ ਗਲੀਆਂ ਚ ਰੁਲਦੀ ਜਵਾਨੀ ਤੋਂ ਦੇਸ਼ ਦੇ ਭਵਿੱਖ ਦੀ ਕੀ ਆਸ ਰੱਖੀ ਜਾ ਸਕਦੀ ਹੈ ?



ਹਰ ਇਕ ਦੇਸ਼ ਦਾ ਭਵਿਖ ਉਸ ਦੇਸ਼ ਦੇ ਨੌਜੁਆਨਾਂ ਨੂੰ ਹੀ ਕਿਹਾ ਜਾਂਦਾ ਹੈ ।ਆਮ ਹੀ ਸੁਣਦੇ ਹਾਂ ਕਿ ਨੌਜੁਆਨ ਦੇਸ਼ ਦਾ ਭਵਿਖ ਹੁੰਦੇ ਹਨ,ਦੇਸ਼ ਦੀ ਵਾਗਡੋਰ ਸੰਭਾਲਣ ਲਈ ਜਵਾਨੀ ਦੀਆਂ ਹਰ ਨਾਗਰਿਕ ਨੂੰ ਆਸਾਂ ਹੁੰਦੀਆਂ ਹਨ। ਤੰਦਰੁਸਤ ਸਮਾਜ ਅਤੇ ਦੇਸ਼ ਦੀ ਤਰੱਕੀ ਦੀਆਂ ਆਸਾਂ ਆਪਾਂ ਸਾਰੇ ਹੀ ਨੌਜੁਆਨ ਪੀੜੀ ਨੂੰ ਹੀ ਸਮਝਦੇ ਹਾਂ। ਅਨਪੜ ਆਦਮੀ ਦਾ ਆਪਣਾ ਭਵਿਖ ਖਤਰੇ ਵਿਚ ਸਮਝਿਆ ਜਾਂਦਾ ਹੈ,ਪਰ ਅੱਜ ਹਾਲਾਤ ਇਹ ਹੋਏ ਪਏ ਹਨ ਕੇ ਪੜੇ ਲਿਖੇ ਨੌਜੁਆਨਾਂ ਦਾ ਭਵਿਖ ਵੀ ਬੇਰੁਜਗਾਰੀ ਦੀ ਭੇਂਟ ਚੜ ਕੇ ਨਸ਼ਿਆਂ ਦਾ ਆਦੀ ਹੋ ਚੁੱਕਾ ਹੈ। ਨੌਜੁਆਨ ਦੇਸ਼ ਦਾ ਭਵਿਖ

ਸੁਣਨ ਨੂੰ ਵਧੀਆ ਲਗਦਾ ਹੈ,ਪਰ ਦੇਸ਼ ਦਾ ਭਵਿਖ ਨੌਜੁਆਨ ਪੀੜੀ ਪੜ ਲਿਖ ਕੇ ਵੀ ਗਲੀਆਂ ਵਿਚ ਰੁਲਣ ਲਈ ਮਜਬੂਰ ਹੈ। ਦੇਸ਼ ਦੇ ਭਵਿਖ ਦੀ ਕਿਸੇ ਨੂੰ ਕੋਈ ਚਿੰਤਾ ਨਹੀਂ, ਸਭ ਨੂੰ ਆਪੋ ਆਪਣੀ ਪਈ ਹੋਈ ਹੈ। ਨੌਜੁਆਨ ਮੁੰਡੇ ਕੁੜੀਆਂ ਪੜ ਲਿਖ ਕੇ ਵੀ ਚਿੰਤਾ ਵਿਚ ਡੁੱਬੇ ਰਹਿੰਦੇ ਹਨ ਕਿ ਸਾਡਾ ਭਵਿਖ ਕਿਹੋ ਜਿਹਾ ਹੋਵੇਗਾ ਸਾਰੇ ਜਾਣਦੇ ਹਾਂ ਕਿ ਪੜਿਆ ਲਿਖਿਆ ਨੌਜੁਆਨ ਤਬਕਾ ਡਿਗਰੀਆਂ ਲੈ ਕੇ ਜਦੋਂ ਆਪਣੇ ਹੱਕ ਭਾਵ ਨੌਕਰੀ ਦੀ ਮੰਗ ਕਰਦਾ ਹੈ ਤਾਂ ਉਸ ਨਾਲ ਕੀ ਵਾਪਰਦਾ ਹੈ, ਕਿਸੇ ਵੀ ਨਾਗਰਿਕ ਤੋਂ ਗੱਲ ਗੁੱਝੀ ਨਹੀਂ ਹੈ। ਕੁਟ-ਕੁਟਾਪਾ ਅਤੇ ਥੱਪੜਾਂ ਤੋਂ ਬਿਨਾਂ ਉਨਾਂ ਦੇ ਪੱਲੇ ਕੁਝ ਵੀ ਨਹੀਂ ਪਿਆ। ਪੜਾਈ ਕਰਕੇ ਵੀ ਸਾਡੀ ਨੌਜੁਆਨ ਪੀੜੀ ਨੂੰ ਮਜਬੂਰੀ ਵਸ ਐਸੇ ਕੰਮ ਕਰਨੇ ਪੈਂਦੇ ਹਨ ਜਿਸ ਦਾ ਕਦੇ ਸੁਪਨਾ ਵੀ ਨਹੀਂ ਚਿਤਵਿਆ ਹੁੰਦਾ। ਅੱਖੀਂ ਵੇਖਿਆ ਦਿ ?ਸ਼ਟਾਂਤ ਹੈ ਇਕ ਰਿਕਸ਼ਾ ਚਾਲਕ ਬਹੁਤ ਸਾਰੀ ਪੜਾਈ ਕਰਕੇ ਨੌਕਰੀ ਕਿਤੇ ਵੀ ਨਾ ਮਿਲਣ ਕਰਕੇ ਰਿਕਸ਼ਾ ਚਲਾਉਣ ਲਈ ਮਜਬੂਰ ਹੈ, ਜਦੋਂ ਉਸ ਤੋਂ ਪੈਸੇ ਪੁਛੇ ਜਾਂਦੇ ਹਨ ਤਾਂ ਇਸਦਾ ਜਵਾਬ ਅੰਗਰੇਜੀ ਵਿਚ ਬੋਲ ਕੇ ਹੀ ਦਸਦਾ ਹੈ। ਜਦੋਂ ਉਸ ਤੋਂ ਪੁਛਿਆ ਕਿ ਤੂੰ ਕਿੰਨਾ ਪੜਿਆ ਹੈ,ਤਾਂ ਉਹ 2.1 ਦਸਦਾ ਹੈ। ਇਸਤੋਂ ਸਾਡੇ ਦੇਸ਼ ਦੇ ਭਵਿਖ ਦਾ ਭਲੀਭਾਂਤ ਅੰਦਾਜਾ ਲਗਾਇਆ ਜਾ ਸਕਦਾ ਹੈ। ਆਪਾਂ ਅਕਸਰ ਹੀ ਵੇਖਦੇ ਹਾਂ ਕਿ ਨੌਜੁਆਨ ਮੁੰਡੇ ਕੁੜੀਆਂ ਕਿਸੇ ਕੰਪਨੀ ਦੇ ਪੋ ?ਡੈਕਟ ਗਲੀਆਂ ਵਿਚ ਵੇਚ ਰਹੇ ਹੁੰਦੇ ਹਨ,ਉਨਾ ਨਾਲ ਗਲਬਾਤ ਤੋਂ ਵੀ ਇਹੀ ਪਤਾ ਲਗਦਾ ਹੈ ਕਿ ਬਹੁਤ ਪੜ ਲਿਖ ਕੇ ਨੌਕਰੀ ਕਿਤੇ ਨਾ ਮਿਲਣ ਕਰਕੇ, ਘਰਦਿਆਂ ਦੀਆਂ ਝਿੜਕਾਂ ਤੋਂ ਡਰਦੇ ਉਹ ਮਜਬੂਰੀ ਵਸ ਥੋੜੇ ਪੈਸਿਆਂ ਤੇ ਐਸੀਆਂ ਕੰਪਨੀਆਂ ਵਿਚ ਕੰਮ ਕਰ ਰਹੇ ਹਨ। ਸਾਡੇ ਦੇਸ਼ ਦੇ ਭਵਿਖ ਦਾ ਕੀ ਬਣੇਗਾ ? ਕੀ ਇਹੀ ਹੈ ਸਾਡਾ ਦੇਸ਼ ਅਤੇ ਉਸਦਾ ? ਭਵਿਖ ਲੀਡਰ ਸਾਹਿਬਾਨ ਬਿਆਨ ਤਾਂ ਵੱਡੇ-ਵੱਡੇ ਦਾਗਦੇ ਹਨ ਦੇਸ਼ ਦਾ ਭਵਿਖ ਖਤਰੇ ਵਿਚ ਹੈ ਪਰ ਨੌਜੁਆਨਾਂ ਦੇ ਭਵਿਖ ਦਾ ਕਿਸੇ ਨੂੰ ਵੀ ਕੋਈ ਫਿਕਰ ਨਹੀਂ ਹੈ। ਜੇਕਰ ਨੌਜੁਆਨਾਂ ਦਾ ਭਵਿਖ ਸੁਰੱਖਿਅਤ ਹੋਵੇਗਾ ਤਾਂਹੀ ਦੇਸ਼ ਦਾ ਭਵਿਖ ਖੁਸ਼ਹਾਲ ਹੋਵੇਗਾ। ਅੱਜਕਲ ਦਾ ਪੜਿਆ ਲਿਖਿਆ ਨੌਜੁਆਨ ਕੀ ਲੜਕੇ ਜਾਂ ਲੜਕੀਆਂ ਨਸ਼ਿਆਂ ਦੀ ਦਲਦਲ ਵਿਚ ਬਹੁਤ ਬੁਰੀ ਤਰਾਂ ਫਸ ਚੁੱਕੇ ਹ ਨ

ਸ਼ਰਾਬ,ਸਮੈਕ,ਤੰਬਾਕੂ,ਮੈਡੀਕਲ ਨਸ਼ਾ,ਚਰਸ,ਅਫੀਮ,ਇਹ ਨਸ਼ੇ ਕਰਦੇ ਤਾਂ ਆਮ ਹੀ ਦੇਖਿਆ ਹੋਵੇਗਾ। ਪਰ ਅੱਜਕੱਲ ਸੱਪ ਦੇ ਡੰਗ ਦਾ ਨਸ਼ਾ,ਡੱਡੂ ਦੇ ਪਸੀਨੇ ਦਾ ਨਸ਼ਾ,ਕਿਰਲੀ ਦਾ ਨਸ਼ਾ,ਆਇਓਡੈਕਸ ਦੇ ਨਵੇਂ ਨਸ਼ਿਆਂ ਵਿਚ ਨੌਜੁਆਨ ਪੀੜੀ ਗਲਤਾਨ ਹੋ ਚੁੱਕੀ ਹੈ। ਪਰਮਜੀਤ ਨਾਮ ਦੇ ਇਕ ਵਿਅਕਤੀ ਦੇ ਕਹਿਣ ਮੁਤਾਬਕ ਉਹ ਛੋਟਾ ਹੁੰਦਾ ਹੀ ਆਪਣੇ ਦੋਸਤਾਂ ਨਾਲ ਰਲਕੇ ਨਸ਼ਿਆਂ ਦਾ ਆਦੀ ਹੋ ਚੁਕਾ ਹੈ ਜੋ ਇਸ ਸਮੇਂ ਗੁਰਦਾਸਪੁਰ ਦੇ ਨਸ਼ਾ ਛੁਡਾਊ ਕੇਂਦਰ ਵਿਚ ਇਸ ਨਾਮੁਰਾਦ ਬਿਮਾਰੀ ਤੋਂ ਛੁਟਕਾਰਾ ਪਾਉਣ ਲਈ ਦਾਖਲ ਹੈ। ਉਹ ਜਦੋਂ ਦੱਸਦਾ ਹੈ ਕਿ ਸੱਪ ਦੇ ਡੰਗ ਦਾ ਨਸ਼ਾ ਵੀ ਉਸਨੇ ਕੀਤਾ ਹੈ ਤਾਂ ਆਮ ਸੁਣਨ ਵਾਲਾ ਆਦਮੀ ਕੰਬ ਜਾਂਦਾ ਹੈ। ਸੱਪ ਤੋਂ ਡੰਗ ਮਰਾ ਕੇ ਉਹ ਲੱਤ ਨੂੰ ਦੋ ਪਾਸੇ ਤੋਂ ਬੰਨ ਲੈਂਦਾ ਹੈ,ਇਕ ਪਾਸਾ ਖੋਲਣ ਨਾਲ ਹੀ ਉਸਨੂੰ ਘੱਟੋ ਘੱਟ 10 ਦਿਨ ਨਸ਼ਾ ਰਹਿੰਦਾ ਹੈ। ਫਿਰ ਜਦੋਂ ਦੂਜੇ ਪਾਸੇ ਤੋਂ ਰੱਸੀ ਖੋਲਦਾ ਹੈ ਤਾਂ 10 ਦਿਨ ਹੋਰ ਨਸ਼ਾ ਰਹਿੰਦਾ ਹੈ ਭਾਵ 1 ਵਾਰ ਸੱਪ ਲੜਾ ਕੇ 20 ਦਿਨ ਨਸ਼ਾ ਰਹਿੰਦਾ ਹੈ। ਇਸੇ ਤਰਾਂ ਉਹ ਦੱਸਦਾ ਹੈ ਕਿ ਡੱਡੂ ਛੱਪੜ ਵਿਚੋਂ ਫੜ ਕੇ ਉਸਨੂੰ 15-20 ਮਿੰਟ ਦੌੜਾਨ ਤੋਂ ਬਾਦ ਜਦੋਂ ਪਸੀਨਾ ਆ ਜਾਂਦਾ ਹੈ ਤਾਂ ਉਹ ਚੂਸ ਲੈਂਦਾ ਹੈ ਇਸ ਨਾਲ ਵੀ ਕਾਫੀ ਦੇਰ ਨਸ਼ਾ ਰਹਿੰਦਾ ਹੈ। ਕੋਹੜ ਕਿਰਲੀਆਂ ਦੇ ਨਸ਼ੇ ਬਾਰੇ ਉਸਨੇ ਦੱਸਿਆ ਕਿ 15-20 ਕਿਰਲੀਆਂ ਲਿਆ ਕੇ ਪਿੰਜਰੇ ਵਿਚ ਕਾਪਰ ਦੇ ਕਵਰ ਤੇ ਵਿਛਾ ਲੈਂਦਾ ਹੈ,ਕਰੀਬ 15 ਦਿਨ ਬਾਅਦ ਕਿਰਲੀਆਂ ਦਾ ਥੁਕਿਆ ਜਹਿਰ ਬਲੇਡ ਨਾਲ ਕਾਪਰ ਤੋਂ ਉਤਾਰ ਕੇ ਸਿਗਰਟ ਵਿਚ ਭਰਕੇ ਪੀਣ ਨਾਲ ਵੀ ਕਾਫੀ ਦੇਰ ਨਸ਼ਾ ਰਹਿੰਦਾ ਹੈ। ਪਰ ਹੁਣ ਮੈਂ ਇਸ ਗੰਦੀ ਦਲਦਲ ਚੋਂ ਨਿਕਲਣਾ ਚਾਹੁੰਦਾ ਹਾਂ,ਮੈਂ ਆਪਣੀ ਜਿੰਦਗੀ ਵਿਚ ਸਾਰੇ ਹੀ ਨਸ਼ੇ ਕਰਕੇ ਵੇਖ ਲਏ ਹਨ, ਪਰ ਹੁਣ ਮੈਨੂੰ ਨਸ਼ਿਆਂ ਵਾਲੀ ਗੰਦੀ ਜਿੰਦਗੀ ਤੋਂ ਨਫਰਤ ਹੋ ਗਈ ਹੈ ਮੈਂ ਇਸ ਵਿਚੋਂ ਨਿਕਲਣਾ ਚਾਹੁੰਦਾ ਹਾਂ। ਇਹ ਹਾਲ ਹੈ ਸਾਡੇ ਦੇਸ਼ ਦੇ ਭਵਿਖ ਦਾ ਜਿਨਾ ਤੋਂ ਸਾਨੂੰ ਬਹੁਤ ਸਾਰੀਆਂ ਆਸਾਂ ਹਨ। ਵੈਸੇ ਰੌਲਾ ਰੱਪਾ ਬਥੇਰਾ ਪੈਂਦਾ ਹੈ ਕਿ ਨੌਜੁਆਨ ਬਾਹਰਲੇ ਮੁਲਕਾਂ ਨੂੰ ਜਾ ਰਹੇ ਹਨ,ਪਰ ਮਜਬੂਰੀ ਵਸ ਉਹ ਸਾਰੇ ਘਰ ਬਾਰ ਅਤੇ ਜਮੀਨਾਂ ਵੇਚ ਕੇ ਬਾਹਰ ਜਾਣ ਲਈ ਮਜਬੂਰ ਹਨ,ਉਨਾਂ ਨੂ ਪਤਾ ਹੈ ਕਿ ਸਾਡਾ ਭਵਿਖ ਸਾਡੇ ਆਪਣੇ ਦੇਸ਼ ਵਿਚ ਹੀ ਖਤਰੇ ਵਿਚ ਹੈ। ਜੇਕਰ ਸਾਡੇ ਨੌਜੁਆਨਾਂ ਦਾ ਭਵਿਖ ਹੀ ਖਤਰੇ ਵਿਚ ਹੈ ਤਾਂ ਅਸੀਂ ਦੇਸ਼ ਦੇ ਭਵਿਖ ਦੀ ਕੀ ਆਸ ਰੱਖ ਸਕਦੇ ਹਾਂ ? ਜੇਕਰ ਸਮੇਂ ਦੀਆਂ ਸਰਕਾਰਾਂ ਇਸ ਪਾਸੇ ਧਿਆਨ ਦੇ ਕੇ ਰੁਜਗਾਰ ਦੇ ਵਸੀਲੇ ਪੈਦਾ ਕਰਕੇ ਨੌਜੁਆਨ ਪੀੜੀ ਨੂੰ ਚੰਗੀਆਂ ਨੌਕਰੀਆਂ ਦੇਣ ਤਾਂਹੀ ਦੇਸ਼ ਦਾ ਭਵਿਖ ਸੰਵਰ ਸਕਦਾ ਹੈ ਅਤੇ ਬਾਹਰ ਜਾਣ ਦਾ ਰੁਝਾਨ ਘਟ ਸਕਦਾ ਹੈ। ਭਾਰਤ ਦੇਸ਼ ਦੀ ਸਰਕਾਰ ਨੂੰ ਇਸ ਪਾਸੇ ਧਿਆਨ ਦੇਣ ਦੀ ਸਖਤ ਜਰੂਰਤ ਹੈ ਤਾਂ ਕਿ ਗਲੀਆਂ ਵਿਚ ਰੁਲਦੀ ਜਵਾਨੀ ਅਤੇ ਨਸ਼ਿਆਂ ਦੀ ਗੰਦੀ ਦਲਦਲ ਵਿਚ ਦੇਸ਼ ਦੇ ਨੌਜੁਆਨਾਂ ਨੂੰ ਜਾਣ ਤੋਂ ਰੋਕਿਆ ਜਾ ਸਕੇ। ਬਾਹਰ ਜਾਣ ਦਾ ਰੁਝਾਨ ਵੀ ਤਾਂਹੀ ਘੱਟ ਹੋਵੇਗਾ ਜੇਕਰ ਸਾਡੇ ਆਪਣੇ ਦੇਸ਼ ਵਿਚ ਨੌਕਰੀਆਂ ਮਿਲਣਗੀਆਂ। ਵਿਹਲਾ ਮਨ ਸ਼ੈਤਾਨ ਦਾ ਘਰ ਹੁੰਦਾ ਹੈ,ਜਦੋਂ ਮੁੰਡੇ ਕੁੜੀਆਂ ਡਿਗਰੀਆਂ ਹੱਥਾਂ ਵਿਚ ਲੈ ਕੇ ਨੌਕਰੀ ਦੀ ਭਾਲ ਕਰਦੇ ਹਨ, ਐਜੀਟੇਸ਼ਨਾਂ, ਹੜਤਾਲਾਂ, ਧਰਨੇ, ਮੁਜਾਹਰੇ, ਸੜਕਾਂ ਜਾਮ ਕਰਦੇ ਹਨ, ਨਿਰਸੰਦੇਹ ਇਸ ਰੁਝਾਨ ਨੂੰ ਠੱਲ ਪਵੇਗੀ ਅਤੇ ਵਿਹਲਾ ਮਨ ਹੀ ਨਸ਼ਿਆਂ ਦੀ ਗੰਦੀ ਜਿੰਦਗੀ ਚ ਜਾਣ ਤੋਂ ਵੀ ਤਾਂਹੀ ਬਚ ਸਕਦਾ ਹੈ ਜੇਕਰ ਸਮੇਂ ਦੀਆਂ ਸਰਕਾਰਾਂ ਇਸ ਗੰਭੀਰ ਮਸਲੇ ਨੂੰ ਗੰਭੀਰਤਾ ਨਾਲ ਲੈਣਗੀਆਂ,ਨਹੀਂ ਤਾਂ ਭਾਰਤ ਦੇਸ਼ ਦਾ ਤਾਂ ਰੱਬ ਹੀ ਰਾਖਾ ਹੈ



# ਭਾਸ਼ਾ ਦੀ ਸਿਆਸਤ ਦੇ ਰੰਗ

ਭਾਸ਼ਾ ਦਾ ਅਹਿਮ ਅਤੇ ਵੱਡਾ ਮੰਤਵ ਮਨੁੱਖ ਦੇ ਸਭ ਤੋਂ ਵੱਡੇ ਸਰਾਪ, ਭਾਵ ਉਸ ਦੀ ਇਕੱਲ ਨੂੰ ਤੋੜ ਕੇ ਉਸ ਨੂੰ ਹੋਰ ਮਨੁੱਖਾਂ ਨਾਲ ਨਾਲ ਜੋੜਨਾ ਹੈ ਪਰ ਸਿਆਸਤ ਨੇ ਭਾਸ਼ਾ ਨੂੰ ਜਾਤ ਅਤੇ ਧਰਮ ਨਾਲ ਜੋੜ ਕੇ ਇਸ ਤੋਂ ਮਨੁੱਖਾਂ ਨੂੰ ਮਨੁੱਖਾਂ ਨਾਲੋਂ ਤੋੜਨ ਦਾ ਜ਼ਰੀਆ ਮਾਤਰ ਬਣਾ ਲਿਆ ਹੈ। ਪਿਛਲੇ ਸਮਿਆਂ ਦੌਰਾਨ ਸੰਸਾਰ ਦੇ ਵਖ-ਵਖ ਮੁਲਕਾਂ ਵਿਚ ਹੋਏ ਭਾਸ਼ਾ ਵਿਵਾਦ ਇਸ ਗੱਲ ਦੇ ਸੂਚਕ ਹਨ ਕਿ ਭਾਸ਼ਾ ਨੂੰ ਸਿਆਸੀ ਉਭਾਰ ਲਈ ਸ਼ਕਤੀਸ਼ਾਲੀ ਹਥਿਆਰ ਵਜੋਂ ਵਰਤਿਆ ਗਿਆ ਹੈ। ਮੁਲਕ ਦੀ ਵੰਡ ਤੋਂ ਪਿੱਛੋਂ ਭਾਰਤ ਵਿਚ ਹੋਏ ਭਾਸ਼ਾ ਵਿਵਾਦ ਦੀ ਤਾਣੀ ਇਸ ਕਰਕੇ ਜ਼ਿਆਦਾ ਉਲਝ ਗਈ ਕਿਉਂਕਿ ਸਿਆਸਤ ਨੇ ਭਾਰਤੀ ਭਾਸ਼ਾਵਾਂ ਨੂੰ ਇਲਾਕਿਆਂ, ਜਾਤੀਆਂ ਅਤੇ ਧਰਮਾਂ ਨਾਲ ਜੋੜ ਕੇ ਉਭਾਰਿਆ।

ਭਾਰਤ ਬਹੁਕੌਮੀ ਮੁਲਕ ਹੈ। ਵਖ-ਵਖ ਭਾਸ਼ਾਵਾਂ ਦੇ ਆਧਾਰ ਤੇ ਬਣੇ ਵਖ-ਵਖ ਰਾਜਾਂ ਅੰਦਰ ਵਖੋ-ਵਖਰੀਆਂ ਕੌਮੀਅਤਾਂ ਦੀਆਂ ਆਪੋ-ਆਪਣੀਆਂ ਕੌਮੀ ਭਾਸ਼ਾਵਾਂ ਹਨ ਜੋ ਇਨ੍ਹਾਂ ਦੀ ਕੌਮੀ ਪਛਾਣ ਦਾ ਆਧਾਰ ਬਣਦੀਆਂ ਹਨ। ਹਰ ਕੌਮੀਅਤ ਦਾ ਆਪਣਾ ਭੂਗੋਲਿਕ ਖਿੱਤਾ, ਸਾਂਝਾ ਆਰਥਿਕ ਜੀਵਨ, ਇਤਿਹਾਸ ਅਤੇ ਆਪਣੀ ਵਖਰੀ ਭਾਸ਼ਾ ਤੇ ਸਭਿਆਚਾਰ ਹੈ ਪਰ ਭਾਰਤੀ ਸੰਵਿਧਾਨ ਵਿਚ ਨਾ ਤਾਂ ਇਨ੍ਹਾਂ ਵਖ-ਵਖ ਕੌਮੀਅਤਾਂ ਨੂੰ ਸਪਸ਼ਟ ਰੂਪ ਵਿਚ ਆਪੋ-ਆਪਣੇ ਸਮਾਜ-ਸਭਿਆਚਾਰਕ ਅਤੇ ਆਰਥਿਕ ਵਿਕਾਸ ਲਈ ਲੋੜੀਂਦੀ ਖ਼ੁਦਮੁਖਤਾਰੀ ਦਿੱਤੀ ਗਈ ਹੈ ਅਤੇ ਨਾ ਹੀ ਉਨ੍ਹਾਂ ਦੀਆਂ ਭਾਸ਼ਾਵਾਂ ਨੂੰ ਸਿੱਖਿਆ ਅਤੇ ਪ੍ਰਸ਼ਾਸਨ ਦੇ ਖੇਤਰ ਵਿਚ ਬਣਦਾ ਯੋਗ ਸਥਾਨ ਦਿੱਤਾ ਗਿਆ ਹੈ। ਇਸ ਮਸਲੇ ਨੂੰ ਕਿਸੇ ਸਿਆਸੀ ਪਾਰਟੀ ਨੇ ਚੋਣਾਂ ਮੌਕੇ ਮੁੱਦਾ ਬਣਾ ਕੇ ਨਹੀਂ ਉਭਾਰਿਆ।

ਸੰਵਿਧਾਨ ਵਿਚ ਭਾਵੇਂ 22 ਭਾਸ਼ਾਵਾਂ ਨੂੰ ਕੌਮੀ ਭਾਸ਼ਾਵਾਂ ਵਜੋਂ ਮਾਨਤਾ ਦਿੱਤੀ ਗਈ ਹੈ ਪਰ ਅਮਲੀ ਤੌਰ ਤੇ ਅੱਜ ਤੱਕ ਕਿਸੇ ਵੀ ਸੱਤਾਧਾਰੀ ਪਾਰਟੀ ਨੇ ਭਾਸ਼ਾਵਾਂ ਦੇ ਵਿਕਾਸ ਲਈ ਕੋਈ ਠੋਸ ਨੀਤੀ ਨਹੀਂ ਬਣਾਈ। ਮੁਲਕ ਵਿਚ ਹੁਣ ਤੱਕ ਰਾਜ ਕਰਨ ਵਾਲੀਆਂ ਦੋ ਮੁੱਖ ਪਾਰਟੀਆਂ ਕਾਂਗਰਸ ਅਤੇ ਭਾਜਪਾ ਹੀ ਰਹੀਆਂ ਹਨ। ਕਾਂਗਰਸ ਦੇ ਨੀਤੀ-ਘਾੜੇ ਅੰਗਰੇਜ਼ੀ ਪੱਖੀ ਰਹੇ ਹਨ। ਦੂਜੇ ਪਾਸੇ ਭਾਜਪਾ ਦਾ ਸੰਚਾਲਕ ਵਿੰਗ ਹਿੰਦੀ ਪੱਖੀ ਹੈ। ਇਸੇ ਲਈ ਪਹਿਲਾਂ ਸਾਲ 2016 ਵਿਚ ਉਚੇਰੀ ਸਿੱਖਿਆ ਦੀ ਉਚਤਮ ਸੰਸਥਾ ਯੂ.ਜੀ.ਸੀ. ਨੇ ਮੁਲਕ ਦੇ ਸਮਾਜ-ਭਾਸ਼ਾ ਵਿਗਿਆਨਕ ਹਾਲਾਤ ਨੂੰ ਨਜ਼ਰਅੰਦਾਜ਼ ਕਰ ਕੇ ਕਾਲਜਾਂ ਵਿਚ ਹਿੰਦੀ ਨੂੰ ਲਾਜ਼ਮੀ ਵਿਸ਼ੇ ਵਜੋਂ ਪੜ੍ਹਾਏ ਜਾਣ ਦੇ ਹੁਕਮ ਦਿੱਤੇ ਸਨ। ਹੁਣ ਮੁਲਕ ਅੰਦਰ ਨਵੀਂ ਸਿੱਖਿਆ ਨੀਤੀ ਤਹਿਤ ਗੈਰ ਹਿੰਦੀ ਰਾਜਾਂ ਦੇ ਬੱਚਿਆਂ ਨੂੰ ਹਿੰਦੀ ਤੀਜੀ ਭਾਸ਼ਾ ਵਜੋਂ ਪੜ੍ਹਨਾ ਲਾਜ਼ਮੀ ਕਰਾਰ ਦੇਣ ਬਾਰੇ ਕੋਸ਼ਿਸ਼ ਕੀਤੀ ਗਈ ਜਿਸ ਦਾ ਤੁਰੰਤ ਅਤੇ ਤਿੱਖਾ ਵਿਰੋਧ ਹੋਇਆ, ਸਿੱਟੇ ਵਜੋਂ ਸਰਕਾਰ ਨੂੰ ਕਦਮ ਪਿਛਾਂਹ ਹਟਾਉਣੇ ਪਏ।

ਦਰਅਸਲ, ਇਸ ਭਾਸ਼ਾ ਨੀਤੀ ਦੇ ਪਿਛੋਕੜ ਵਿਚ ਕੋਠਾਰੀ ਕਮਿਸ਼ਨ ਦੁਆਰਾ ਬਣਾਈ ਗਈ 1968 ਵਾਲੀ ਸਿੱਖਿਆ ਨੀਤੀ ਦਾ ਤਿੰਨ-ਭਾਸ਼ਾਈ ਫਾਰਮੂਲਾ ਕੰਮ ਕਰਦਾ ਹੈ। ਇਸ ਫਾਰਮੂਲੇ ਦੀ ਭਾਵਨਾ ਮੰਦੀ ਨਹੀਂ ਸੀ ਕਿਉਂਕਿ ਇਹ ਭਾਰਤ ਦੀਆਂ ਭਾਸ਼ਾਈ ਸਮੱਸਿਆਵਾਂ ਨੂੰ ਧਿਆਨ ਵਿਚ ਰੱਖ ਕੇ, ਵਿਸ਼ੇਸ਼ ਕਰਕੇ ਭਾਸ਼ਾਈ ਘੱਟਗਿਣਤੀਆਂ ਬਾਰੇ ਸੰਵੇਦਨਸ਼ੀਲ ਹੋ ਕੇ ਅਤੇ ਮੁਲਕ ਵਿਚ ਭਾਸ਼ਾਈ ਸੰਤੁਲਨ ਰੱਖਣ ਹਿਤ ਹੀ ਬਣਾਇਆ ਗਿਆ ਸੀ ਪਰ ਜਦੋਂ ਸਿਆਸੀ ਪਾਰਟੀਆਂ ਆਪਣੇ ਸੌੜੇ ਸਿਆਸੀ ਤੇ ਸੁਆਰਥੀ ਹਿੱਤਾਂ ਦੀ ਪੂਰਤੀ ਲਈ ਭਾਸ਼ਾ, ਧਰਮ ਤੇ ਜਾਤ ਨੂੰ ਵਰਤਣ ਲੱਗ ਪੈਣ ਤਾਂ ਫਿਰ ਸਥਾਨਕ ਭਾਸ਼ਾਈ ਸਮੱਸਿਆਵਾਂ ਖਾਨਾਜੰਗੀ ਦਾ ਰੂਪ ਧਾਰਨ ਕਰ ਲੈਂਦੀਆਂ ਹਨ।

ਬ੍ਰਿਟਿਸ਼ ਸਾਮਰਾਜ ਦੇ ਖਾਤਮੇ ਤੋਂ ਬਾਅਦ ਜਦ ਨਵੇਂ ਭਾਰਤ ਦਾ ਭੂਗੋਲਿਕ ਨਕਸ਼ਾ ਉਲੀਕਣ ਬਾਰੇ ਵਿਚਾਰਾਂ ਹੋਣ ਲੱਗੀਆਂ ਤਾਂ ਭਾਸ਼ਾ ਨੂੰ ਨਵੀਂ ਸੂਬਾਈ ਹੱਦਬੰਦੀ ਦਾ ਆਧਾਰ ਮੰਨਿਆ ਗਿਆ। ਭਾਰਤ ਵਾਸੀਆਂ ਦੀਆਂ ਮਾਂ-ਬੋਲੀਆਂ ਦੀ ਰਖਵਾਲੀ ਅਤੇ ਵਿਕਾਸ ਲਈ ਭਾਸ਼ਾ ਨੀਤੀ ਬਾਰੇ ਸੰਵਿਧਾਨ ਵਿਚ ਬਾਕਾਇਦਾ ਧਾਰਾਵਾਂ ਦਰਜ ਕੀਤੀਆਂ ਗਈਆਂ। ਫਿਰ ਵੀ ਸੱਤਾਧਾਰੀ ਸਿਆਸੀ ਸ਼ਕਤੀਆਂ ਪੂਰੀ ਤਰ੍ਹਾਂ ਨਿਰਪੱਖ ਨਾ ਰਹਿ ਸਕੀਆਂ। ਮਸਲਨ, ਪੰਜਾਬ ਵਿਚ ਹੀ ਪੰਜਾਬੀ ਬੋਲਦੇ ਇਲਾਕੇ ਪੰਜਾਬ ਤੋਂ ਬਾਹਰ ਰੱਖੇ ਗਏ। ਅਜਿਹੇ ਫੈਸਲਿਆਂ ਕਾਰਨ ਹੀ ਭਾਰਤ ਵਿਚ ਭਾਸ਼ਾਈ ਸੰਕਟ ਪੈਦਾ ਹੁੰਦਾ ਰਿਹਾ ਹੈ। ਹੁਣ ਵੀ ਭਾਵੇਂ ਤਾਮਿਲਾਂ ਦੇ ਪ੍ਰਤੀਕਰਮ ਕਾਰਨ ਸਿੱਖਿਆ ਨੀਤੀ ਦੇ ਦਸਤਾਵੇਜ਼ ਵਿਚ ਕੁਝ ਸੋਧ ਕਰਨ ਦੇ ਸੰਕੇਤ ਮਿਲੇ ਹਨ ਪਰ ਭਾਸ਼ਾਵਾਂ ਬਾਰੇ ਕੇਂਦਰੀ ਸਰਕਾਰ ਦੇ ਇਸ ਰਵੱਈਏ ਦਾ ਜੇ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਭਾਰਤ ਅੰਦਰ ਸਮਾਜਿਕ ਅਤੇ ਸਰਕਾਰਾਂ ਦੀਆਂ ਸਿਆਸੀ ਜ਼ਰੂਰਤਾਂ ਵਖੋ-ਵਖਰੀਆਂ ਹਨ। ਭਾਰਤ ਭੂਗੋਲਿਕ ਅਤੇ ਸਭਿਆਚਾਰਿਕ ਵੰਨ-ਸਵੰਨਤਾਵਾਂ ਨਾਲ ਮਾਲਾਮਾਲ ਮੁਲਕ ਹੈ। ਇਸ ਬਾਰੇ ਹਿੰਦੀ ਲੋਕਧਾਰਾ ਦੀ ਕਹੌਤ ਹੈ:

ਚਾਰ ਕੋਸ ਪਰ ਪਾਨੀ ਬਦਲੇ,
ਆਠ ਕੋਸ ਪਰ ਬਾਨੀ।
ਬੀਸ ਕੋਸ ਪਰ ਪਗੜੀ ਬਦਲੇ,
ਤੀਸ ਕੋਸ ਪਰ ਛਾਨੀ।

ਅਜੋਕੇ ਸਮੇਂ ਦੌਰਾਨ ਆਵਾਜਾਈ ਤੇ ਹੋਰ ਸੰਚਾਰ ਸਾਧਨਾ ਸਦਕਾ ਸਥਾਨਕ ਦੂਰੀਆਂ ਤਾਂ ਭਾਵੇਂ ਮਿਟ ਗਈਆਂ ਹਨ ਪਰ ਜਾਤ, ਧਰਮ ਅਤੇ ਸਥਾਨਕ ਭਾਸ਼ਾਈ ਵਖਰੇਵੇਂ ਅਜੇ ਵੀ ਜਿਉਂ ਦੇ ਤਿਉਂ ਹਨ। ਚੋਣਾਂ ਵੇਲੇ ਇਹ ਵਖਰੇਵੇਂ ਉਭਰਵੇਂ ਰੂਪ ਵਿਚ ਪ੍ਰਤੱਖ ਹੋ ਜਾਂਦੇ ਹਨ। ਭਾਰਤ ਵਿਚ ਜਿੰਨੀਆਂ ਭਾਸ਼ਾਵਾਂ ਤੇ ਉਪ ਭਾਸ਼ਾਵਾਂ ਹਨ, ਸ਼ਾਇਦ ਹੀ ਦੁਨੀਆ ਦੇ ਕਿਸੇ ਹੋਰ ਮੁਲਕ ਵਿਚ ਹੋਣ। ਇਸੇ ਲਈ ਕਿਹਾ ਜਾਂਦਾ ਹੈ ਕਿ ਬਹੁਭਾਸ਼ਾਈ ਰੁਝਾਨ ਭਾਰਤੀਆਂ ਦੇ ਖ਼ੂਨ ਵਿਚ ਰਚਿਆ ਹੋਇਆ ਹੈ। ਇਸ ਲਈ ਜੇ ਕੋਈ ਸਿਆਸੀ ਪਾਰਟੀ ਸੱਤਾ ਦੇ ਨਸ਼ੇ ਵਿਚ ਇਥੋਂ ਦੀਆਂ ਜ਼ਮੀਨੀ ਹਕੀਕਤਾਂ ਨੂੰ ਦਰਕਿਨਾਰ ਕਰ ਕੇ, ਇਸ ਮੁਲਕ ਉਤੇ ਇਕ ਭਾਸ਼ਾ ਜਾਂ ਧਰਮ ਥੋਪਣ ਦੀ ਕੋਸ਼ਿਸ ਕਰੇਗੀ ਤਾਂ ਇਹ ਅੱਗ ਨਾਲ ਖੇਡਣ ਵਾਲੀ ਗੱਲ ਹੋਵੇਗੀ। ਜਦੋਂ ਕਦੇ ਵੀ ਕੇਂਦਰੀ ਸੱਤਾ ਨੇ ਖੇਤਰੀ ਭਾਸ਼ਾਵਾਂ ਨੂੰ ਦਰੜ ਕੇ ਹਿੰਦੀ ਜਾਂ ਅੰਗਰੇਜ਼ੀ ਨੂੰ ਜਬਰੀ ਠੋਸਣ ਦਾ ਸੁਪਨਾ ਲਿਆ ਹੈ ਤਾਂ ਉਦੋਂ ਉਦੋਂ ਹੀ ਅਜਿਹੀ ਕੋਸ਼ਿਸ਼ ਨਾਕਾਮ ਰਹੀ ਹੈ; ਖਾਸ ਕਰ ਕੇ ਤਾਮਿਲ, ਤੈਲਗੂ, ਕੰਨੜ, ਮਲਿਆਲਮ ਅਤੇ ਪੰਜਾਬੀ ਵਰਗੀਆਂ ਸ਼ਕਤੀਸ਼ਾਲੀ ਭਾਸ਼ਾਈ ਪਿਛੋਕੜ ਵਾਲ਼ੀਆਂ ਭਾਸ਼ਾਵਾਂ ਦੇ ਵਾਰਸਾਂ ਦੀ ਚੌਕਸੀ ਹਿੰਦੀ ਲਈ ਤਾਂ ਘਾਤਕ ਵੀ ਸਿੱਧ ਹੋਈ ਹੈ। ਕੇਂਦਰੀ ਸੱਤਾ ਦੀ ਭਾਸ਼ਾ ਦੀ ਅਜਿਹੀ ਸਿਆਸਤ ਸਦਕਾ ਮੁਲਕ ਦੀ ਜਮਹੂਰੀਅਤ ਨੂੰ ਵੀ ਵੱਡਾ ਨੁਕਸਾਨ ਹੋਇਆ ਹੈ। ਭਾਰਤ ਦੇ ਭਾਸ਼ਾਈ ਘੱਟਗਿਣਤੀ ਸਮਾਜ ਅੰਦਰ ਅੱਜ ਬੇਯਕੀਨੀ ਦਾ ਆਲਮ ਹੈ। ਫਲਸਰੂਪ ਮੁਲਕ ਦੀ ਜਮਹੂਰੀਅਤ ਦੀ ਮਜ਼ਬੂਤ ਬੁਨਿਆਦ ਡਗਮਗਾਈ ਹੈ। ਇਸ ਨਾਲ ਭਾਰਤ ਦੀ ਰਾਸ਼ਟਰੀ ਏਕਤਾ ਅਤੇ ਅਖੰਡਤਾ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਅਸਲ ਵਿਚ ਜਦੋਂ ਭਾਰਤ ਵਰਗੇ ਬਹੁਭਾਸ਼ੀ ਮੁਲਕ ਵਿਚ ਕਿਸੇ ਇਕ ਭਾਸ਼ਾ ਨੂੰ ਜਬਰੀ ਥੋਪਿਆ ਜਾਵੇਗਾ ਤਾਂ ਸਮਾਜ ਵਿਚ ਹਲਚਲ ਹੋਣੀ ਸੁਭਾਵਕ ਹੈ। ਪਹਿਲਾਂ ਵੀ ਭਾਜਪਾ ਦੀ ਸਰਕਾਰ ਦੁਆਰਾ ਹਿੰਦੀ ਜਬਰੀ ਲਾਗੂ ਕਰਨ ਦੀ ਇਸ ਕੋਸ਼ਿਸ਼ ਨੂੰ ਤਾਮਿਲਨਾਡੂ ਸਮੇਤ ਸਮੁੱਚੇ ਮੁਲਕ ਦੀ ਗੈਰ-ਹਿੰਦੀ ਵਸੋਂ ਨੇ ਨਾਕਾਮ ਕਰ ਦਿੱਤਾ ਸੀ ਅਤੇ ਹੁਣ ਫਿਰ ਗੈਰ-ਹਿੰਦੀ ਸੂਬਿਆਂ ਦੇ ਲੋਕਾਂ ਨੇ ਤਿੱਖਾ ਵਿਰੋਧ ਕੀਤਾ ਹੈ। ਭਾਰਤੀ ਜਨਤਾ ਪਾਰਟੀ ਦੇ ਮੁੱਖ ਏਜੰਡੇ ਵਿਚ ਹਿੰਦੂ-ਹਿੰਦੀ ਤੇ ਹਿੰਦੋਸਤਾਨ ਦਾ ਨਾਅਰਾ ਹੈ। ਇਸ ਪਾਰਟੀ ਦੀ ਅਣਐਲਾਨੀ ਨੀਤੀ ਇਹ ਹੈ ਕਿ ਭਾਰਤ ਦੀ ਭਾਸ਼ਾਈ ਅਤੇ ਸੱਭਿਆਚਾਰਕ ਵੰਨ-ਸਵੰਨਤਾ ਖਤਮ ਕੀਤੀ ਜਾਵੇ। ਹਿੰਦੂ ਰਾਸ਼ਟਰ ਦੀ ਸਥਾਪਤੀ ਇਸ ਦਾ ਮੁੱਖ ਟੀਚਾ ਹੈ। ਭਾਜਪਾ ਦੀ ਕੋਰ-ਕਮੇਟੀ ਮਹਿਸੂਸ ਕਰਦੀ ਹੈ ਕਿ ਕਿ ਜੇ ਪਾਰਟੀ ਨੇ ਮੁਲਕ ਦੇ ਦੱਖਣੀ ਖੇਤਰ ਵਿਚ ਆਪਣਾ ਆਧਾਰ ਕਾਇਮ ਕਰਨਾ ਹੈ ਤਾਂ ਇਸ ਲਈ ਹਿੰਦੀ ਭਾਸ਼ਾ ਕਾਰਗਰ ਮਾਧਿਅਮ ਹੋ ਸਕਦੀ ਹੈ ਪਰ ਮੁਲਕ ਦੀ ਦੱਖਣੀ ਵਸੋਂ ਭਾਜਪਾ ਦੀ ਇਸ ਚਾਲ ਪ੍ਰਤੀ ਸੁਚੇਤ ਹੈ। ਇਹੋ ਵਜ੍ਹਾ ਹੈ ਕਿ ਦੱਖਣ ਦੀਆਂ ਸਿਆਸੀ ਧਿਰਾਂ ਭਾਜਪਾ ਦੀ ਇਸ ਭਾਸ਼ਾ ਨੀਤੀ ਦਾ ਡਟ ਕੇ ਵਿਰੋਧ ਕਰ ਰਹੀਆਂ ਹਨ। ਜੇ ਮੁਲਕ ਦੀਆਂ ਕੇਂਦਰੀ ਸਿਆਸੀ ਪਾਰਟੀਆਂ ਦੁਆਰਾ ਖੇਤਰੀ ਭਾਸ਼ਾਵਾਂ ਦੇ ਰੁਤਬੇ ਨੂੰ ਪੂਰਾ ਮਾਣ-ਤਾਣ ਦਿੱਤਾ ਜਾਂਦਾ ਅਤੇ ਹਿੰਦੀ ਨੂੰ ਹਿੰਦੂਤਵ ਦਾ ਏਜੰਡਾ ਨਾ ਬਣਾਇਆ ਜਾਂਦਾ ਤਾਂ ਅੱਜ ਹਿੰਦੀ ਦੀ ਹਾਲਤ ਅਜਿਹੀ ਨਹੀਂ ਹੋਣੀ ਸੀ ਅਤੇ ਨਾ ਹੀ ਹਿੰਦੀ ਦੀ ਥਾਂ ਅੰਗਰੇਜ਼ੀ ਸੰਪਰਕ ਭਾਸ਼ਾ ਦੇ ਤੌਰ ਤੇ ਸਥਾਪਿਤ ਹੋਣੀ ਸੀ। ਕੌਮੀ ਪ੍ਰਬੰਧ ਦੀ ਯੋਗਤਾ ਮਾਪਣ ਵਾਲਾ ਪਹਿਲਾ ਪੈਮਾਨਾ ਮੁਲਕ ਦੀ ਵਸੋਂ ਦੇ ਵਖ-ਵਖ ਸਮੂਹਾਂ ਦੀ ਵਖੋ-ਵਖਰੀ ਸੱਭਿਆਚਾਰਕ ਪਛਾਣ ਦੀ ਨੁਮਾਇੰਦਗੀ ਕਰਨਾ ਹੈ। ਇਸ ਕਾਰਜ ਦੀ ਪੂਰਤੀ ਲਈ ਭਾਰਤ ਵਰਗੇ ਬਹੁਭਾਸ਼ੀ ਮੁਲਕ ਵਿਚ ਸਰਕਾਰ ਦੀ ਭਾਸ਼ਾ ਨੀਤੀ ਨੇ ਅਹਿਮ ਭੂਮਿਕਾ ਨਿਭਾਉਣੀ ਹੁੰਦੀ ਹੈ। ਕਾਬਲੇਗ਼ੌਰ ਤੱਥ ਇਹ ਹੈ ਕਿ ਭਾਰਤ ਦੇ ਸੰਵਿਧਾਨ ਵਿਚ ਹਿੰਦੀ ਅਤੇ ਅੰਗਰੇਜ਼ੀ ਨੂੰ ਕੇਂਦਰ ਦੀ ਸਰਕਾਰੀ ਭਾਸ਼ਾ ਦਾ ਦਰਜਾ ਦਿੱਤਾ ਗਿਆ ਹੈ, ਕੌਮੀ ਭਾਸ਼ਾ ਦਾ ਨਹੀਂ। ਇਸ ਲਈ ਵਖ-ਵਖ ਰਾਜਾਂ ਦੀਆਂ ਮਾਤ ਭਾਸ਼ਾਵਾਂ ਹੀ ਮੁਲਕ ਦੀਆਂ ਕੌਮੀ ਭਾਸ਼ਾਵਾਂ ਹਨ। ਇਸ ਬਾਰੇ ਦੁਨੀਆ ਭਰ ਵਿਚ ਹੋਈ ਖੋਜ ਇਹੋ ਦਸਦੀ ਹੈ ਕਿ ਮਨੁੱਖੀ ਸਮਾਜਾਂ ਦੀ ਚੇਤਨਾ ਦੇ ਤੇਜ਼ੀ ਨਾਲ ਵਿਕਾਸ ਦੀਆਂ ਸੰਭਾਵਨਾਵਾਂ ਉਨ੍ਹਾਂ ਦੀਆਂ ਮਾਤ ਭਾਸ਼ਾਵਾਂ ਰਾਹੀਂ ਹੀ ਵਧੇਰੇ ਪਨਪਦੀਆਂ ਹਨ। ਮਾਤ ਭਾਸ਼ਾ ਰਾਹੀਂ ਹੀ ਮਨੁੱਖ ਆਪਣੇ ਕੌਮੀ ਇਤਿਹਾਸ ਤੇ ਮਿਥਿਹਾਸ ਤੋਂ ਜਾਣੂ ਹੁੰਦਾ ਹੈ। ਮਾਤ ਭਾਸ਼ਾ ਹੀ ਬੱਚੇ ਨੂੰ ਆਪਣੇ ਘਰ, ਪਰਿਵਾਰ, ਭਾਈਚਾਰੇ ਅਤੇ ਮੁਲਕ/ਕੌਮ ਨਾਲ ਜੋੜਦੀ ਹੈ। ਇਸ ਲਈ ਮੁਲਕ ਦੀ ਕੁੱਲ ਵਸੋਂ ਦੇ ਵਖ-ਵਖ ਸਮੂਹਾਂ ਦੀ ਵਖੋ-ਵਖਰੀ ਸਭਿਆਚਾਰਕ ਪਛਾਣ ਕਾਇਮ ਰੱਖਣ ਲਈ ਖੇਤਰੀ ਭਾਸ਼ਾਵਾਂ ਹੀ ਦਰੁਸਤ ਅਤੇ ਯੋਗ ਭੂਮਿਕਾ ਨਿਭਾ ਸਕਦੀਆਂ ਹਨ; ਖਾਸ ਕਰਕੇ ਸੰਸਾਰੀਕਰਨ ਦੇ ਅਜੋਕੇ ਦੌਰ ਵਿਚ ਬਹੁਭਾਸ਼ੀ ਰਾਜ ਹੀ ਪ੍ਰਸ਼ਾਸਕੀ ਸਫਲਤਾ ਦੇ ਸੂਚਕ ਹਨ ਅਤੇ ਸਾਰੇ ਰਾਜ ਆਪਣੇ ਖੇਤਰੀ ਸਮੂਹਾਂ ਦੀ ਭਾਸ਼ਾ ਨੂੰ ਪ੍ਰਵਾਨ ਕਰਦੇ ਹਨ। ਭਾਸ਼ਾਈ ਸੰਘਵਾਦ ਦੀ ਸਿਧਾਂਤਕ ਤੇ ਪ੍ਰਸ਼ਾਸਕੀ ਪ੍ਰਕਿਰਿਆ ਰਾਹੀਂ ਬਹੁਗਿਣਤੀ ਅਤੇ ਘੱਟਗਿਣਤੀ ਭਾਸ਼ਾਵਾਂ ਦਾ ਸੰਤੁਲਨ ਬਣ ਜਾਂਦਾ ਹੈ।

# ਪਾਣੀ ਦੀ ਕਮੀ ਤੇ ਉਸ ਦਾ ਪ੍ਰਦੂਸ਼ਣ

ਅੱਜ ਦੇ ਦਿਨ ਦੁਨੀਆ ਭਰ ਵਿਚ 2.8 ਬਿਲੀਅਨ ਲੋਕਾਂ ਨੂੰ ਪਾਣੀ ਦੀ ਕਮੀ ਨਾਲ ਕਿਤੇ ਨਾ ਕਿਤੇ ਜੂਝਣਾ ਪੈ ਰਿਹਾ ਹੈ। ਲਗਭਗ 1.2 ਬਿਲੀਅਨ ਲੋਕਾਂ ਕੋਲ ਪੀਣ ਯੋਗ ਪਾਣੀ ਨਹੀਂ ਹੈ।

ਕਾਰਣ ?

1. ਵਾਧੂ ਵਰਤੋਂ
2. ਧਰਤੀ ਹੇਠੋਂ ਪਾਣੀ ਦਾ ਖ਼ਾਤਮਾ
3. ਪਾਣੀ ਵਿਚ ਮਿਲਾਏ ਜਾ ਰਹੇ ਹਾਨੀਕਾਰਕ ਤੱਤ

ਯੂਨਾਈਟਿਡ ਨੇਸ਼ਨਜ਼ ਡਿਵੈਲਪਮੈਂਟ ਪ੍ਰੋਗਰਾਮ ਨੇ ਇਹ ਲੱਭਿਆ ਹੈ ਕਿ ਬਹੁਤੇ ਮੁਲਕਾਂ ਵਿਚ ਪਾਣੀ ਤਾਂ ਹੈ ਪਰ ਹਰ ਲੋੜਵੰਦ ਤੱਕ ਪਹੁੰਚਾਉਣ ਦਾ ਜ਼ਰੀਆ ਸਹੀ ਨਹੀਂ ਹੈ।

ਕੁੱਝ ਮੁਲਕਾਂ ਵਿਚ ਜ਼ਮੀਨ ਹੇਠੋਂ ਪਾਣੀ ਤਾਂ ਕੱਢਿਆ ਜਾ ਰਿਹਾ ਹੈ ਪਰ ਵਾਪਸ ਪਾਣੀ ਹੇਠਾਂ ਨਹੀਂ ਭੇਜਿਆ ਜਾ ਰਿਹਾ। ਇਸੇ ਲਈ ਵਿਸ਼ਵ ਭਰ ਦੇ ਅੱਧਾ ਬਿਲੀਅਨ ਲੋਕਾਂ ਨੂੰ ਪੂਰਾ ਸਾਲ ਹੀ ਪਾਣੀ ਦੀ ਕਮੀ ਨਾਲ ਜੂਝਣਾ ਪੈਂਦਾ ਹੈ। ਧਰਤੀ ਦੇ ਚੁਫ਼ੇਰੇ ਪਾਣੀ ਦੇ ਭੰਡਾਰ ਹੋਣ ਦੇ ਬਾਵਜੂਦ ਸਿਰਫ਼ 0.014 ਫੀਸਦੀ ਪਾਣੀ ਹੀ ਪੀਣ ਯੋਗ ਹੈ। ਬਾਕੀ 97 ਫੀਸਦੀ ਨਮਕੀਨ ਤੇ 3 ਫੀਸਦੀ ਦੇ ਨੇੜੇ-ਤੇੜੇ ਪਹੁੰਚ ਤੋਂ ਬਾਹਰ ਹੈ।

ਇਹ ਕਿਆਸ ਲਾਇਆ ਜਾ ਚੁੱਕਿਆ ਹੈ ਕਿ ਸੰਨ 2030 ਤੱਕ ਧਰਤੀ ਉੱਤੇ ਪੀਣ ਵਾਲੇ ਪਾਣੀ ਦੀ ਏਨੀ ਘਾਟ ਹੋ ਜਾਣੀ ਹੈ ਕਿ 40 ਫੀਸਦੀ ਲੋਕ ਤ੍ਰਾਹ-ਤ੍ਰਾਹ ਕਰ ਰਹੇ ਹੋਣਗੇ ਤੇ ਪਾਣੀ ਖੁਣੋਂ ਮੌਤਾਂ ਦਾ ਢੇਰ ਲੱਗ ਜਾਣਾ ਹੈ।

ਦਰਖਤ ਵੱਢਣ, ਲੋੜੋਂ ਵੱਧ ਪ੍ਰਦੂਸ਼ਣ, ਮੌਸਮੀ ਤਬਦੀਲੀ, ਵਧਦੀ ਗਰਮੀ, ਕੁੱਝ ਇਲਾਕਿਆਂ ਵਿਚ ਬਾਰਿਸ਼ ਦੀ ਕਮੀ, ਪਾਣੀ ਦਾ ਜ਼ਾਇਆ ਹੋਣਾ, ਫੈਕਟਰੀਆਂ ਵੱਲੋਂ ਪੀਣ ਵਾਲੇ ਪਾਣੀ ਵਿਚ ਗੰਦਗੀ ਰਲਾਉਣੀ, ਖੇਤਾਂ ਵਿਚ ਲੋੜੋਂ ਵੱਧ ਵਰਤੋਂ, ਸੜਕਾਂ ਧੋਣੀਆਂ, ਹੋਟਲਾਂ ਵਿਚ ਵਾਧੂ ਵਰਤੋਂ, ਆਦਿ ਅਨੇਕ ਕਾਰਨ ਗਿਣਾਏ ਜਾ ਚੁੱਕੇ ਹਨ। ਕੁੱਝ ਮੁਲਕਾਂ ਵਿਚ, ਵੇਲੇ ਸਿਰ ਇਸ ਖ਼ਤਰੇ ਨੂੰ ਭਾਂਪਦੇ ਤਬਦੀਲੀਆਂ ਸ਼ੁਰੂ ਕਰ ਦਿੱਤੀਆਂ ਹਨ।

ਮਿਸਾਲ ਵਜੋਂ, ਅਸਟ੍ਰੇਲੀਆ ਵਿਚ ਇਹ ਸਭ ਧਿਆਨ ਵਿਚ ਰੱਖਦੇ ਹੋਏ ਸੰਨ 2001 ਤੋਂ 2009 ਤੱਕ ਪਾਣੀ ਦੀ ਫਾਲਤੂ ਵਰਤੋਂ ਉੱਤੇ ਰੋਕ ਲਾ ਕੇ 40 ਫੀਸਦੀ ਤਕ ਪਾਣੀ ਬਚਾ ਲਿਆ ਗਿਆ ਤੇ ਇਸ ਨਾਲ ਸਗੋਂ ਉਨ੍ਹਾਂ ਦੇ ਅਰਥ ਵਿਵਸਥਾ ਵਿਚ 30 ਫੀਸਦੀ ਵਾਧਾ ਵੀ ਹੋ ਗਿਆ ਹੈ।

ਡੈਮ, ਕਨਾਲ, ਐਕੁਈਡਕਟ, ਪਾਈਪਾਂ, ਰੈਜ਼ਰਵਾਇਰ ਆਦਿ ਬਣਾ ਕੇ ਪਾਣੀ ਨੂੰ ਖ਼ੂਬਸੂਰਤ ਤਰੀਕੇ ਸੰਭਾਲ ਲਿਆ ਗਿਆ ਹੈ। ਰੀਸਾਈਕਲਿੰਗ ਕਰਨ ਨਾਲ ਵਰਤੇ ਹੋਏ ਪਾਣੀ ਨੂੰ ਸਾਫ਼ ਕਰ ਕੇ ਦੁਬਾਰਾ ਵਰਤੋਂ ਵਿਚ ਲਿਆਇਆ ਜਾ ਰਿਹਾ ਹੈ। ਇਹ ਮਿਸਾਲ ਪੂਰੀ ਦੁਨੀਆ ਅੱਗੇ ਰੱਖੀ ਗਈ ਹੈ ਕਿ ਜੇ ਮਨੁੱਖੀ ਜੀਵਨ ਬਚਾਉਣਾ ਹੈ ਤਾਂ ਇਹੋ ਢੰਗ ਹੀ ਬਚਿਆ ਹੈ।

ਇਕ ਹੋਰ ਤਰੀਕੇ ਵੀ ਪਾਣੀ ਬਹੁਤ ਜ਼ਾਇਆ ਹੋ ਰਿਹਾ ਹੈ। ਦੁਧਾਰੂ ਜਾਨਵਰ ਪਾਲਣ, ਮੁਰਗੀਆਂ ਪਾਲਣ ਆਦਿ ਨਾਲ ਵੀ ਪਾਣੀ ਦੀ ਵਾਧੂ ਵਰਤੋਂ ਹੋ ਰਹੀ ਹੈ।

ਵਿਕਸਿਤ ਮੁਲਕਾਂ ਵਿਚ ਵਿਕਾਸਸ਼ੀਲ ਦੇਸਾਂ ਨਾਲੋਂ 10 ਗੁਣਾ ਵੱਧ ਪਾਣੀ ਦੀ ਵਰਤੋਂ ਹੋ ਰਹੀ ਹੈ। ਉੱਥੇ ਇਹ ਫੂਡ ਪਰੋਸੈਸਿੰਗ ਤੇ ਹੋਰ ਪੈਕੇਜਿੰਗ ਵਿਚ ਵਰਤਿਆ ਜਾ ਰਿਹਾ ਹੈ।

ਪੂਰੀ ਦੁਨੀਆ ਵਿਚਲੀ ਇਕ ਚੌਥਾਈ ਆਬਾਦੀ ਆਪਣੇ ਘਰੋਂ ਕਈ ਕਿਲੋਮੀਟਰ ਤੱਕ ਤੁਰ ਕੇ ਪੀਣ ਵਾਲਾ ਪਾਣੀ ਲਿਆਉਂਦੀ ਹੈ। ਅੰਦਾਜ਼ਾ ਲਾਇਆ ਗਿਆ ਹੈ ਕਿ ਕਈ ਵਿਕਾਸਸ਼ੀਲ ਦੇਸਾਂ ਵਿਚ ਔਸਤਨ 20 ਲਿਟਰ ਪਾਣੀ ਪ੍ਰਤੀ ਦਿਨ ਪ੍ਰਤੀ ਬੰਦਾ ਵਰਤ ਰਿਹਾ ਹੈ ਜਿਸ ਵਿਚ ਕਪੜੇ ਧੋਣੇ ਸ਼ਾਮਲ ਨਹੀਂ ਹਨ। ਇਸ ਵਿਚ ਅਫਰੀਕਾ ਵਿਚ ਕਈ ਥਾਈਂ ਸਿਰਫ਼ 10 ਲਿਟਰ ਤਕ ਹੀ ਵਰਤਿਆ ਜਾ ਰਿਹਾ ਹੈ।

ਹੁਣ ਫਿਕਰ ਇਹ ਹੈ ਕਿ ਚੌਲ ਤੇ ਕਣਕ ਦੀ ਫਸਲ ਏਨਾ ਪਾਣੀ ਵੀ ਨਹੀਂ ਰਹਿਣ ਦੇਣ ਲੱਗੀ।

ਪੰਜਾਬ ਵਿਚ ਜਨਸੰਖਿਆ ਵਿਚ ਪਿਛਲੇ 50 ਸਾਲਾਂ ਵਿਚ 62 ਫੀਸਦੀ ਵਾਧਾ ਹੋ ਚੁੱਕਿਆ ਹੈ।

ਲਗਾਤਾਰ ਖੇਤੀ ਕਰਨ ਨਾਲ ਹੁਣ ਬਠਿੰਡਾ, ਫਿਰੋਜ਼ਪੁਰ ਤੇ ਫਰੀਦਕੋਟ ਦੀ ਮਿੱਟੀ ਵਿਚ ਫਾਸਫੋਰਸ ਦੀ ਘਾਟ ਹੋ ਚੁੱਕੀ ਹੈ। ਕਈ ਹੋਰ ਹਿੱਸਿਆਂ ਵਿਚ ਲੋਹ ਕਣ ਤੇ ਮੈਂਗਨੀਜ਼ ਘੱਟ ਚੁੱਕੇ ਹਨ। ਬੇਹਿਸਾਬੇ ਕੀਟਨਾਸ਼ਕਾਂ ਸਦਕਾ ਤੇ ਪੈਦਾਵਾਰ ਵਧਾਉਣ ਦੇ ਵੱਖੋ-ਵੱਖ ਤਰੀਕਿਆਂ ਸਦਕਾ ਇਹ ਸਭ ਹੋ ਰਿਹਾ ਹੈ।

ਅੱਜ ਦੇ ਦਿਨ ਪੰਜਾਬ ਵਿਚ 12.32 ਲੱਖ ਟਿਊਬਵੈੱਲ ਲਗਾਤਾਰ ਜ਼ਮੀਨ ਹੇਠਲਾ ਪਾਣੀ ਖਿੱਚ ਰਹੇ ਹਨ। ਇੱਕ ਪਾਸੇ ਪਾਣੀ ਦੀ ਲਗਾਤਾਰ ਹੁੰਦੀ ਕਮੀ ਤੇ ਦੂਜੇ ਪਾਸੇ ਕੀਟਨਾਸ਼ਕਾਂ ਦਾ ਧਰਤੀ ਦੇ ਹੇਠਾਂ ਡੂੰਘੇ ਲੰਘ ਜਾਣ ਨਾਲ ਪਾਣੀ ਦਾ ਪ੍ਰਦੂਸ਼ਿਤ ਹੋਣਾ ਖ਼ਤਰੇ ਦੀ ਘੰਟੀ ਵਜਾ ਰਹੇ ਹਨ। ਮੋਗਾ, ਜਲੰਧਰ, ਬਰਨਾਲਾ, ਮੋਹਾਲੀ ਵਰਗੇ ਸ਼ਹਿਰਾਂ ਵਿਚ ਪ੍ਰਦੂਸ਼ਿਤ ਪਾਣੀ ਤੋਂ ਹੋਣ ਵਾਲੀਆਂ ਬੀਮਾਰੀਆਂ ਵੱਡੀ ਪੱਧਰ ਉੱਤੇ ਸਾਹਮਣੇ ਆ ਰਹੀਆਂ ਹਨ। ਹੁਸ਼ਿਆਰਪੁਰ, ਨਵਾਂ ਸ਼ਹਿਰ ਵਿਚ ਧਰਤੀ ਹੇਠਲੇ ਪਾਣੀ ਵਿਚ ਸੀਲੀਨੀਅਮ ਦਾ ਵਾਧਾ ਦਿਸਣ ਲੱਗ ਪਿਆ ਹੈ ਜਦਕਿ ਅੰਮ੍ਰਿਤਸਰ, ਗੁਰਦਾਸਪੁਰ, ਹੁਸ਼ਿਆਰਪੁਰ, ਕਪੂਰਥਲਾ ਤੇ ਰੋਪੜ ਵਿਚ ਆਰਸੈਨਿਕ ਦਾ ਵਾਧਾ ਹੋਇਆ ਹੈ। ਬਠਿੰਡਾ, ਫਿਰੋਜ਼ਪੁਰ, ਮਾਨਸਾ ਤੇ ਪਟਿਆਲਾ ਵਿਚ ਫਲੋਰਾਈਡ ਦੀ ਮਾਤਰਾ ਵੱਧ ਹੋ ਚੁੱਕੀ ਹੈ। ਗੁਰਦਾਸਪੁਰ, ਨਵਾਂ ਸ਼ਹਿਰ, ਹੁਸ਼ਿਆਰਪੁਰ, ਪਟਿਆਲਾ, ਰੋਪੜ ਤੇ ਮੋਗਾ ਵਿਚ ਜ਼ਮੀਨ ਹੇਠਲੇ ਪਾਣੀ ਵਿਚ ਐਲਮੀਨੀਅਮ ਵੱਧ ਚੁੱਕਿਆ ਹੈ। ਫਿਰੋਜ਼ਪੁਰ, ਮੋਗਾ, ਬਰਨਾਲਾ, ਬਠਿੰਡਾ ਤੇ ਸੰਗਰੂਰ ਵਿਚ ਯੂਰੇਨੀਅਮ ਦਾ ਵਾਧਾ ਦਿੱਸਣ ਲੱਗ ਪਿਆ ਹੈ। ਆਈ.ਸੀ.ਐਮ.ਆਰ. ਵੱਲੋਂ ਕੀਤੀ ਖੋਜ ਰਾਹੀਂ ਇਹ ਸਭ ਸਾਬਤ ਹੋਇਆ ਹੈ ਜਿਸ ਨਾਲ ਪੰਜਾਬ ਵਿਚ ਕੈਂਸਰ ਦੇ ਮਰੀਜ਼ਾਂ ਦਾ ਵਾਧਾ ਹੋ ਕੇ 30.5 ਪ੍ਰਤੀ ਲੱਖ ਪਹੁੰਚ ਗਿਆ ਹੈ ਜਦਕਿ ਬਠਿੰਡਾ ਤੇ ਮੁਕਤਸਰ ਵਿਚ ਇਹ ਅੰਕੜਾ 75 ਪ੍ਰਤੀ ਲੱਖ ਹੈ। ਇਹ ਸਭ ਕੁੱਝ ਜਾਣ ਕੇ ਕੀ ਹਾਲੇ ਵੀ ਕੋਈ ਜਾਗਣਾ ਚਾਹੇਗਾ ? ਪਾਣੀ ਦੀ ਘਾਟ ਦਾ ਖ਼ਤਰਾ ਸਾਡੇ ਸਿਰ ਉੱਤੇ ਮੰਡਰਾ ਰਿਹਾ ਹੈ ਤੇ ਸਾਨੂੰ ਅਗਾਊਂ ਆਉਣ ਵਾਲੀ ਦਰਦਨਾਕ ਮੌਤ ਦਾ ਸੁਣੇਹਾ ਦੇ ਰਿਹਾ ਹੈ। ਦੂਜੇ ਪਾਸੇ ਪ੍ਰਦੂਸ਼ਿਤ ਧਰਤੀ ਹੇਠਲਾ ਪਾਣੀ ਸਾਡੀਆਂ ਪੁਸ਼ਤਾਂ ਨੂੰ ਨੇਸਤਾ ਨਾਬੂਦ ਕਰਨ ਨੂੰ ਤਿਆਰ ਬੈਠਾ ਹੈ ! ਕੀ ਅਸੀਂ ਪੰਜਾਬ ਨੂੰ ਮੋਇੰਜੋਦੜੋ ਵਿਚ ਤਬਦੀਲ ਹੋਣ ਦੀ ਉਡੀਕ ਕਰ ਰਹੇ ਹਾਂ ?

# ਲੰਗਰ ਚੋਰ

(ਵਿਅੰਗ)

ਕਈ ਮਹੀਨਿਆਂ ਤੋਂ ਮੀਂਹ ਨਾ ਪੈਣ ਕਰਕੇ ਦੂਰ ਦੂਰ ਤੱਕ ਸੋਕੇ ਵਰਗੇ ਹਾਲਾਤ ਬਣੇ ਹੋਏ ਸਨ। ਨਰਮੇਂ, ਕਪਾਹਾਂ, ਝੋਨੇ ਅਤੇ ਪਸ਼ੂਆਂ ਵਾਸਤੇ ਬੀਜਿਆ ਹਰਾ ਚਾਰਾ ਵੀ ਮੀਂਹ ਬਿਨਾਂ ਦਿਨ ਵੇਲੇ ਕੁਮਲਾਕੇ ਇਉਂ ਦਿਖਾਈ ਦੇਣ ਲੱਗ ਪੈਂਦਾ ਸੀ ਜਿਵੇਂ ਲਾਜਵੰਤੀ ਦਾ ਬੂਟਾ ਹੱਥ ਲਾਇਆਂ ਸਿਰ ਸੁੱਟ ਜਾਂਦਾ। ਮੀਂਹ ਦੀ ਘਾਟ ਕਰਕੇ ਨਹਿਰੀ ਪਾਣੀ ਵੀ ਚਿਰ ਪਿੱਛੋਂ ਗੇੜਾ ਮਾਰਦਾ ਅਤੇ ਫਸਲਾਂ ਅੱਧ-ਪਚੱਧ ਜਿਹੀਆਂ ਗਿੱਲੀਆਂ ਸੁੱਕੀਆਂ ਕਰਕੇ ਛੇਤੀ ਹੀ ਬੰਦ ਹੋ ਜਾਂਦਾ। ਦੂਰ ਦੂਰ ਤੱਕ ਪਿੰਡਾਂ ਵਾਲੇ, ਪਿੰਡ, ਪਿੰਡ ਅਖੰਡ ਪਾਠਾਂ ਦੇ ਭੋਗ ਪਾ ਰਹੇ ਸਨ ਤੇ ਇੰਦਰ ਦੇਵਤੇ ਨੂੰ ਖ਼ੁਸ਼ ਕਰਨ ਵਾਸਤੇ ਮਿੱਠੇ ਚੌਲਾਂ ਦੇ ਜੱਗ ਕਰ ਰਹੇ ਸਨ ਤਾਂ ਕਿ ਵਾਰਸ਼ਾਂ ਹੋ ਜਾਣ।

ਸੱਥ 'ਚ ਬੈਠਾ ਸੀਤਾ ਮਰਾਸੀ ਚੋਰ ਅੱਖ ਨਾਲ ਬਾਬੇ ਜੁਆਲਾ ਸਿਉਂ ਦੇ ਕੂਹਣੀ ਮਾਰਕੇ ਸੱਥ ਕੋਲ ਦੀ ਲੰਘੇ ਜਾਂਦੇ ਵੇਹੜੇ ਵਾਲੇ ਤਿੰਨ ਚਾਰ ਬੰਦਿਆਂ ਵੱਲ ਇਸ਼ਾਰਾ ਕਰਕੇ ਕੰਨ 'ਚ ਘੁਸਰ ਘੁਸਰ ਜੀ ਬੋਲ ਕੇ ਕਹਿੰਦਾ,

ਬਾਬਾ ! ਆਹ ਵੇਖ ਯਾਰ ਵੇਹੜੇ ਆਲਿਆਂ ਨੇ ਕੀ ਸ਼ਰਮ ਲਾਹੀ ਐ। ਕੰਨੂਆਂ ਦੀ ਪੱਤੀ ਆਲਿਆਂ ਨੇ ਅੱਜ ਚੌਲਾਂ ਦਾ ਜੱਗ ਕੀਤਾ। ਇਨ੍ਹਾਂ ਦਾ ਤੀਜਾ ਚੌਥਾ ਗੇੜਾ। ਗੇੜੇ ਨਾਲ ਜਾਂਦੇ ਐ, ਚੌਲਾਂ ਦੇ ਡੋਲੂ ਭਰਾ ਲਿਆਉਂਦੇ ਐ, ਗੇੜੇ ਨਾਲ ਜਾਂਦੇ ਐ, ਥਾਲ ਭਰਾ ਲਿਆਉਂਦੇ ਐ। ਇਹ ਜੱਗ ਦਾ ਲੰਗਰ ਤਾਂ ਬਾਬਾ ਓਥੇ ਈ ਬਹਿ ਕੇ ਖਾਣ ਆਲਾ ਹੁੰਦਾ ਜਿੱਥੇ ਜੱਗ ਦਾ ਲੰਗਰ ਵਰਤਦਾ ਹੋਵੇ। ਇਹ ਬਸ਼ਰਮ ਟੋਲਾ ਕੀੜੀਆਂ ਆਂਗੂ ਚੌਲ ਘਰੇ ਢੋਣ 'ਚ ਲੱਗਿਆ ਪਿਆ।

ਮਰਾਸੀ ਤੋਂ ਗੱਲ ਸੁਣ ਕੇ ਬਾਬੇ ਜੁਆਲਾ ਸਿਉਂ ਨੇ ਬੜਾ ਦੁੱਖ ਮੰਨਿਆਂ। ਕਹਿੰਦਾ,

ਸੀਤਾਂ ਸਿਆਂ ! ਜੇ ਭਾਂਡੇ ਦਾ ਮੂੰਹ ਖੁੱਲ੍ਹਾ, ਕੁੱਤੇ ਨੂੰ ਤਾਂ ਸ਼ਰਮ ਚਾਹੀਦੀ ਐ।

ਸੱਥ ਕੋਲ ਸਾਇਕਲ ਲਈ ਖੜ੍ਹਾ ਤੇਲੀਆਂ ਦਾ ਸਾਧਾ ਕਹਿੰਦਾ,

ਨਾਲੇ ਸਾਰਾ ਟੱਬਰ, ਸਣੇ ਜੁਆਕ ਜੱਲੇ ਓੱਥੇ ਖਾ ਕੇ ਆਏ ਐ।

ਬਾਬੇ ਨੇ ਐਨਕ ਲਾਹ ਕੇ ਅੱਖਾਂ ਦਾ ਪਾਣੀ ਸਾਫ ਕਰਦੇ ਨੇ ਪੁੱਛਿਆ,

ਇਹ ਕਿਹੜੇ ਕਿਹੜੇ ਸੀ ਸਾਧਾ ਸਿਆਂ ਆਹ ਜਿਹੜੇ ਹੁਣ ਨੰਗੇ ਐ ?

ਨਾਥੇ ਅਮਲੀ ਨੇ ਵੀ ਤੋੜੀ ਫਿਰ ਚੁੱਪ। ਬਾਬੇ ਨੂੰ ਕਹਿੰਦਾ, ਰਹਿਣ ਦੇ ਬਾਬਾ ਪੁੱਛਣ ਨੂੰ ਤੂੰ। ਤੂੰ ਕੀ ਲੈਣਾ ਪੁੱਛ ਕੇ ? ਐਮੇਂ ਗੱਲ ਗਾਹਾਂ ਹੋ ਜਾਂਦੀ ਐ ਫੇਰ ਸਿਆਪੇ ਨੂੰ ਥਾਂ ਖੜ੍ਹਾ ਹੋਊ।

ਬਾਬੇ ਨੇ ਵੀ ਅਮਲੀ ਨੂੰ ਕੰਡੇ 'ਚ ਈ ਜਵਾਬ ਦਿੱਤਾ,

ਸਿਆਪੇ ਨੂੰ ਗਾਹਾਂ ਕਿਤੇ ਕਲੇਸੀਆਂ ਦਾ ਲਾਣਾ ਇਹੇ ਬਈ ਹੜਤਾਲ ਕਰਕੇ ਬਹਿ ਜਾਣਗੇ। ਬਾਹਲ਼ਾ ਕੋਈ ਔਖਾ ਹੋਊ ਤਾਂ ਮਾਰ ਕੇ ਤਲੈਂਬੜ ਗਰੂਨੇ ਦਿਆਂਗੇ ਗੱਡ, ਆਪੇ ਮਗਰੋਂ ਕੁਸ ਹੁੰਦਾ ਫਿਰੇ।

ਬਾਬੇ ਦੀ ਤੜ੍ਹ ਸੁਣਕੇ ਨਾਥਾ ਅਮਲੀ ਕਹਿੰਦਾ, ਲੈ ਸੁਣ ਲੈ ਫਿਰ, ਇੱਕ ਤਾਂ ਸੋਡੇ ਸੀਰੀ ਦਾ ਪਿਉ ਐ ਗੇਬੂ। ਦੂਜਾ ਭੀਚੇ ਵਪਾਰੀ ਕਾ ਬੁੜ੍ਹਾ ਤੇ ਨਾਲ ਜੱਲ੍ਹੇ ਕਾ ਸੰਤੂ ਐ। ਹੋਰ ਪੁੱਛਣੈਂ ਕੁਸ ?

ਸੀਤਾ ਮਰਾਸੀ ਕਹਿੰਦਾ, ਇੱਕ ਬੂਟੀ ਸਾਧ ਵੀ ਐ ਨਾਲ। ਗੱਲ ਸੁਣ ਕੇ ਬਾਬਾ ਨਿਮੋ ਝੂਣਾ ਜਾ ਹੋ ਕੇ ਬੋਲਿਆ ਜਿਵੇਂ ਤੌੜੇ 'ਚ ਤਾੜਿਆ ਭੂੰਡ ਸਿਠਣੀਆਂ ਗਾਉਂਦਾ ਹੋਵੇ। ਕਹਿੰਦਾ, ਛੱਡੋ ਯਾਰ ਇਨ੍ਹਾਂ ਦੀ ਕੀ ਗੱਲ ਕਰਨੀ ਐਂ। ਇਨ੍ਹਾਂ ਦਾ ਤਾਂ ਕੰਮ ਈਂ ਇਹੋ ਐਂ। ਮੁੰਡੇ ਤਾਂ ਜੱਟਾਂ ਨਾਲ ਫਾਹੇ ਦਿੱਤੇ ਵੇ ਐ, ਆਪ ਸਾਲੇ ਵੇਹਲਪੁਣੇ 'ਤੇ ਹੋ ਗੇ।

ਸੰਤੋਖੇ ਨੰਬਰਦਾਰ ਨੇ ਬਾਬੇ ਦੀ ਢਿੱਲੀ ਜਿਹੀ ਆਵਾਜ਼ ਸੁਣਕੇ ਪੁੱਛਿਆ, ਕਿਉਂ ! ਜੁਆਲਾ ਸਿਆਂ, ਹੁਣ ਕਿਉਂ ਇਉਂ ਬੋਲਿਐਂ ਜਿਮੇਂ ਖੇਡਾ ਪਾਉਣ ਵੇਲੇ ਬਾਂਦਰੀ ਨੂੰ ਬਾਂਦਰ ਘੁਰਕਦਾ ਹੁੰਦਾ।

ਬਾਬਾ ਫੇਰ ਬੋਲਿਆ, ਸੱਚੀ ਗੱਲ ਤਾਂ ਨੰਬਰਦਾਰਾ ਸੱਚੀ ਓ ਈ ਹੁੰਦੀ ਐ।

ਨਾਥੇ ਅਮਲੀ ਨੇ ਵੀ ਲਿਆ ਫਿਰ ਬਾਬੇ ਦੇ ਝੱਗੇ ਦਾ ਮੇਚ। ਕਹਿੰਦਾ,

ਬਾਬਾ ! ਇਨ੍ਹਾਂ ਦਾ ਤਾਂ ਤੈਨੂੰ ਪਤਾ ਲੱਗ ਗਿਆ ਬਈ ਵੇਹੜੇ ਆਲੇ ਪੰਜਾਂ ਚੌਹਾਂ ਦਾ ਇਹੀ ਕੰਮ ਐਂ, ਤੇ ਆਹ ਜਿਹੜੇ ਆਪਣੇ ਗੁਰਦੁਆਰਿਆਂ 'ਚ ਕੰਮ ਹੁੰਦੇ ਐ ਉਨ੍ਹਾਂ ਦੀ ਕੋਈ ਗੱਲ ਈ ਨ੍ਹੀ ਕਰਦਾ।

ਬਾਬੇ ਨੇ ਅਮਲੀ ਨੂੰ ਪੁੱਛਿਆ, ਕਿਹੜੇ ਕੰਮ ਬਈ ?

ਅਮਲੀ ਗੱਲ ਦੱਸਣ ਨੂੰ ਹੋ ਗਿਆ ਫਿਰ ਪੰਜ ਪੌਣ 'ਤੇ। ਕਹਿੰਦਾ,

ਗੁਰਦੁਆਰਿਆਂ 'ਚੋਂ ਦਾਲ ਸਬਜੀਆਂ, ਲੱਡੂ, ਜਲੇਬੀਆਂ ਤੇ ਰੋਟੀਆਂ ਵੀ ਲੋਕ ਘਰ ਨੂੰ ਲੈ ਜਾਂਦੇ ਐ ਭਰ ਭਰ ਫਲਾਫੇ। ਉਹ ਤਾਂ ਚੱਲ ਜੱਗ ਦੇ ਚੌਲ ਈ ਸੀ, ਇਹ ਆਪਣੇ ਲੋਕ ਤਾਂ ਗੁਰਦੁਆਰਿਆਂ ਨੂੰ ਵੀ ਨ੍ਹੀ ਬਖਸ਼ਦੇ। ਆਹ ਕਰਤਾਰੇ ਲੜਾਕੇ ਕਾ ਸਾਧੂ, ਇਹ ਪਤੰਦਰ ਗੁਰਦੁਆਰੇ ਜਾਊ, ਉੱਥੋਂ ਸਬਜੀ ਦਾ ਡੋਲੂ ਭਰਕੇ ਘਰ ਨੂੰ ਲੈ ਜਾਂਦਾ। ਜਿੱਦੇਂ ਮੁੱਕ ਜਾਂਦੀ ਐ, ਫੇਰ ਹੋਰ ਸਬਜੀ ਲੈ ਜਾਂਦਾ, ਮੈਨੂੰ ਲੱਗਦੈ, ਇਨ੍ਹਾਂ ਨੇ ਕਦੇ ਦਾਲ ਸਬਜੀ ਘਰੇ ਬਣਾਈ ਈ ਨ੍ਹੀ ਹੋਣੀ।

ਅਮਲੀ ਦੀ ਗੱਲ ਸੁਣ ਕੇ ਮੁਕੰਦਾ ਬੁੜ੍ਹਾ ਹੱਸ ਕੇ ਕਹਿੰਦਾ, ਵਾਹ ਓਏ ਮਾਂ ਦਿਆ ਪੁੱਤਾ ! ਨਾਂ ਰਖਾ ਲਿਆ ਸਾਧੂ ਤੇ ਕੰਮ ਚੋਰਾਂ ਡਕੈਤਾਂ ਆਲੇ।

ਅਮਲੀ ਫੇਰ ਬੁੜ੍ਹਕਿਆ ਰਬੜ ਦੀ ਗੇਂਦ ਵਾਂਗੂੰ। ਮੁਕੰਦੇ ਬੁੜ੍ਹੇ ਨੂੰ ਕਹਿੰਦਾ,

ਤਾਇਆ, ਤਾਇਆ ! 'ਕੱਲ੍ਹੇ ਸਾਧੂ ਨੂੰ ਕੀ ਰੋਨੈਂ, ਵਜੀਰੀ ਕੇ ਗੋਸ਼ੇ ਦੀ ਸੁਣ ਲੈ। ਵਜੀਰੀ ਕੇ ਗੋਸ਼ੇ ਨੇ ਇੱਕ ਦਿਨ ਗੁਰਦੁਆਰਿਉਂ ਕੜ੍ਹੀ ਦਾ ਡੋਲੂ ਭਰ ਕੇ ਲੰਗਰ ਹਾਲ 'ਚ ਲਕੋ ਕੇ ਰੱਖ 'ਤਾ ਬਈ ਘਰ ਨੂੰ ਜਾਂਦਾ ਲੈ ਜੂੰ। ਉੱਥੇ ਕਿਸੇ ਨੇ ਡੋਲੂ ਰੱਖਦੇ ਨੂੰ ਵੇਖ ਲਿਆ। ਜਦੋਂ ਗੋਸ਼ਾ ਐਧਰ ਓਧਰ ਹੋਇਆ ਤਾਂ ਜੀਹਨੇ ਗੋਸ਼ੇ ਨੂੰ ਡੋਲੂ ਲਕੋਂਦੇ ਨੂੰ ਵੇਖਿਆ ਸੀ, ਉਹਨੇ ਕੜ੍ਹੀ ਆਲਾ ਡੋਲੂ ਚੱਕਿਆ, ਉਹਦੇ 'ਚੋਂ ਕੜ੍ਹੀ ਕੱਢ ਕੇ ਡੋਲੂ ਰਹਿੰਦ ਖੂੰਧ ਪਕੌੜਿਆਂ, ਚਾਹ ਤੇ ਹੋਰ ਜੂਠੇ ਛੱਡੇ ਵੇ ਅੰਨ ਨਾਲ ਤੁੰ-ਤੁੰਨ ਕੇ ਭਰ ਕੇ ਉਸੇ ਥਾਂ ਈ ਰੱਖ 'ਤਾ। ਜਦੋਂ ਗੋਸ਼ਾ ਘਰ ਨੂੰ ਜਾਣ ਲੱਗਿਆਂ ਤਾਂ ਉਹਨੇ ਡੋਲੂ ਚੱਕਿਆ ਤੇ ਨਾਲ ਗੰਤੇ ਕੇ ਕੀੜੂ ਨੂੰ ਲੈ ਗਿਆ ਘਰੇ। ਕੀੜੂ ਨੂੰ ਕਹਿੰਦਾ 'ਆ ਜਾ ਘਰੇ ਜਾ ਕੇ ਖਾਮਾਂਗੇ ਰੋਟੀ। ਆਹ ਵੇਖ ਕੜ੍ਹੀ ਲਿਆਂਦੀ ਐ ਗੁਰਦੁਆਰਿਉਂ। ਚੱਲ ਕੇ ਚੰਗਾ ਤੜਕਾ ਤੁੜਕਾ ਲਾ ਕੇ ਖਾਨੇ ਆਂ'। ਕੀੜੂ ਦੱਸੇ, ਕਹਿੰਦਾ 'ਗੋਸ਼ਾ ਆਵਦੀ ਘਰ ਆਲੀ ਨੂੰ ਡੋਲੂ ਫੜਾਕੇ ਕਹਿੰਦਾ, ਆਹ ਲੈ ਕੜ੍ਹੀ, ਚੰਗਾ ਅਦਰਕ ਉਦਰਕ ਪਾ ਕੇ ਵਧੀਆ ਤੜਕਾ ਤੁੜਕਾ ਲਾ ਕੇ ਬਣਾ'। ਘਰ ਆਲੀ ਨੇ ਚੰਗਾ ਸਮਾਨ ਸਮੂਨ ਪਾ ਕੇ ਮਸਾਲਾ ਮਸੂਲਾ ਭੁੰਨ ਕੇ ਜਦੋਂ ਡੋਲੂ 'ਚੋਂ ਕੜ੍ਹੀ ਕੱਢਣ ਲੱਗੀ ਤਾਂ ਡੋਲੂ 'ਚੋਂ ਉਹੀ ਕੁਝ ਨਿੱਕਲਣਾ ਸੀ ਜਿਹੜੀ ਰਹਿੰਦ ਖੂੰਦ ਜੂਠ ਕਿਸੇ ਨੇ ਡੋਲੂ 'ਚ ਪਾਈ ਸੀ। ਜਦੋਂ ਉਹਦੇ ਘਰ ਆਲੀ ਨੇ ਵੇਖਿਆ ਬਈ ਇਹ ਤਾਂ ਕੜ੍ਹੀ ਛੱਡ ਕੜ੍ਹਾ ਬਣਿਆ ਪਿਆ ਤਾਂ ਉਹ ਗੋਸ਼ੇ ਨੂੰ ਕਹਿੰਦੀ, 'ਇਹ ਕੜ੍ਹੀ ਐ ਕੁ ਕੋਈ ਹੋਰ ਰਲ਼ੀ ਮਿਲ਼ੀ ਦਾਲ ਭਾਜੀ ਐਂ' ? ਅਕੇ ਗੋਸ਼ਾ ਕਹਿੰਦਾ, 'ਡੋਲੂ 'ਚੋਂ ਬਾਹਰ ਤਾਂ ਵੇਖ ਕੱਢ ਕੇ, ਸਾਡਾ ਤਾਂ ਗੁਰਦੁਆਰੇ ਕੜ੍ਹੀ ਬਣਾਉਂਦਿਆਂ ਦਾ ਸਾਰਾ ਜੋਰ ਲੱਗ ਗਿਆ, ਮਖਿਆ ਚੱਲ ਤੜਕਾ ਘਰੇ ਜਾ ਕੇ ਲਾ ਲਾਂ ਗੇ। ਡੋਲੂ ਮੈਂ ਕੜ੍ਹੀ ਦਾ ਭਰ ਕੇ ਲਿਆਂਦਾ। ਤੂੰ ਕਹੀ ਜਾਨੀ ਐਂ ਕੜ੍ਹਾ ਇਹੇ'। ਉਹ ਕਹਿੰਦੀ 'ਤੜਕਾ ਲਾਉਣ ਵਾਸਤੇ ਮੈਂ ਤਾਂ ਮਸਾਲਾ ਚੰਗੀ ਤਰਾਂ ਭੁੰਨੀ ਬੈਠੀ ਆਂ ਪਰ ਇਹ ਕੜ੍ਹੀ ਤਾਂ ਨ੍ਹੀ ਇਹ ਤਾਂ ਹੋਰ ਈ ਕੁਸ ਐ ਜਿਮੇਂ ਅਣਰਿੱਝੀ ਜੀ ਖਿੱਚੜੀ ਹੁੰਦੀ ਐ। ਕੜ੍ਹੀ ਕੁੜ੍ਹੀ ਨ੍ਹੀ ਇਹੇ, ਮੈਨੂੰ ਤਾਂ ਇਉਂ ਲੱਗਦੈ ਜਿਮੇਂ ਤੂੰ ਡੋਲੂ ਈ ਕਿਸੇ ਹੋਰ ਦਾ ਚੱਕ ਲਿਆਇਐਂ ਤੂੰ'। ਜਦੋਂ ਗੋਸ਼ੇ ਨੇ ਵੇਖਿਆ ਬਈ ਇਹ ਤਾਂ ਕੁਸ ਹੋਰ ਈ ਹੋ ਗਿਆ ਤਾਂ ਕੀੜੂ ਗੋਸ਼ੇ ਨੂੰ ਕਹਿੰਦਾ 'ਇਹ ਤਾਂ ਗੋਸ਼ਾ ਸਿਆਂ ਹੀਰ ਨੂੰ ਸੈਦਾ ਖੇੜਾ ਈ ਵਿਆਹ ਕੇ ਲੈ ਗਿਆ ਲੱਗਦਾ'। ਗੋਸ਼ਾ ਕੀੜੂ ਨੂੰ ਕਹਿੰਦਾ 'ਯਾਰ ਪਤਾ ਤਾਂ ਕਰੀਏ ਇਹ ਕੰਮ ਕੀਤਾ ਕੀਹਨੇ ਐਂ' ? ਅਕੇ ਕੀੜੂ ਕਹਿੰਦਾ 'ਸੁੰਨੀਆਂ ਖੱਡਾਂ 'ਚ ਹੱਥ ਪਾ ਕੇ ਕੀ ਛੁਣਛਣਾਂ ਥਿਆਉਣੈ। ਜਿਹੋ ਜਾ ਕੰਮ ਤੂੰ ਕੀਤਾ, ਉਹੋ ਜਾ ਤੇਰੇ ਨਾਲ ਹੋ ਗਿਆਂ'। ਕਹਿੰਦੇ ਘਰ ਆਲੀ ਨੇ ਗੋਸ਼ੇ ਦੀ ਬੇਜਤੀ ਕੀਤੀ, ਰਹੇ ਰੱਬ ਦਾ ਨਾਂ।

ਸੀਤਾ ਮਰਾਸੀ ਕਹਿੰਦਾ, ਐਥੇ ਵੱਡੀਆਂ ਵੱਡੀਆਂ ਗੱਲਾਂ ਮਾਰੂ ਜਿਮੇਂ ਕੈਰੋਂ ਦਾ ਸਾਲਾ ਹੁੰਦਾ। ਫੇਰ ਪਿੱਛਲੀਆਂ ਗੱਲਾਂ ਇਉਂ ਦੱਸੂ ਜਿਮੇਂ ਹਰੇਕ ਥਾਂ ਆਪ ਈ ਖੜ੍ਹਾ ਹੁੰਦਾ ਰਿਹਾ। ਫਲਾਨੇ ਥਾਂ ਇਉਂ ਹੋਇਆ ਫਲਾਨੇ ਵੇਲੇ ਆਹ ਹੋਇਆ, ਧਿਉਂਕੇ ਵੇਲੇ ਆਹ ਹੋਇਆ।

ਨਾਥਾ ਅਮਲੀ ਕਹਿੰਦਾ, ਪਤੰਦਰੋ ਇੱਕ ਨੂੰ ਈਂ ਲੱਗੇ ਪਏ ਐਂ, ਹੋਰ ਵੀ ਕਈ ਐ ਇਹੇ ਜੇ ਗੁਰਦੁਆਰਿਆਂ 'ਚੋਂ ਲੰਗਰ ਪਾਣੀ ਘਰੇ ਲਜਾਣ ਆਲੇ। ਉਨ੍ਹਾਂ ਦਾ ਨਾਂਅ ਵੀ ਜਪ ਲੋ।

ਬਾਬੇ ਜੁਆਲਾ ਸਿਉਂ ਨੇ ਪੁੱਛਿਆ, ਹੋਰ ਕਿਹੜੇ ਐ ਅਮਲੀਆ ਓਏ ?

ਅਮਲੀ ਕਹਿੰਦਾ, ਆਹ ਮਾਈ ਰੇਲੋ ਵੀ ਇਹੋ ਜੀ ਓ ਈ ਐ। ਕੰਮ ਧੰਦਾ ਕਿਤੇ ਹੋਰ ਕਰਦੀ ਐ, ਆਥਣੇ ਦਾਲ ਭਾਜੀ ਦਾ ਡੱਬਾ ਜਾ ਗੁਰਦੁਆਰਿਓਂ ਭਰ ਕੇ ਲੈ ਜੂ। ਇਹਦਾ ਵੀ ਨਿੱਤ ਦਾ ਈ ਕੰਮ ਐਂ

ਸੀਤਾ ਮਰਾਸੀ ਕਹਿੰਦਾ, ਨੀਲੇ ਜੇ ਢੱਕਣ ਆਲਾ ਪੀਲਾ ਜਾ ਡੱਬਾ ਭਰ ਕੇ ਲਜਾਂਦੀ ਐ। ਮੁਕੰਦਾ ਬੁੜ੍ਹਾ ਕਹਿੰਦਾ, ਜੁਆਲਾ ਸਿਆਂ ! ਕਿੱਡੀ ਘਟੀਆ ਗੱਲ ਐ ਯਾਰ ਇਹੇ। ਗੁਰਦੁਆਰੇ ਦੇ ਲੰਗਰ 'ਚ ਸੇਵਾ ਤਾਂ ਕੀ ਪਾਉਣੀ ਐਂ ਇੰਨ੍ਹਾਂ ਨੇ, ਸਗੋਂ ਲੰਗਰ ਘਰੇ ਢੋਣ 'ਤੇ ਲੱਗੇ ਵੇ ਐ। ਬਈ ਚਲੋ ਤੁਸੀਂ ਗੁਰੂ ਘਰ ਆਉਣੇ ਐਂ, ਲੰਗਰ ਬਣਿਆਂ ਵਿਆ, ਏਥੇ ਬਹਿ ਕੇ ਛਕ ਲੋ, ਛਕਣ ਵਾਸਤੇ ਈ ਬਣਿਆਂ ਵਿਆ। ਸਾਲਿਓ ਘਰੇ ਕਿਉਂ ਢੋਈ ਜਾਨੇਂ ਐਂ। ਬਾਬਾ ਜੁਆਲਾ ਸਿਉਂ ਕਹਿੰਦਾ, ਇਹ ਕੰਮ ਰੋਕਣਾ ਚਾਹੀਦਾ ਯਾਰ। ਨਾਥਾ ਅਮਲੀ ਕਹਿੰਦਾ, ਰੋਕੇ ਕਿਹੜਾ। ਜੇ ਕਿਸੇ ਨੂੰ ਕਹਿਨੇਂ ਆਂ ਬਈ ਘਰੇ ਕਿਉਂ ਲਜਾਨੇਂ ਐਂ ਤਾਂ ਅਗਲਾ ਮੂਹਰੋਂ ਗਲ਼ ਪੈਂਦਾ। ਤਾਹੀਓਂ ਕੋਈ ਛੇੜ ਕੇ ਨ੍ਹੀ ਰਾਜੀ। ਕਹਿੰਦੇ ਆਪਾਂ ਕੀ ਲੈਣਾ। ਸੰਤੇ ਕਾ ਬਿੱਲੂ ਕਹਿੰਦਾ, ਜਿਮੇਂ ਗੋਸ਼ੇ ਨਾਲ ਕੀਤੀ ਸੀ ਮਾਈ ਰੇਲੋ ਨਾਲ ਵੀ ਇਉਂ ਈ ਕਰੋ। ਇਹ ਵੀ ਫੇਰ ਈ ਹਟੂ। ਸੀਤਾ ਮਰਾਸੀ ਕਹਿੰਦਾ, ਕੀਹਦੇ ਕੀਹਦੇ ਨਾਲ ਕਰੀ ਜਾਉਂਗੇ। ਏਥੇ ਤਾਂ ਹੋਰ ਵੀ ਕਈ ਇਹੋ ਜੇ ਈ ਐ ਜਿਹੜੇ ਗੁਰੂ ਘਰੋਂ ਲੰਗਰ ਘਰ ਨੂੰ ਸਾਰੇ ਟੱਬਰ ਵਾਸਤੇ ਲੈ ਕੇ ਜਾਂਦੇ ਐ। ਨਾਥਾ ਅਮਲੀ ਕਹਿੰਦਾ, ਪਹਿਲਾਂ ਰੇਲੋ ਮਾਈ ਦੀ ਤਾਂ ਪੂਛ ਚਕਾਉ, ਫੇਰ ਦੂਜਿਆਂ ਦੀ ਵੀ ਬਾਰਾਂ ਡੀਟ੍ਹੀ ਝੁੱਕੀ ਜਾਊ। ਸੀਤਾ ਮਰਾਸੀ ਕਹਿੰਦਾ, ਗੋਸ਼ੇ ਨਾਲ ਤਾਂ ਯਾਰ ਚੰਗੀ ਹੋਈ। ਸਾਲੇ ਨੇ ਕੜ੍ਹੀ ਦਾ ਡੋਲੂ ਇਉਂ ਭਰ ਕੇ ਲਕੋ ਲਿਆ ਜਿਮੇਂ ਕਿਤੇ ਕੜ੍ਹੀ ਵੇਖੀ ਈ ਨ੍ਹੀ ਹੁੰਦੀ। ਨਾਥਾ ਅਮਲੀ ਕਹਿੰਦਾ, ਏਸੇ ਕੰਮ ਨੂੰ ਤਾਂ ਗੁਰੂ ਘਰ ਆਉਂਦਾ ਉਹੋ, ਹੋਰ ਤੂੰ ਕਿਤੇ ਕਿਹਾ ਬਈ ਰੌਲ ਲਾਉਣ ਆਉਂਦੈ। ਗੱਲਾਂ ਕਰਦਿਆਂ ਕਰਦਿਆਂ ਬਾਬੇ ਫੰਗਣ ਸਿਉਂ ਦਾ ਪੋਤਾ ਸੱਥ 'ਚ ਬੈਠੇ ਸੰਤੋਖੇ ਨੰਬਰਦਾਰ ਨੂੰ ਆ ਕੇ ਕਹਿੰਦਾ, ਚਾਚਾ ਜੀ ! ਸੋਨੂੰ ਸਾਰਿਆਂ ਨੂੰ ਗੁਰਦੁਆਰੇ ਸੱਦਿਆ, ਕੋਈ ਦਾਲ ਦੂਲ ਦਾ ਰੌਲਾ ਪਿਆ ਵਿਆ। ਗੁਰਦੁਆਰਾ ਸਾਹਿਬ ਤੋਂ ਆਇਆ ਸੁਨੇਹਾ ਸੁਣ ਕੇ ਸੱਥ ਵਾਲੇ ਸਾਰੇ ਹੀ ਗੁਰਦੁਆਰਾ ਸਾਹਿਬ ਨੂੰ ਚੱਲ ਪਏ।

# ਮੇਲਾ ਛਪਾਰ ਲੱਗਦਾ

ਛਪਾਰ ਦੇ ਮੇਲੇ ਦੀਆਂ ਉਡਦੀਆਂ ਧੂੜਾਂ ਵਿਚ ਇਕ ਪਾਸੇ ਢੋਲਾਂ ਦੀ ਕੜਕੁੱਟ ਵਿਚ ਲੋਕ ਮਾੜੀ ਉੱਤੇ ਮਿੱਟੀ ਕੱਢਦੇ, ਗੁੱਗੇ ਪੀਰ ਨੂੰ ਧਿਆਉਂਦੇ ਹਨ, ਦੂਜੇ ਪਾਸੇ ਹਿਣਕਦੇ ਟੱਟੂਆਂ ਤੇ ਮਿਆਂਕਦੀਆਂ ਬੱਕਰੀਆਂ ਦੇ ਇੱਜੜਾਂ ਵਿਚਕਾਰ ਜੁੜੇ ਭਾਰੇ ਇਕੱਠ ਵਿਚ ਟੇਢੀਆਂ ਪੱਗਾਂ ਤੇ ਲਮਕਦੇ ਲੜਾਂ ਵਾਲੇ ਮਲਵਈ ਗੱਭਰੂਆਂ ਦੀ ਢਾਣੀ ਜੁੜੀ ਨਜ਼ਰ ਆਉਂਦੀ ਹੈ। ਢੋਲਕ ਦੀ ਤਾਲ 'ਤੇ ਖੜਕਦੇ ਚਿਮਟਿਆਂ, ਖੜਤਾਲਾਂ, ਸੱਪਾਂ ਤੇ ਘੁੰਗਰੂਆਂ ਵਿਚੋਂ ਉਭਰਦੀ ਇਕ ਉੱਚੀ ਸੁਰ ਸਾਰੇ ਦਾਇਰੇ ਨੂੰ ਕੀਲ ਲੈਂਦੀ ਹੈ:

ਸੱਚੇ ਰੱਬ ਨੂੰ ਯਾਦ ਕਰਾਂ ਮੈਂ ਮਗਰੋਂ ਕਲਮ ਉਠਾਈ
ਮੇਲੇ ਉੱਤੇ ਆ ਕੇ ਵੀਰ ਨੇ ਰਚਨਾ ਖੂਬ ਲਗਾਈ
ਭਗਤੂ ਸਿੰਘਾ ਤੂੰ ਬੋਲੀ ਤੋੜ ਦੇ ਸੱਚ ਦੀ ਬਾਤ ਸੁਣਾਈਂ।
ਰਚਨਾ ਦੋ ਘੜੀਆਂ ਸੁਣ ਕੇ ਖਾਲਸਿਆ ਜਾਈਂ

ਇਸ ਮੇਲੇ ਵਿਚ ਦੂਰ ਦਰੇਡੇ ਪਿੰਡਾਂ ਤੋਂ ਚੱਲ ਕੇ ਆਈਆਂ ਚੋਬਰਾਂ ਦੀਆਂ ਟੋਲੀਆਂ ਬੜੇ ਉਤਸ਼ਾਹ ਨਾਲ ਸ਼ਾਮਲ ਹੁੰਦੀਆਂ ਹਨ। ਮੇਲੇ ਵਿਚ ਜੁੜੇ ਇਹ ਲੋਕ ਗੀਤਕਾਰ, ਲੋਕਾਂ ਦੀ ਮਾਨਸਿਕ ਤੇ ਭਾਵੁਕ ਭੁੱਖ ਨੂੰ ਤ੍ਰਿਪਤ ਕਰਨ ਵਾਲੇ 'ਸ਼ੌਕੀਆਂ ਕਲਾਕਾਰ' ਹਨ। 'ਸੁਣ ਗਿਣ ਕੇ ਹੀ ਪਾਈਏ ਬੋਲੀਆਂ ਸਭ ਦਾ ਜੀ ਪਰਚਾਈਏ' ਹੀ ਇਨ੍ਹਾਂ ਦਾ ਮਨੋਰਥ ਹੁੰਦਾ ਹੈ। ਮੇਲੇ ਵਿਚ ਇਹ ਢਾਣੀਆਂ ਚਲਦੀਆਂ ਫਿਰਦੀਆਂ ਨਾਲੋਂ ਨਾਲ ਬੋਲੀਆਂ ਪਾਉਂਦੀਆਂ ਜਾਂਦੀਆਂ ਹਨ। ਕਿਧਰੇ-ਕਿਧਰੇ ਇਹ ਟਿਕ ਕੇ ਮੇਲਾ ਵੇਖਣ ਲਈ ਅਖਾੜਾ ਵੀ ਜਮਾ ਲੈਂਦੀਆਂ ਹਨ। ਇਕ ਮੰਡਲ ਵਿਚ ਦੋ ਤਿੰਨ ਢੋਲਕ ਵਾਲੇ, ਸੱਤ ਅੱਠ ਸੱਪਾਂ ਵਾਲੇ, ਇਕ ਜਾਂ ਦੋ ਦੋ ਬੁਘਦੂ ਵਜਾਉਣ ਵਾਲੇ, ਚਿਮਟੇ ਤੇ ਖੜਤਾਲਾਂ ਵਜਾਉਣ ਵਾਲਿਆਂ ਤੋਂ ਇਲਾਵਾ ਕਈ-ਕਈ ਬੋਲੀਕਾਰ ਹੁੰਦੇ ਹਨ। ਜਥੇ ਦਾ ਮੋਹਰੀ ਬੋਲੀ ਪਾਉਣ ਵਾਲਾ ਗਾਇਕ ਹੁੰਦਾ ਹੈ। ਇਕ ਜਣਾ ਹੱਥ ਵਿਚ ਸੋਟੀ ਜਾਂ ਰੁਮਾਲ ਫੜ ਕੇ ਗੋਲ ਦਾਇਰਾ ਫਿਰ ਅੰਦਰ-ਅੰਦਰ ਤੁਰਿਆ ਜਾਂਦਾ ਬੋਲੀ ਉਚਾਰਦਾ ਹੈ। ਤੋੜੇ ਉੱਤੇ ਆ ਕੇ ਸਾਰੇ ਜਣੇ ਸਾਰ ਬੋਲੀ ਚੁੱਕਦੇ ਹਨ ਅਤੇ ਅੰਤਲੇ ਬੋਲ ਨੂੰ ਦੁਹਰਾਉਂਦੇ ਹਨ। ਬੋਲੀ ਕਿਧਰੇ ਸ਼ੁਰੂ ਹੁੰਦੀ ਹੈ ਤੇ ਕਿਧਰੇ ਜਾ ਮੁੱਕਦੀ ਹੈ, ਪਰ ਬੋਲੀ ਦਾ ਤੋੜਾ (ਅੰਤਲੀ ਤੁਕ) ਬੜਾ ਕਰਾਰਾ ਤੇ ਕੜਾਕੇਦਾਰ ਹੁੰਦਾ ਹੈ। ਬੋਲੀਆਂ ਪਾਉਣ ਦੀ ਮਾਲੀ ਉਹ ਗਾਇਕ ਜਿੱਤਦਾ ਹੈ ਜੋ ਮੌਕੇ ਅਨੁਸਾਰ ਬੋਲੀ ਜੋੜੇ, ਵੱਧ ਤੋਂ ਵੱਧ ਲੰਮੀ ਲਿਜਾਏ ਅਤੇ ਤੋੜੇ ਨੂੰ ਵੱਧ ਤੋਂ ਵੱਧ ਖੜਕਵਾਂ, ਕੜਾਕੇਦਾਰ ਤੇ ਮੜਾਕੇਦਾਰ ਬਣਾ ਕੇ ਸੁੱਟੇ: ਖੂਹ, ਭੱਠੀ ਤੇ ਦਰਵਾਜਾ ਤਿੰਨ ਥਾਉਂ ਆਸ਼ਕ ਬਹਿੰਦੇ ਛੜੇ ਵਿਚਾਰੇ ਰੋਂਦੇ ਫਿਰਦੇ ਮਾਲ ਜਿਨ੍ਹਾਂ ਦਾ ਲੈ ਗੇ ਬਖਤੌਰ ਜੱਟਾ ਇਕ ਉਮਰ ਨਿਆਣੀ ਤੈਨੂੰ ਮਾਮਲੇ ਪੈ ਗੇ ਲੋਟਣ ਸੰਤੋ ਦੇ ਵੱਡੇ ਪਲੰਘ ਤੇ ਰਹਿਗੇ

ਢਾਣੀ ਦਾ ਹਰ ਬੋਲੀਕਾਰ 'ਪਰਮੇਸ਼ਰ' ਦਾ ਨਾਂ ਲੈ ਕੇ ਗਿੱਧੇ ਵਿਚ ਪ੍ਰਵੇਸ਼ ਕਰਦਾ ਹੈ। ਪਰ ਕੁਝ ਬੋਲੀਆਂ ਬਾਅਦ ਹੀ ਇਹ ਬੋਲੀਕਾਰ ਆਪਣੇ ਦਿਲ ਦੀਆਂ ਘੁੰਡੀਆਂ ਖੋਲ੍ਹ ਦਿੰਦੇ ਹਨ। ਫਿਰ ਹਰ ਕੋਈ ਰੱਜ ਕੇ ਆਪਣੇ ਦਿਲ ਦਾ ਗੁੱਭ-ਗੁੱਭਾਟ ਕੱਢਦਾ ਹੈ।

ਜਦੋਂ ਅਖਾੜਾ ਖ਼ੂਬ ਮਘ ਪੈਂਦਾ ਹੈ ਤਾਂ ਤੱਤੀਆਂ, ਬੋਲੀਆਂ ਦੀ ਮੋੜਵੀਂ ਵਾਛੜ ਸ਼ੁਰੂ ਹੁੰਦੀ ਹੈ। ਬੋਲੀਕਾਰ ਆਪਸ 'ਚ ਭਿੜ ਪੈਂਦੇ ਹਨ। ਇਕ ਬੋਲੀਕਾਰ ਵੱਲੋਂ ਦੂਜੇ ਨੂੰ ਗਾਲ੍ਹ ਤਕ ਕੱਢ ਲੈਣ ਦੀ ਖੁੱਲ੍ਹ ਵੀ ਇਨ੍ਹਾਂ ਦੇ 'ਕੋਡ ਆਫ ਕੰਡਕਟ' ਦੇ ਅੰਦਰ ਹੀ ਆ ਜਾਂਦੀ ਹੈ। ਬੋਲੀਆਂ ਵਿਚ ਸੁਆਲਾਂ ਜੁਆਬਾਂ ਦਾ ਸਿਲਸਿਲਾ 'ਰੱਬ ਦੇ ਨਾਨਕੇ' ਪੁੱਛਣ 'ਤੇ ਸ਼ੁਰੂ ਹੁੰਦਾ ਹੈ ਅਤੇ 'ਮੇਰੀ ਬੋਲੀ ਦਾ ਮੋੜ ਕਰੀਂ ਅਣਜਾਣਾ', 'ਨਾਲ ਭਣੋਈਆ ਦੇ ਕਾਹਤੇ ਲੈ ਲਿਆ ਪੰਗਾ' ਉੱਤੇ ਜਾ ਮੁੱਕਦਾ ਹੈ।

ਢਾਣੀਆਂ ਦੀ ਇਹ ਖੁਰ ਰਹੀ ਪਰੰਪਰਾ ਗੁਰੂ ਚੇਲੇ ਦੀ ਰੀਤ ਅਨੁਸਾਰ ਹਾਲੇ ਵੀ (1980-81 ਤਕ) ਪਤਲੀ-ਪਤਲੀ ਚਲੀ ਆ ਰਹੀ ਹੈ। 'ਬਹਿ ਕੇ ਬਾਬੇ ਤੋਂ ਸਿੱਖਦਾ ਬੋਲੀਆਂ ਪੋਤਾ' ਦੀ ਰਵਾਇਤ ਅਨੁਸਾਰ ਇਹ ਬੋਲੀਆਂ ਸ਼ੌਕ ਨਾਲ ਸਿੱਖੀਆਂ ਤੇ ਵਿਉਂਤਾਂ ਨਾਲ ਜੋੜੀਆਂ ਜਾਂਦੀਆਂ ਹਨ। ਮਾਲਵੇ ਦੇ ਮਸ਼ਹੂਰ ਬੋਲੀਕਾਰਾਂ ਵਿਚੋਂ 'ਕਰਤਾਰਾ ਲੋਪੋਵਾਲਾ' ਤੇ ਬਖਤੌਰ ਸਿੰਘ (ਚਹਿਲ ਖੇੜੀ) ਪ੍ਰਸਿੱਧ ਰਹੇ ਹਨ। ਵਰਤਮਾਨ ਬੋਲੀਕਾਰਾਂ ਵਿਚੋਂ ਪਿੰਡ ਕੱਟੂ ਦਾ ਭਗਤੂ, ਸੰਘੇੜੇ ਦਾ ਪਾਲ ਭੁੱਲਰ, ਫੱਲ੍ਹੇਵਾਲ ਦਾ ਬਲਬੀਰਾ, ਸਿਆੜ ਦਾ ਬਚਨਾ, ਮਹਿਮਾ ਸਵਾਈ ਦਾ ਲਛਮਣ, ਬਰਵਾਲੀ ਖ਼ੁਰਦ ਦਾ ਪਿੱਤਰ, ਢੁੱਡੀਕਿਆਂ ਦਾ ਕੂੜਾ ਬੜੇ ਹਰਮਨ ਪਿਆਰੇ ਹਨ। ਇਹ ਬੋਲੀਕਾਰ ਆਪਣੀ ਬੋਲੀ ਤੇ ਆਪਣੇ ਪਿੰਡ ਜੁਟ ਜਾਂ ਟੋਲੀ ਦੀ ਮੋਹਰ ਲਾ ਕੇ ਆਪਣੀ ਵੱਖਰੀ ਪਛਾਣ ਕਾਇਮ ਕਰਦੇ ਹਨ:

× ਤਾਰਾ ਸਿੰਘ ਦਾ ਪਿੰਡ ਬਦੇਸ਼ੇ
ਛਿਪਦੀ ਕੰਨੀ ਦਾ ਪਾਸਾ,
ਬੀਜੇ ਮੂੰਗਫਲੀ ਸਾਡਾ ਵੀਰਨੋ ਲਾਕਾ
× ਲਛਮਣ ਸਿੰਘਾ ਜੋੜੇ ਬੋਲੀਆਂ
ਰੱਖ ਕੇ ਕੱਢਣ ਸਿਰ੍ਹਾਣੇ,
ਸੋਹਣੀ ਤੂੰ ਲੱਗਦੀ ਰੋਜ਼ ਬਦਲਦੀ ਬਾਣੇ.

ਗਿੱਧੇ ਦੇ ਅੰਤ ਵਿਚ ਸੰਗਤਾਂ ਤੋਂ ਵੱਧ-ਘੱਟ ਬੋਲ ਦੀ ਭੁੱਲ ਬਖਸ਼ਾਈ ਜਾਂਦੀ ਹੈ ਤੇ 'ਜਿਉਂਦੇ ਰਹੇ ਤਾਂ ਫੇਰ ਮਿਲਾਂਗੇ' ਦੀ ਕਾਮਨਾ ਕੀਤੀ ਜਾਂਦੀ ਹੈ। 'ਸਤਿਗੁਰ ਯਾਦ ਕਰੋ ਭੋਗ ਗਿੱਧੇ ਦਾ ਪਾਈਏ' ਦੀ ਪ੍ਰਵਾਨਤ ਰੂੜ੍ਹੀ ਉੱਤੇ ਗਿੱਧੇ ਦੀ ਸਮਾਪਤੀ ਦੀ ਰਸਮ ਕੀਤੀ ਜਾਂਦੀ ਹੈ ਤੇ ਨਾਲ ਹੀ ਦਾਸ ਆਪਣਾ ਅਤਾ-ਪਤਾ ਦੱਸ ਦਿੰਦਾ ਹੈ:

ਅੱਖਰਾਂ ਦੀ ਨਾ ਸਾਰ ਦਾਸ ਨੂੰ,
ਅਨਪੜ੍ਹ ਜਮ੍ਹਾਂ ਕਹਾਈਏ,
ਫੱਲ੍ਹੇਵਾਲ ਪਿੰਡ ਨਾਊਂ ਬਲਬੀਰਾ,
ਜੋੜ ਬੋਲੀਆਂ ਪਾਈਏ।
ਜੇ ਕੋਈ ਗਲਤੀ ਰਹੀ ਕਥਾ ਮੇਂ
ਸੰਗਤਾਂ ਤੋਂ ਭੁੱਲ ਬਖਸ਼ਾਈਏ
ਸੰਗਤਾਂ ਦੇ ਚਰਨਾਂ ਦੀ ਚੱਕ ਧੂੜ ਮੱਥੇ ਨਾਲ ਲਾਈਏ
ਸਤਿਗੁਰ ਯਾਦ ਕਰੋ ਭੋਗ ਗਿੱਧੇ ਦਾ ਪਾਈਏ

ਇਸ ਤਰ੍ਹਾਂ ਮਲਵਈ ਬੋਲੀਕਾਰ ਆਪਣੀ ਲੋਕ ਪਰੰਪਰਾ ਵਿਚ ਆਪਣਾ ਵਿਅਕਤੀਗਤ ਯੋਗਦਾਨ ਪਾ ਕੇ ਉਸ ਨੂੰ ਸਰਬ ਸਾਂਝੀ ਬਣਾਉਂਦਾ ਹੋਇਆ ਉਸੇ ਪਰੰਪਰਾ ਅੱਗੇ ਆਪਣਾ ਸਿਰ ਝੁਕਾ ਦਿੰਦਾ ਹੈ। ਕਿੰਨੇ ਨਿਮਰ ਨੇ ਇਹ ਲੋਕ ਜੋ ਵਿਅਕਤੀ ਪ੍ਰਤਿਭਾ ਨੂੰ ਸਮੂਹ ਦੀ ਪ੍ਰਤਿਭਾ ਵਿਚ ਸਮੋ ਕੇ ਸਿਰਜਨਾ ਦੇ ਇਸ ਵਹਿਣ ਨੂੰ ਅੱਗੇ ਤੋਰਦੇ ਜਾਂਦੇ ਹਨ। ਪੰਜਾਬ ਦੇ ਭਰੇ ਮੇਲਿਆਂ ਦੀਆਂ ਵਿਛੜ ਗਈਆਂ ਰੌਣਕਾਂ ਦੀ ਇਕ ਉਦਾਸ ਜਿਹੀ ਝਲਕ ਮਿਲਦੀ ਹੈ-ਮੰਡੀ ਅਹਿਮਦਗੜ੍ਹ ਨਾਲ ਲੱਗਦੇ ਛਪਾਰ ਦੇ ਮੇਲੇ ਵਿਚ। ਇਹ ਮੇਲਾ ਗੁੱਗੇ ਦੀ ਮਾੜੀ ਉੱਤੇ ਆਨੰਦ ਚੌਦਸ 'ਤੇ ਸ਼ੁਰੂ ਹੋ ਕੇ ਤਿੰਨ ਦਿਨ ਰਹਿੰਦਾ ਹੈ। ਇਸ 'ਤੇ ਪਹਿਲਾਂ ਦਿਨ 'ਚੌਕੀਆਂ' ਭਰਨ ਦਾ ਹੁੰਦਾ ਹੈ ਜਿਹੜਾ ਸਿਰਫ਼ ਔਰਤਾਂ ਤੇ ਨਿਆਣਿਆਂ ਲਈ ਰਾਖਵਾਂ ਹੁੰਦਾ ਹੈ। ਆਨੰਤ ਚੌਦਸ ਵਾਲੀ ਦੁਪਹਿਰ ਚਾਰੇ-ਚੁਫੇਰਿਉਂ ਲੋਕ ਵਹੀਰਾਂ ਘੱਤੀਂ ਆਉਂਦੇ ਹਨ

# ਬੰਗਲਾਦੇਸ਼ 'ਚ ਔਰਤਾਂ ਵਿਰੁੱਧ ਹਿੰਸਾ 'ਚ ਭਾਰੀ ਵਾਧਾ !

## 13 ਮਹੀਨਿਆਂ 'ਚ ਬਲਾਤਕਾਰ ਦੇ 776 ਮਾਮਲੇ ਦਰਜ




ਢਾਕਾ, 18 ਅਪ੍ਰੈਲ (ਪ੍ਰਤੀਨਿਧੀ) : ਬੰਗਲਾਦੇਸ਼ ਵਿੱਚ ਔਰਤਾਂ ਅਤੇ ਬੱਚਿਆਂ ਵਿਰੁੱਧ ਵਧ ਰਹੀ ਹਿੰਸਾ ਨੇ ਦੇਸ਼ ਵਿੱਚ ਜਨਤਕ ਸੁਰੱਖਿਆ ਨੂੰ ਲੈ ਕੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ। ਅਵਾਮੀ ਲੀਗ ਨੇ ਵੱਖ-ਵੱਖ ਆਲੋਚਕਾਂ ਦੇ ਹਵਾਲੇ ਨਾਲ ਦੱਸਿਆ ਹੈ ਕਿ 'ਔਰਤਾਂ ਅਤੇ ਬੱਚਿਆਂ ਦੇ ਦਮਨ ਰੋਕੂ ਆਰਡੀਨੈਂਸ' ਵਰਗੇ ਸਖ਼ਤ ਕਾਨੂੰਨਾਂ ਦੇ ਬਾਵਜੂਦ ਸਥਿਤੀ ਵਿੱਚ ਕੋਈ ਸੁਧਾਰ ਨਹੀਂ ਹੋ ਰਿਹਾ।

**ਅੰਕੜੇ ਬਿਆਨ ਕਰ ਰਹੇ ਹਨ ਖ਼ੌਫ਼ਨਾਕ ਮੰਜ਼ਰ**

ਤਾਜ਼ਾ ਰਿਪੋਰਟਾਂ ਅਨੁਸਾਰ, ਫ਼ਰਵਰੀ 2026 ਤਕ ਦੇ ਪਿਛਲੇ 13 ਮਹੀਨਿਆਂ ਦੌਰਾਨ ਬਲਾਤਕਾਰ ਦੇ ਕੁੱਲ 776 ਮਾਮਲੇ ਸਾਹਮਣੇ ਆਏ ਹਨ। ਅਵਾਮੀ ਲੀਗ ਦਾ ਕਹਿਣਾ ਹੈ ਕਿ ਭਾਵੇਂ ਸਰਕਾਰਾਂ ਵੱਲੋਂ ਔਰਤਾਂ ਦੀ ਸੁਰੱਖਿਆ ਦੇ ਵਾਰ-ਵਾਰ ਭਰੋਸੇ ਦਿੱਤੇ ਗਏ ਹਨ, ਪਰ ਅਸਲੀਅਤ ਇਸ ਦੇ ਉਲਟ ਹੈ।

**ਸਿਆਸੀ ਨਾਕਾਮੀ 'ਤੇ ਉੱਠੇ ਸਵਾਲ**

ਆਲੋਚਕਾਂ ਨੇ ਮੁਹੰਮਦ ਯੂਨਸ ਦੀ ਅਗਵਾਈ ਵਾਲੀ ਸਾਬਕਾ ਅੰਤਰਿਮ ਸਰਕਾਰ ਅਤੇ ਮੌਜੂਦਾ ਬੰਗਲਾਦੇਸ਼ ਨੈਸ਼ਨਲਿਸਟ ਪਾਰਟੀ ਦੀ ਸਰਕਾਰ, ਦੋਵਾਂ ਨੂੰ ਇਸ ਮੁੱਦੇ 'ਤੇ ਫ਼ੇਲ੍ਹ ਕਰਾਰ ਦਿੱਤਾ ਹੈ। ਅਵਾਮੀ ਲੀਗ ਮੁਤਾਬਕ, ਯੂਨਸ ਪ੍ਰਸ਼ਾਸ਼ਨ ਦੇ ਕਈ ਸਲਾਹਕਾਰ ਜੋ ਪਹਿਲਾਂ ਗੈਰ-ਸਰਕਾਰੀ ਸੰਗਠਨਾਂ ਰਾਹੀਂ ਔਰਤਾਂ ਦੇ ਹੱਕਾਂ ਲਈ ਪ੍ਰਦਰਸ਼ਨ ਕਰਦੇ ਸਨ, ਸੱਤਾ ਵਿੱਚ ਆਉਣ ਤੋਂ ਬਾਅਦ ਪ੍ਰਭਾਵਸ਼ਾਲੀ ਕਾਨੂੰਨੀ ਪ੍ਰਣਾਲੀ ਲਾਗੂ ਕਰਨ ਵਿੱਚ ਅਸਫ਼ਲ ਰਹੇ। ਸਰੋਤਾਂ ਅਨੁਸਾਰ, ਅਵਾਮੀ ਲੀਗ ਦੇ ਸ਼ਾਸਨ ਦੌਰਾਨ ਸਥਾਪਤ ਕੀਤੇ ਗਏ 'ਵਨ-ਸਟਾਪ ਕ੍ਰਾਈਸਿਸ ਸੈਂਟਰ', ਜੋ ਪੀੜਤਾਂ ਦੀ ਸਹਾਇਤਾ ਕਰਦੇ ਸਨ, ਹੁਣ ਸਹੀ ਢੰਗ ਨਾਲ ਕੰਮ ਨਹੀਂ ਕਰ ਰਹੇ। ਜੁਲਾਈ 2024 ਦੇ ਪ੍ਰਦਰਸ਼ਨਾਂ ਦੌਰਾਨ ਪੁਲੀਸ 'ਤੇ ਹੋਏ ਹਮਲਿਆਂ ਤੋਂ ਬਾਅਦ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੀ ਜਵਾਬਦੇਹੀ ਘਟੀ ਹੈ ਅਤੇ ਮੌਜੂਦਾ ਸਰਕਾਰ ਪੁਲੀਸ ਦਾ ਮਨੋਬਲ ਵਧਾਉਣ 'ਚ ਨਾਕਾਮ ਰਹੀ ਹੈ।

**ਪੰਚਾਇਤੀ ਫ਼ੈਸਲਿਆਂ ਨੇ ਵਧਾਈ ਚਿੰਤਾ**

ਹੈਰਾਨੀ ਦੀ ਗੱਲ ਇਹ ਹੈ ਕਿ ਦੇਸ਼ ਦੇ ਕਈ ਹਿੱਸਿਆਂ ਵਿੱਚ ਔਰਤਾਂ ਵਿਰੁੱਧ ਹਿੰਸਾ ਦੇ ਮਾਮਲੇ ਅਦਾਲਤਾਂ ਦੀ ਬਜਾਏ ਪਿੰਡਾਂ ਦੀਆਂ ਗੈਰ-ਰਸਮੀ ਪੰਚਾਇਤਾਂ ਰਾਹੀਂ ਨਿਜਿੱਠੇ ਜਾ ਰਹੇ ਹਨ, ਜਿਸ ਕਾਰਨ ਇਨਸਾਫ਼ ਦੀ ਪ੍ਰਕਿਰਿਆ ਪ੍ਰਭਾਵਿਤ ਹੋ ਰਹੀ ਹੈ। ਨਰਸਿੰਗਦੀ ਵਿੱਚ ਇੱਕ ਕਿਸ਼ੋਰ ਕੁੜੀ ਅਤੇ ਸੀਤਾਕੁੰਡਾ ਵਿੱਚ ਇੱਕ 7 ਸਾਲਾ ਬੱਚੀ ਨਾਲ ਵਾਪਰੀਆਂ ਦਰਦਨਾਕ ਘਟਨਾਵਾਂ ਨੇ ਕਾਨੂੰਨ ਦੇ ਲਾਗੂ ਕਰਨ 'ਚ ਮੌਜੂਦ ਵੱਡੀਆਂ ਖਾਮੀਆਂ ਨੂੰ ਉਜਾਗਰ ਕੀਤਾ ਹੈ।

# ਟਰੰਪ ਨੇ ਖ਼ੁਦ ਨੂੰ 'ਈਸਾ ਮਸੀਹ' ਵਜੋਂ ਪੇਸ਼ ਕਰਦੀ ਏ.ਆਈ. ਤਸਵੀਰ ਕੀਤੀ ਸਾਂਝੀ; ਧਾਰਮਿਕ ਜਗਤ 'ਚ ਰੋਸ

ਵਾਸ਼ਿੰਗਟਨ, 18 ਅਪ੍ਰੈਲ (ਪ੍ਰਤੀਨਿਧੀ) : ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਇੱਕ ਵਾਰ ਫ਼ਿਰ ਨਵਾਂ ਵਿਵਾਦ ਛੇੜ ਦਿੱਤਾ ਹੈ। ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫ਼ਾਰਮ 'ਟਰੂੱਥ ਸੋਸ਼ਲ' 'ਤੇ ਆਰਟੀਫ਼ੀਸ਼ੀਅਲ ਇੰਟੈਲੀਜੈਂਸ (ਏ. ਆਈ.) ਦੁਆਰਾ ਤਿਆਰ ਕੀਤੀ ਇੱਕ ਤਸਵੀਰ ਸਾਂਝੀ ਕੀਤੀ ਹੈ, ਜਿਸ ਵਿੱਚ ਉਨ੍ਹਾਂ ਨੂੰ ਹਜ਼ਰਤ ਈਸਾ ਮਸੀਹ ਦੇ ਰੂਪ ਵਿੱਚ ਦਿਖਾਇਆ ਗਿਆ ਹੈ। ਇਸ ਤਸਵੀਰ ਵਿੱਚ ਟਰੰਪ ਬਾਈਬਲ ਕਾਲ ਦੇ ਚੋਲੇ ਵਿੱਚ ਨਜ਼ਰ ਆ ਰਹੇ ਹਨ ਅਤੇ ਇੱਕ ਬਿਮਾਰ ਵਿਅਕਤੀ 'ਤੇ ਹੱਥ ਰੱਖ ਕੇ ਉਸ ਦਾ ਇਲਾਜ ਕਰ ਰਹੇ ਹਨ, ਜਦੋਂ ਕਿ ਉਨ੍ਹਾਂ ਦੀਆਂ ਉਂਗਲਾਂ ਵਿੱਚੋਂ ਰੌਸ਼ਨੀ ਨਿਕਲ ਰਹੀ ਹੈ।

ਇਹ ਤਸਵੀਰ ਅਜਿਹੇ ਸਮੇਂ ਸਾਹਮਣੇ ਆਈ ਹੈ ਜਦੋਂ ਟਰੰਪ ਅਤੇ ਕੈਥੋਲਿਕ ਚਰਚ ਦੇ ਸਰਵਉੱਚ ਆਗੂ ਪੋਪ ਲੀਓ 14ਵੇਂ ਵਿਚਾਲੇ ਸ਼ਬਦੀ ਜੰਗ ਤੇਜ਼ ਹੋ ਗਈ ਹੈ। ਪੋਪ ਵਲੋਂ ਅਮਰੀਕਾ-ਇਰਾਨ ਜੰਗ ਦੀ ਨਿਖੇਧੀ ਕੀਤੇ ਜਾਣ ਤੋਂ ਭੜਕੇ ਟਰੰਪ ਨੇ ਕਿਹਾ, ਮੈਂ ਪੋਪ ਲੀਓ ਦਾ ਕੋਈ ਪ੍ਰਸ਼ੰਸਕ ਨਹੀਂ ਹਾਂ। ਉਹ ਬਹੁਤ ਉਦਾਰਵਾਦੀ ਵਿਅਕਤੀ ਹਨ ਅਤੇ ਅਪਰਾਧਾਂ ਪ੍ਰਤੀ ਨਰਮ ਹਨ। ਉਹ 'ਕੱਟੜਪੰਥੀ ਖੱਬੇ-ਪੱਖੀਆਂ' ਦੇ ਹੱਥਾਂ ਵਿੱਚ ਖੇਡਣਾ ਬੰਦ ਕਰਨ। ਟਰੰਪ ਨੇ ਇੱਥੋਂ ਤਕ ਕਹਿ ਦਿੱਤਾ ਕਿ ਜੇਕਰ ਉਹ ਵ੍ਹਾਈਟ ਹਾਊਸ ਵਿੱਚ ਨਾ ਹੁੰਦੇ, ਤਾਂ ਲੀਓ ਸ਼ਾਇਦ ਵੈਟੀਕਨ ਵਿੱਚ ਨਾ ਹੁੰਦੇ।

**ਧਾਰਮਿਕ ਜਥੇਬੰਦੀਆਂ ਨੇ ਜਤਾਇਆ ਇਤਰਾਜ਼**

ਟਰੰਪ ਵਲੋਂ ਪਵਿੱਤਰ ਧਾਰਮਿਕ ਚਿੰਨ੍ਹਾਂ ਦੀ ਸਿਆਸੀ ਮੰਤਵ ਲਈ ਵਰਤੋਂ ਕਰਨ 'ਤੇ ਕਈ ਧਾਰਮਿਕ ਸਮੂਹਾਂ ਨੇ ਸਖ਼ਤ ਨਾਰਾਜ਼ਗੀ ਜਤਾਈ ਹੈ। ਨਿੰਦਾ ਕਰਨ ਵਾਲਿਆਂ ਦਾ ਕਹਿਣਾ ਹੈ ਕਿ ਖ਼ੁਦ ਨੂੰ ਈਸਾ ਮਸੀਹ ਵਾਂਗ ਪੇਸ਼ ਕਰਨਾ ਇਸਾਈ ਮਾਨਤਾਵਾਂ ਦਾ ਅਪਮਾਨ ਹੈ। ਦੂਜੇ ਪਾਸੇ, ਟਰੰਪ ਦੇ ਸਮਰਥੱਕ ਇਸ ਨੂੰ ਮਹਿਜ਼ ਇੱਕ 'ਡਿਜੀਟਲ ਵਿਅੰਗ' ਕਰਾਰ ਦੇ ਰਹੇ ਹਨ।

ਜ਼ਿਕਰਯੋਗ ਹੈ ਕਿ ਅਮਰੀਕਾ-ਇਰਾਨ ਜੰਗ ਨੂੰ ਲੈ ਕੇ ਪੋਪ ਨੇ ਜੰਗ ਨੂੰ 'ਸਰਵਸ਼ਕਤੀਮਾਨ ਹੋਣ ਦਾ ਭੁਲੇਖਾ' ਦੱਸਿਆ, ਜਦੋਂਕਿ ਟਰੰਪ ਨੇ ਇਸ ਨੂੰ ਰੱਬ ਦੀ ਮਰਜ਼ੀ ਕਿਹਾ। ਟਰੰਪ ਨੇ ਪੋਪ 'ਤੇ ਦੋਸ਼ ਲਾਇਆ ਕਿ ਉਹ ਅਮਰੀਕਾ ਵਲੋਂ ਵੇਨੇਜ਼ੁਏਲਾ 'ਤੇ ਕੀਤੇ ਹਮਲੇ ਦੀ ਨਿੰਦਾ ਕਰਕੇ ਗਲਤੀ ਕਰ ਰਹੇ ਹਨ। ਟਰੰਪ ਨੇ ਕਿਹਾ ਕਿ ਉਹ ਅਜਿਹੇ ਪੋਪ ਨੂੰ ਪਸੰਦ ਨਹੀਂ ਕਰਦੇ ਜੋ ਇਰਾਨ ਕੋਲ ਪ੍ਰਮਾਣੂ ਹਥਿਆਰ ਹੋਣ ਨੂੰ ਸਹੀ ਮੰਨਦਾ ਹੋਵੇ।

ਇਸ ਘਟਨਾ ਨੇ ਮੀਡੀਆ ਅਤੇ ਸਿਆਸਤ ਵਿੱਚ ਏ.ਆਈ. ਦੀ ਵਰਤੋਂ ਅਤੇ ਧਾਰਮਿਕ ਮਰਿਆਦਾਵਾਂ 'ਤੇ ਨਵੀਂ ਬਹਿਸ ਛੇੜ ਦਿੱਤੀ ਹੈ। ਅਮਰੀਕੀ ਰੱਖਿਆ ਮੰਤਰੀ ਪੀਟ ਹੇਗਸੇਥ ਨੇ ਵੀ ਲੋਕਾਂ ਨੂੰ ਈਸਾ ਮਸੀਹ ਦੇ ਨਾਮ 'ਤੇ ਜੰਗ ਵਿੱਚ ਜਿੱਤ ਲਈ ਪ੍ਰਾਰਥਨਾ ਕਰਨ ਦੀ ਅਪੀਲ ਕੀਤੀ ਹੈ, ਜਿਸ ਨਾਲ ਇਹ ਟਕਰਾਅ ਹੋਰ ਡੂੰਘਾ ਹੋ ਗਿਆ ਹੈ।

*ਟਰੰਪ ਦਾ ਪੋਪ ਲੀਓ 'ਤੇ ਵੱਡਾ ਹਮਲਾ*

## 'ਰਾਜਨੀਤੀ ਛੱਡ ਕੇ ਧਰਮ ਵੱਲ ਦੇਣ ਧਿਆਨ'



ਵਾਸ਼ਿੰਗਟਨ, 18 ਅਪ੍ਰੈਲ (ਪ੍ਰਤੀਨਿਧੀ) : ਅਮਰੀਕਾ ਦੇਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੈਟੀਕਨ ਦੇ ਪੋਪ ਲੀਓ 'ਤੇ ਤਿੱਖਾ ਹਮਲਾ ਕਰਦਿਆਂ ਉਨ੍ਹਾਂ ਨੂੰ ਅਪਰਾਧ ਅਤੇ ਵਿਦੇਸ਼ ਨੀਤੀ ਦੇ ਮਾਮਲੇ ਵਿੱਚ 'ਬੇਹੱਦ ਕਮਜ਼ੋਰ' ਕਰਾਰ ਦਿੱਤਾ ਹੈ। ਟਰੰਪ ਨੇ ਇੱਕ ਬਿਆਨ ਜਾਰੀ ਕਰਦਿਆਂ ਕਿਹਾ ਕਿ ਪੋਪ ਲੀਓ ਪ੍ਰਸ਼ਾਸ਼ਨ ਦੇ ਕਥਿਤ ਡਰ ਦੀ ਗੱਲ ਤਾਂ ਕਰਦੇ ਹਨ, ਪਰ ਉਹ ਉਸ ਸਮੇਂ ਨੂੰ ਭੁੱਲ ਗਏ ਹਨ ਜਦੋਂ ਕੋਵਿਡ ਦੌਰਾਨ ਚਰਚ ਦੀਆਂ ਸੇਵਾਵਾਂ ਲਈ ਪਾਦਰੀਆਂ ਅਤੇ ਹੋਰਨਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਰਿਹਾ ਸੀ।

ਟਰੰਪ ਨੇ ਪੋਪ ਲੀਓ ਦੀ ਤੁਲਨਾ ਉਨ੍ਹਾਂ ਦੇ ਭਰਾ ਲੂਈਸ ਨਾਲ ਕਰਦਿਆਂ ਕਿਹਾ ਕਿ ਉਹ ਲੂਈਸ ਨੂੰ ਜ਼ਿਆਦਾ ਪਸੰਦ ਕਰਦੇ ਹਨ ਕਿਉਂਕਿ ਉਹ ਪੂਰੀ ਤਰ੍ਹਾਂ 'ਮਾਗਾ' ਵਿਚਾਰਧਾਰਾ ਦੇ ਸਮਰਥੱਕ ਹਨ। ਉਨ੍ਹਾਂ ਇਲਜ਼ਾਮ ਲਾਇਆ ਕਿ ਪੋਪ ਲੀਓ ਅਸਲੀਅਤ ਨੂੰ ਨਹੀਂ ਸਮਝ ਰਹੇ।

ਰਾਸ਼ਟਰਪਤੀ ਟਰੰਪ ਨੇ ਸਖ਼ਤ ਸ਼ਬਦਾਂ ਵਿੱਚ ਕਿਹਾ ਕਿ ਉਹ ਅਜਿਹਾ ਪੋਪ ਨਹੀਂ ਚਾਹੁੰਦੇ ਜੋ ਇਰਾਨ ਕੋਲ ਪਰਮਾਣੂ ਹਥਿਆਰ ਹੋਣ ਨੂੰ ਸਹੀ ਮੰਨੇ ਜਾਂ ਵੈਨੇਜ਼ੂਏਲਾ 'ਤੇ ਅਮਰੀਕੀ ਹਮਲੇ ਦੀ ਨਿੰਦਾ ਕਰੇ। ਉਨ੍ਹਾਂ ਦਾਅਵਾ ਕੀਤਾ ਕਿ ਵੈਨੇਜ਼ੂਏਲਾ ਅਮਰੀਕਾ ਵਿੱਚ ਭਾਰੀ ਮਾਤਰਾ ਵਿੱਚ ਨਸ਼ੇ ਭੇਜ ਰਿਹਾ ਹੈ ਅਤੇ ਆਪਣੀਆਂ ਜੇਲ੍ਹਾਂ ਵਿੱਚੋਂ ਕਾਤਲਾਂ ਅਤੇ ਅਪਰਾਧੀਆਂ ਨੂੰ ਅਮਰੀਕਾ ਵਿੱਚ ਛੱਡ ਰਿਹਾ ਹੈ।

ਟਰੰਪ ਨੇ ਇੱਕ ਹੈਰਾਨੀਜਨਕ ਦਾਅਵਾ ਕਰਦਿਆਂ ਕਿਹਾ ਕਿ ਚਰਚ ਨੇ ਲੀਓ ਨੂੰ ਸਿਰਫ਼ ਇਸ ਲਈ ਪੋਪ ਚੁਣਿਆ ਸੀ ਕਿਉਂਕਿ ਉਹ ਅਮਰੀਕੀ ਹਨ ਅਤੇ ਚਰਚ ਨੂੰ ਲੱਗਦਾ ਸੀ ਕਿ ਉਹ ਟਰੰਪ ਨਾਲ ਬਿਹਤਰ ਤਰੀਕੇ ਨਾਲ ਨਜਿੱਠ ਸਕਣਗੇ। ਉਨ੍ਹਾਂ ਕਿਹਾ, 'ਜੇਕਰ ਮੈਂ ਵ੍ਹਾਈਟ ਹਾਊਸ ਵਿੱਚ ਨਾ ਹੁੰਦਾ, ਤਾਂ ਲੀਓ ਵੈਟੀਕਨ ਵਿੱਚ ਨਾ ਹੁੰਦੇ'। ਟਰੰਪ ਨੇ ਪੋਪ ਦੀ ਡੇਵਿਡ ਐਕਸਲਰੋਡ ਵਰਗੇ 'ਖੱਬੇ-ਪੱਖੀ ਹਾਰਿਆਂ' ਨਾਲ ਮੁਲਾਕਾਤ 'ਤੇ ਵੀ ਇਤਰਾਜ਼ ਜਤਾਇਆ। ਉਨ੍ਹਾਂ ਪੋਪ ਨੂੰ ਨਸੀਹਤ ਦਿੱਤੀ ਕਿ ਉਹ ਰਾਜਨੀਤੀ ਕਰਨੀ ਬੰਦ ਕਰਨ ਅਤੇ ਇੱਕ ਮਹਾਨ ਪੋਪ ਬਣਨ 'ਤੇ ਧਿਆਨ ਦੇਣ, ਕਿਉਂਕਿ ਉਨ੍ਹਾਂ ਦੀਆਂ ਮੌਜੂਦਾ ਗਤੀਵਿਧੀਆਂ ਕੈਥੋਲਿਕ ਚਰਚ ਨੂੰ ਨੁਕਸਾਨ ਪਹੁੰਚਾ ਰਹੀਆਂ ਹਨ।

# ਆਸ਼ਾ ਭੌਂਸਲੇ ਦੇ ਗੀਤ ਦਿਖਾਉਣ 'ਤੇ ਪਾਕਿਸਤਾਨ 'ਚ ਹੰਗਾਮਾ, ਚੈਨਲ ਨੂੰ ਨੋਟਿਸ ਜਾਰੀ



ਇਸਲਾਮਾਬਾਦ, 18 ਅਪ੍ਰੈਲ (ਪ੍ਰਤੀਨਿਧੀ) : ਭਾਰਤ ਦੀ ਦਿੱਗਜ਼ ਗਾਇੱਕਾ ਆਸ਼ਾ ਭੌਂਸਲੇ ਦੇ ਦਿਹਾਂਤ ਤੋਂ ਬਾਅਦ ਜਿੱਥੇ ਪੂਰਾ ਹਿੰਦੁਸਤਾਨ ਸੋਗ ਵਿੱਚ ਡੁੱਬਿਆ ਹੋਇਆ ਹੈ, ਉੱਥੇ ਹੀ ਗੁਆਂਢੀ ਦੇਸ਼ ਪਾਕਿਸਤਾਨ ਵਿੱਚ ਉਨ੍ਹਾਂ ਦੀ ਮੌਤ ਦੀ ਕਵਰੇਜ਼ ਨੂੰ ਲੈ ਕੇ ਵੱਡਾ ਵਿਵਾਦ ਖੜ੍ਹਾ ਹੋ ਗਿਆ ਹੈ। ਪਾਕਿਸਤਾਨੀ ਨਿਊਜ਼ ਚੈਨਲ 'ਜੀਓ ਨਿਊਜ਼' ਵਲੋਂ ਆਸ਼ਾ ਜੀ ਨੂੰ ਦਿੱਤੀ ਗਈ ਸ਼ਰਧਾਂਲੀ ਉੱਥੋਂ ਦੀ ਮੀਡੀਆ ਰੈਗੂਲੇਟਰੀ ਬੌਡੀ ਨੂੰ ਰਾਸ ਨਹੀਂ ਆਈ ਹੈ।

ਪਾਕਿਸਤਾਨ ਇਲੈਕਟ੍ਰੌਨਿਕ ਮੀਡੀਆ ਰੈਗੂਲੇਟਰੀ ਅਥਾਰਟੀ ਨੇ 'ਜੀਓ ਨਿਊਜ਼' ਨੂੰ ਇੱਕ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਹੈ। ਅਥਾਰਟੀ ਦਾ ਦੋਸ਼ ਹੈ ਕਿ ਚੈਨਲ ਨੇ ਆਸ਼ਾ ਭੌਂਸਲੇ ਦੇ ਦਿਹਾਂਤ ਦੀ ਖ਼ਬਰ ਦਿੰਦੇ ਸਮੇਂ ਭਾਰਤੀ ਗਾਣੇ ਅਤੇ ਭਾਰਤੀ ਫ਼ਿਲਮਾਂ ਦੇ ਵੀਡੀਓ ਚਲਾਏ ਹਨ। ਪਾਕਿਸਤਾਨ ਵਿੱਚ ਸਾਲ 2018 ਤੋਂ ਹੀ ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਟੀ.ਵੀ. ਚੈਨਲਾਂ 'ਤੇ ਕਿਸੇ ਵੀ ਤਰ੍ਹਾਂ ਦਾ ਭਾਰਤੀ ਕੰਟੈਂਟ ਦਿਖਾਉਣ 'ਤੇ ਮੁਕੰਮਲ ਪਾਬੰਦੀ ਲੱਗੀ ਹੋਈ ਹੈ।

'ਜੀਓ ਨਿਊਜ਼' ਦੇ ਮੈਨੇਜਿੰਗ ਡਾਇਰੈਕਟਰ ਅਜ਼ਹਰ ਅੱਬਾਸ ਨੇ ਇਸ ਕਾਰਵਾਈ 'ਤੇ ਡੂੰਘੀ ਨਾਰਾਜ਼ਗੀ ਜ਼ਾਹਿਰ ਕੀਤੀ ਹੈ। ਉਨ੍ਹਾਂ ਸੋਸ਼ਲ ਮੀਡੀਆ 'ਤੇ ਲਿਖਿਆ ਕਿ ਇਹ ਹਮੇਸ਼ਾ ਤੋਂ ਰਿਵਾਜ਼ ਰਿਹਾ ਹੈ ਕਿ ਜਦੋਂ ਕਿਸੇ ਮਹਾਨ ਕਲਾਕਾਰ ਦਾ ਦਿਹਾਂਤ ਹੁੰਦਾ ਹੈ, ਤਾਂ ਉਨ੍ਹਾਂ ਦੀਆਂ ਯਾਦਗਾਰੀ ਰਚਨਾਵਾਂ ਨੂੰ ਯਾਦ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਕਲਾ ਮਨੁੱਖਤਾ ਦੀ ਸਾਂਝੀ ਵਿਰਾਸਤ ਹੈ ਅਤੇ ਇਸ ਨੂੰ ਦੇਸ਼ ਦੀਆਂ ਸਰਹੱਦਾਂ ਵਿੱਚ ਕੈਦ ਨਹੀਂ ਕਰਨਾ ਚਾਹੀਦਾ।

ਅਜ਼ਹਰ ਅੱਬਾਸ ਨੇ ਯਾਦ ਕਰਵਾਇਆ ਕਿ ਆਸ਼ਾ ਭੌਂਸਲੇ ਪਾਕਿਸਤਾਨ ਦੀ ਮਸ਼ਹੂਰ ਗਾਇੱਕਾ ਨੂਰ ਜਹਾਂ ਨੂੰ ਆਪਣੀ ਵੱਡੀ ਭੈਣ ਮੰਨਦੇ ਸਨ। ਉਨ੍ਹਾਂ ਨੇ ਨੁਸਰਤ ਫ਼ਤਿਹ ਅਲੀ ਖਾਨ ਵਰਗੇ ਦਿੱਗਜ਼ਾਂ ਨਾਲ ਕੰਮ ਕੀਤਾ ਅਤੇ ਕਈ ਪਾਕਿਸਤਾਨੀ ਸ਼ਾਇਰਾਂ ਦੀਆਂ ਕਵਿਤਾਵਾਂ ਨੂੰ ਆਪਣੀ ਆਵਾਜ਼ ਦਿੱਤੀ। ਜਦੋਂ ਉਨ੍ਹਾਂ ਦੇ ਦਿਹਾਂਤ ਦੀ ਖ਼ਬਰ ਆਈ, ਤਾਂ ਕਈ ਪਾਕਿਸਤਾਨੀ ਕਲਾਕਾਰਾਂ ਨੇ ਵੀ ਸੋਸ਼ਲ ਮੀਡੀਆ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਸੀ।

ਜ਼ਿਕਰਯੋਗ ਹੈ ਕਿ ਆਸ਼ਾ ਭੌਂਸਲੇ ਦਾ 12 ਅਪ੍ਰੈਲ ਨੂੰ ਮੁੰਬਈ ਦੇ ਬ੍ਰੀਚ ਕੈਂਡੀ ਹਸਪਤਾਲ ਵਿੱਚ ਦੇਹਾਂਤ ਹੋ ਗਿਆ ਸੀ। ਉਨ੍ਹਾਂ ਨੂੰ ਛਾਤੀ ਵਿੱਚ ਇਨਫ਼ੈਕਸ਼ਨ ਅਤੇ ਥਕਾਵਟ ਕਾਰਨ ਭਰਤੀ ਕਰਵਾਇਆ ਗਿਆ ਸੀ। 13 ਅਪ੍ਰੈਲ ਦੀ ਸ਼ਾਮ ਨੂੰ ਮੁੰਬਈ ਵਿੱਚ ਉਨ੍ਹਾਂ ਦਾ ਅੰਤਿਮ ਸੰਸਕਾਰ ਕੀਤਾ ਗਿਆ, ਜਿੱਥੇ ਉਨ੍ਹਾਂ ਦੇ ਬੇਟੇ ਆਨੰਦ ਨੇ ਉਨ੍ਹਾਂ ਨੂੰ ਮੁਖਾਗਨੀ ਦਿੱਤੀ। ਪੂਰੇ ਭਾਰਤ ਸਮੇਤ ਵਿਦੇਸ਼ਾਂ ਵਿੱਚ ਬੈਠੇ ਉਨ੍ਹਾਂ ਦੇ ਪ੍ਰਸ਼ੰਸਕਾਂ ਨੇ ਨਮ ਅੱਖਾਂ ਨਾਲ ਉਨ੍ਹਾਂ ਨੂੰ ਵਿਦਾਈ ਦਿੱਤੀ।

# ਤਾਮਿਲ ਸ਼ਰਨਾਰਥੀ ਦੀ ਡਿਪੋਰਟੇਸ਼ਨ 'ਤੇ ਆਰਜ਼ੀ ਤੌਰ 'ਤੇ ਲੱਗੀ ਰੋਕ



ਵੈਨਕੂਵਰ, 18 ਅਪ੍ਰੈਲ (ਪ੍ਰਤੀਨਿਧੀ) : ਕੈਨੇਡਾ ਦੀ ਮਾਣਯੋਗ ਅਦਾਲਤ ਨੇ ਇੱਕ ਤਾਮਿਲ ਸ਼ਰਨਾਰਥੀ ਨੂੰ ਵੱਡੀ ਰਾਹਤ ਦਿੰਦਿਆਂ ਉਸ ਦੀ ਡਿਪੋਰਟੇਸ਼ਨ 'ਤੇ ਅਸਥਾਈ ਰੋਕ ਲਗਾ ਦਿੱਤੀ ਹੈ। ਇਹ ਵਿਅਕਤੀ 16 ਸਾਲ ਪਹਿਲਾਂ ਐਮਵੀ ਸਨ ਸੀਅ ਜਹਾਜ਼ ਰਾਹੀਂ ਕੈਨੇਡਾ ਪਹੁੰਚਿਆ ਸੀ। ਮਾਣਯੋਗ ਅਦਾਲਤ ਨੇ ਇਹ ਵੀ ਦਰਸਾਇਆ ਕਿ ਇੰਮੀਗ੍ਰੇਸ਼ਨ ਅਧਿਕਾਰੀਆਂ ਵਲੋਂ ਮਾਮਲੇ ਦੀ ਸੰਪੂਰਨ ਸਮੀਖਿਆ ਕਰਨ ਤੋਂ ਬਿਨਾਂ ਡਿਪੋਰਟੇਸ਼ਨ ਦਾ ਫ਼ੈਸਲਾ ਲੈਣਾ ਠੀਕ ਨਹੀਂ ਹੈ। ਇਸ ਲਈ ਮਾਮਲੇ ਦੀ ਮੁੜ ਜਾਂਚ ਹੋਣ ਤਕ ਉਸ ਨੂੰ ਦੇਸ਼ੋਂ ਬਾਹਰ ਨਹੀਂ ਕੱਢਿਆ ਜਾਵੇਗਾ।

ਜ਼ਿਕਰਯੋਗ ਹੈ ਕਿ ਐਮਵੀ ਸਨ ਸੀਅ ਜਹਾਜ਼ 2010 ਵਿੱਚ ਸੈਂਕੜਿਆਂ ਤਾਮਿਲ ਸ਼ਰਨਾਰਥੀਆਂ ਨੂੰ ਲੈ ਕੇ ਕੈਨੇਡਾ ਪਹੁੰਚਿਆ ਸੀ, ਜਿਸ ਤੋਂ ਬਾਅਦ ਇਹ ਮਾਮਲਾ ਕਾਫ਼ੀ ਸਮੇਂ ਤੋਂ ਕਾਨੂੰਨੀ ਅਤੇ ਰਾਜਨੀਤਿਕ ਚਰਚਾ ਦਾ ਕੇਂਦਰ ਬਣਿਆ ਹੋਇਆ ਹੈ। ਇਸ ਫ਼ੈਸਲੇ ਨੂੰ ਮਨੁੱਖੀ ਅਧਿਕਾਰਾਂ ਦੇ ਨਜ਼ਰੀਏ ਤੋਂ ਅਹਿਮ ਮੰਨਿਆ ਜਾ ਰਿਹਾ ਹੈ।

*ਬਦਲ ਗਿਆ 125 ਸਾਲ ਦਾ ਇਤਿਹਾਸ !*

# ਆਸਟ੍ਰੇਲੀਆ 'ਚ ਪਹਿਲੀ ਵਾਰ ਔਰਤ ਸੰਭਾਲੇਗੀ ਫ਼ੌਜ ਦੀ ਕਮਾਨ



ਮੈਲਬੌਰਨ, 18 ਅਪ੍ਰੈਲ (ਪ੍ਰਤੀਨਿਧੀ) : ਆਸਟ੍ਰੇਲੀਆ ਨੇ ਆਪਣੇ ਰੱਖਿਆ ਇਤਿਹਾਸ ਵਿੱਚ ਇੱਕ ਇਤਿਹਾਸ ਸਿਰਜਿਆ ਹੈ। ਆਸਟ੍ਰੇਲੀਆ 'ਚ ਪਹਿਲੀ ਵਾਰ ਕਿਸੇ ਮਹਿਲਾ ਨੂੰ ਫ਼ੌਜ ਦਾ ਮੁੱਖੀ ਨਿਯੁਕਤ ਕੀਤਾ ਹੈ। ਆਸਟ੍ਰੇਲੀਆ ਨੇ ਲੈਫ਼ਟੀਨੈਂਟ ਕਰਨਲ ਸੂਜ਼ਨ ਕੋਇਲੀ ਨੂੰ ਫ਼ੌਜ ਦਾ ਮੁੱਖੀ ਐਲਾਨਿਆ ਹੈ।

ਇਹ ਫ਼ੈਸਲਾ ਦੇਸ਼ ਦੀਆਂ ਹਥਿਆਰਬੰਦ ਸੈਨਾਵਾਂ ਵਿੱਚ ਲਿੰਗ ਸਮਾਨਤਾ ਅਤੇ ਆਧੁਨਿਕੀਕਰਨ ਵਲ ਇੱਕ ਵੱਡਾ ਕਦਮ ਮੰਨਿਆ ਜਾ ਰਿਹਾ ਹੈ। ਇਹ ਪਹਿਲੀ ਵਾਰ ਹੈ, ਜਦੋਂ ਆਸਟ੍ਰੇਲੀਆਈ ਰੱਖਿਆ ਬਲਾਂ ਦੇ 125 ਸਾਲਾਂ ਦੇ ਇਤਿਹਾਸ ਵਿੱਚ ਕੋਈ ਮਹਿਲਾ ਦੇਸ਼ ਦੀ ਫ਼ੌਜ ਦੇ ਸਭ ਤੋਂ ਉੱਚੇ ਅਹੁਦੇ 'ਤੇ ਪਹੁੰਚੀ ਹੈ।

ਆਸਟ੍ਰੇਲੀਆਈ ਸਰਕਾਰ ਨੇ ਇਸ ਨਿਯੁਕਤੀ ਨੂੰ ਫ਼ੌਜੀ ਲੀਡਰਸ਼ਿਪ ਵਿੱਚ ਵਿਭਿੰਨਤਾ ਲਿਆਉਣ, ਲਿੰਗ ਸਮਾਨਤਾ ਲਿਆਉਣ ਅਤੇ ਯੋਗਤਾ ਨੂੰ ਪਹਿਲ ਦੇਣ ਦੀ ਵਚਨਬੱਧਤਾ ਦੱਸਿਆ ਹੈ।

ਨਵੀਂ ਆਰਮੀ ਚੀਫ਼ ਕੋਲ ਦਹਾਕਿਆਂ ਦਾ ਫ਼ੌਜੀ ਤਜਰਬਾ ਹੈ ਅਤੇ ਉਹ ਕਈ ਮਹੱਤਵਪੂਰਨ ਆਪ੍ਰੇਸ਼ਨਾਂ ਅਤੇ ਰਣਨੀਤਕ ਭੂਮਿਕਾਵਾਂ ਵਿੱਚ ਸ਼ਾਮਲ ਰਹੇ ਹਨ। ਇਹ ਨਿਯੁਕਤੀ ਦੁਨੀਆਂ ਭਰ ਦੀਆਂ ਔਰਤਾਂ ਲਈ ਇੱਕ ਪ੍ਰੇਰਨਾ ਹੈ, ਜੋ ਫ਼ੌਜ ਵਿੱਚ ਆਪਣਾ ਕੈਰੀਅਰ ਬਣਾਉਣਾ ਚਾਹੁੰਦੀਆਂ ਹਨ।

ਜ਼ਿਕਰਯੋਗ ਹੈ ਕਿ ਆਸਟ੍ਰੇਲੀਆਈ ਫ਼ੌਜ ਪਿਛਲੇ ਕੁੱਝ ਸਮੇਂ ਤੋਂ ਆਪਣੇ ਸੱਭਿਆਚਾਰ ਵਿੱਚ ਸੁਧਾਰ ਲਿਆਉਣ ਦੀ ਕੋਸ਼ਿਸ਼ ਕਰ ਰਹੀ ਹੈ ਅਤੇ ਇਹ ਕਦਮ ਉਸੇ ਦਿਸ਼ਾ ਵਿੱਚ ਦੇਖਿਆ ਜਾ ਰਿਹਾ ਹੈ। ਆਸਟ੍ਰੇਲੀਆ ਹੁਣ ਉਨ੍ਹਾਂ ਚੋਣਵੇਂ ਦੇਸ਼ਾਂ ਦੀ ਸੂਚੀ ਵਿੱਚ ਸ਼ਾਮਲ ਹੋ ਗਿਆ ਹੈ ਜਿੱਥੇ ਫ਼ੌਜ ਦੀ ਕਮਾਨ ਮਹਿਲਾਵਾਂ ਦੇ ਹੱਥ ਵਿੱਚ ਰਹੀ ਹੈ। ਇਸ ਤੋਂ ਪਹਿਲਾਂ ਸਲੋਵੇਨੀਆ, ਜਰਮਨੀ, ਕੈਨੇਡਾ ਤੇ ਨੌਰਵੇ 'ਚ ਮਹਿਲਾਵਾਂ ਦੇਸ਼ ਦੀ ਫ਼ੌਜ ਦਾ ਸਭ ਤੋਂ ਉੱਚਾ ਅਹੁਦਾ ਸੰਭਾਲ ਚੁੱਕੀਆਂ ਹਨ ਤੇ ਹੁਣ ਆਸਟ੍ਰੇਲੀਆ ਵੀ ਇਨ੍ਹਾਂ ਚੋਣਵੇਂ ਦੇਸ਼ਾਂ ਦੀ ਲਿਸਟ 'ਚ ਸ਼ਾਮਲ ਹੋ ਗਿਆ ਹੈ।

# ਯੂ.ਕੇ. 'ਚ ਪੱਕਾ ਹੋਣਾ ਹੋਇਆ ਹੋਰ ਵੀ ਔਖਾ, ਹੁਣ ਕਰਨਾ ਪੈ ਸਕਦੈ 20 ਸਾਲ ਤਕ ਦਾ ਇੰਤਜ਼ਾਰ



ਲੰਡਨ, 18 ਅਪ੍ਰੈਲ (ਪ੍ਰਤੀਨਿਧੀ) : ਯੂ.ਕੇ ਸਰਕਾਰ ਪ੍ਰਵਾਸੀਆਂ ਲਈ ਸਥਾਈ ਨਿਵਾਸ (indefinite leave to remain, ILR) ਪ੍ਰਾਪਤ ਕਰਨ ਦੀ ਪ੍ਰਕਿਰਿਆ ਨੂੰ ਕਾਫ਼ੀ ਸਖ਼ਤ ਬਣਾਉਣ ਦੀ ਯੋਜਨਾ ਬਣਾ ਰਹੀ ਹੈ। ਜੇਕਰ ਇਹ ਨਵੇਂ ਪ੍ਰਸਤਾਵ ਲਾਗੂ ਹੁੰਦੇ ਹਨ, ਤਾਂ ਯੂਕੇ ਦੁਨੀਆਂ ਦੇ ਸਭ ਤੋਂ ਸਖ਼ਤ ਇੰਮੀਗ੍ਰੇਸ਼ਨ ਨਿਯਮਾਂ ਵਾਲੇ ਦੇਸ਼ਾਂ ਵਿੱਚੋਂ ਇੱਕ ਬਣ ਜਾਵੇਗਾ।

**ਸਥਾਈ ਨਿਵਾਸ ਦੀ ਮਿਆਦ ਵਿੱਚ ਦੁੱਗਣਾ ਵਾਧਾ**

ਯੂ.ਕੇ. ਦੀ ਗ੍ਰਹਿ ਮੰਤਰੀ ਸ਼ਬਾਨਾ ਮਹਿਮੂਦ ਅਨੁਸਾਰ ਜ਼ਿਆਦਾਤਰ ਪ੍ਰਵਾਸੀਆਂ ਲਈ ਸਥਾਈ ਨਿਵਾਸ ਪ੍ਰਾਪਤ ਕਰਨ ਦੀ ਮਿਆਦ ਨੂੰ 5 ਸਾਲ ਤੋਂ ਵਧਾ ਕੇ 10 ਸਾਲ ਕੀਤਾ ਜਾ ਸਕਦਾ ਹੈ। ਕੁੱਝ ਖਾਸ ਮਾਮਲਿਆਂ ਵਿੱਚ ਇਹ ਉਡੀਕ 20 ਸਾਲ ਤਕ ਵੀ ਜਾ ਸਕਦੀ ਹੈ। ਇਹ ਬਦਲਾਅ ਖਾਸ ਤੌਰ 'ਤੇ ਉਨ੍ਹਾਂ ਲੋਕਾਂ ਨੂੰ ਪ੍ਰਭਾਵਿਤ ਕਰਨਗੇ ਜੋ ਪੂਰਾ ਸਮਾਂ ਰੁਜ਼ਗਾਰ ਵਿੱਚ ਨਹੀਂ ਹਨ, ਜਿਵੇਂ ਕਿ ਵਰਕ ਵੀਜ਼ਾ ਧਾਰਕਾਂ ਦੇ ਆਸ਼ਰਿਤ ਅਤੇ ਪਰਿਵਾਰਕ ਵੀਜ਼ਾ ਧਾਰਕ।

**ਨਵੇਂ ਨਿਯਮ ਅਤੇ ਸ਼ਰਤਾਂ :** ਪ੍ਰਸਤਾਵਿਤ ਨਿਯਮਾਂ ਤਹਿਤ ਪੱਕੇ ਹੋਣ ਲਈ ਕਈ ਸਖ਼ਤ ਸ਼ਰਤਾਂ :

**ਸਾਫ਼ ਅਪਰਾਧਿਕ ਰਿਕਾਰਡ:** ਪਹਿਲਾਂ ਦੀਆਂ ਛੋਟਾਂ ਨੂੰ ਖਤਮ ਕਰਕੇ ਹੁਣ ਸਾਫ਼ ਰਿਕਾਰਡ ਲਾਜ਼ਮੀ ਹੋਵੇਗਾ।

**ਅੰਗਰੇਜ਼ੀ ਭਾਸ਼ਾ :** ਅੰਗਰੇਜ਼ੀ ਭਾਸ਼ਾ ਦਾ ਉੱਚ ਮਿਆਰ ਹੋਣਾ ਜ਼ਰੂਰੀ ਹੋਵੇਗਾ।

**ਆਮਦਨ ਦੀ ਸ਼ਰਤ:** ਘੱਟੋ-ਘੱਟ 3 ਸਾਲਾਂ ਤਕ ਪ੍ਰਤੀ ਸਾਲ 12,570 ਪੌਂਡ ਤੋਂ ਵੱਧ ਦੀ ਆਮਦਨ ਬਣਾਈ ਰੱਖਣੀ ਹੋਵੇਗੀ।

**ਗੈਰ-ਕਾਨੂੰਨੀ ਪ੍ਰਵਾਸੀ :** ਜਿਨ੍ਹਾਂ ਨੇ ਗੈਰ-ਕਾਨੂੰਨੀ ਢੰਗ ਨਾਲ ਦਾਖਲਾ ਲਿਆ ਹੈ, ਉਨ੍ਹਾਂ ਨੂੰ ਪੱਕੇ ਹੋਣ ਲਈ 30 ਸਾਲ ਤੱਕ ਉਡੀਕ ਕਰਨੀ ਪੈ ਸਕਦੀ ਹੈ।

ਉੱਚ-ਹੁਨਰਮੰਦ ਕਾਮੇ, ਜਿਵੇਂ ਕਿ ਟ8ਛ ਦੇ ਡਾਕਟਰ ਅਤੇ ਨਰਸਾਂ, ਜਾਂ ਉਹ ਲੋਕ ਜੋ ਸਾਲਾਨਾ 125,140 ਪੌਂਡ ਤੋਂ ਵੱਧ ਕਮਾਉਂਦੇ ਹਨ, ਉਨ੍ਹਾਂ ਲਈ ਇਹ ਮਿਆਦ ਕ੍ਰਮਵਾਰ 5 ਜਾਂ 3 ਸਾਲ ਹੋ ਸਕਦੀ ਹੈ।

ਸਰਕਾਰ ਨੇ ਦੱਸਿਆ ਕਿ 2017 ਤੋਂ ਸਥਾਈ ਨਿਵਾਸ ਪ੍ਰਾਪਤ ਕਰਨ ਵਾਲਿਆਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ, ਜੋ ਜੂਨ 2025 ਤਕ 1.63 ਲੱਖ ਤਕ ਪਹੁੰਚ ਗਈ ਸੀ। ਯੂ.ਕੇ. ਨੇ ਡੈਨਮਾਰਕ ਦੇ ਮਾਡਲ ਤੋਂ ਪ੍ਰੇਰਨਾ ਲੈਂਦਿਆਂ ਇਹ ਸਖ਼ਤ ਕਦਮ ਚੁੱਕਣ ਦਾ ਫ਼ੈਸਲਾ ਕੀਤਾ ਹੈ ਤਾਂ ਜੋ ਬਿਨਾਂ ਦਸਤਾਵੇਜ਼ਾਂ ਦੇ ਦਾਖਲੇ ਨੂੰ ਰੋਕਿਆ ਜਾ ਸਕੇ ਅਤੇ ਪ੍ਰਵਾਸ ਨੂੰ ਕੰਟਰੋਲ ਕੀਤਾ ਜਾ ਸਕੇ। ਇਹ ਨਵੇਂ ਨਿਯਮ ਯੂਕੇ ਨੂੰ ਕਤਰ ਅਤੇ ਜਾਪਾਨ ਵਰਗੇ ਦੇਸ਼ਾਂ ਦੀ ਸ਼੍ਰੇਣੀ ਵਿੱਚ ਖੜ੍ਹਾ ਕਰ ਦੇਣਗੇ, ਜਿੱਥੇ ਨਾਗਰਿਕਤਾ ਦੇ ਨਿਯਮ ਬਹੁਤ ਸਖ਼ਤ ਹਨ।

# ਵੈਨਕੂਵਰ 'ਚ ਖ਼ਾਲਸਾ ਡੇਅ ਪਰੇਡ ਆਯੋਜਿਤ, 2 ਲੱਖ ਸਿੱਖ ਸ਼ਰਧਾਲੂ ਹੋਏ ਸ਼ਾਮਲ




ਵੈਨਕੂਵਰ, 18 ਅਪ੍ਰੈਲ (ਪ੍ਰਤੀਨਿਧੀ) : ਵੈਨਕੂਵਰ ਵਿੱਚ ਇਤਿਹਾਸਕ ਖਾਲਸਾ ਦਿਵਸ ਪਰੇਡ ਦੇ 47ਵੇਂ ਐਡੀਸ਼ਨ ਵਿੱਚ ਲੱਗਭਗ 200,000 ਸ਼ਰਧਾਲੂਆਂ ਨੇ ਹਿੱਸਾ ਲਿਆ। ਵੈਨਕੂਵਰ ਵਿੱਚ ਇਤਿਹਾਸਕ ਰੌਸ ਸਟਰੀਟ ਗੁਰਦੁਆਰਾ ਸਾਹਿਬ ਦਾ ਪ੍ਰਬੰਧਨ ਕਰਨ ਵਾਲੀ ਖਾਲਸਾ ਦੀਵਾਨ ਸੋਸਾਇਟੀ ਦੁਆਰਾ ਆਯੋਜਿਤ ਪਰੇਡ ਨੇ ਇਸ ਸਾਲ ਵਿਤਕਰੇ ਦੇ ਮਾਹੌਲ ਦੇ ਵਿੱਚਕਾਰ 'ਲਚਕੀਲਾਪਣ' ਦੇ ਵਿਸ਼ੇ 'ਤੇ ਧਿਆਨ ਕੇਂਦਰਿਤ ਕੀਤਾ।

ਕੇ.ਡੀ.ਐੱਸ. ਦੇ ਪ੍ਰਧਾਨ ਰਣਜੀਤ ਸਿੰਘ ਹੇਅਰ ਨੇ ਕਿਹਾ ਕਿ ਇਸ ਸਾਲ ਦੇ ਵਿਸਾਖੀ ਨਗਰ ਕੀਰਤਨ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਦੀ ਆਮਦ ਦੇਖਣ ਨੂੰ ਮਿਲੀ। ਉਨ੍ਹਾਂ ਕਿਹਾ, 'ਇਹ ਬਹੁਤ ਵਧੀਆ ਰਿਹਾ, ਇਹ ਸਾਡੇ ਕੋਲ ਹੁਣ ਤੱਕ ਦੀ ਸਭ ਤੋਂ ਵਧੀਆ ਆਮਦ ਸੀ'। ਹਾਲਾਂਕਿ ਪਰੇਡ ਦੇ ਸ਼ੁਰੂਆਤੀ ਪੜਾਵਾਂ ਦੌਰਾਨ ਮੀਂਹ ਪਿਆ। ਪਰੇਡ ਵਿੱਚ ਸ਼ਾਮਲ ਹੋਣ ਵਾਲਿਆਂ ਵਿੱਚ ਕੰਜ਼ਰਵੇਟਿਵ ਪਾਰਟੀ ਦੇ ਨੇਤਾ ਪੀਅਰੇ ਪੋਇਲੀਵਰ, ਫ਼ੈਡਰਲ ਹਾਊਸਿੰਗ ਮੰਤਰੀ ਗ੍ਰੇਗਰ ਰੌਬਰਟਸਨ, ਵੈਨਕੂਵਰ ਦੇ ਮੇਅਰ ਕੇਨ ਸਿਮ, ਭਾਰਤ ਦੇ ਵੈਨਕੂਵਰ ਕੌਂਸਲੇਟ ਜਨਰਲ ਵੀ ਸ਼ਾਮਲ ਸਨ।

ਇਹ ਪਰੇਡ ਅਪ੍ਰੈਲ ਵਿੱਚ ਹੁੰਦੀ ਹੈ, ਜਿਸ ਨੂੰ ਕੈਨੇਡੀਅਨ ਸਰਕਾਰ ਦੁਆਰਾ ਸਿੱਖ ਵਿਰਾਸਤ ਮਹੀਨੇ ਵਜੋਂ ਵੀ ਮਾਨਤਾ ਦਿੱਤੀ ਗਈ ਹੈ। ਇਹ ਸਿਰਫ਼ ਵਾਢੀ ਦੇ ਮੌਸਮ ਅਤੇ ਭਾਈਚਾਰੇ ਲਈ ਨਵੇਂ ਸਾਲ ਦਾ ਹੀ ਨਹੀਂ, ਸਗੋਂ 1699 ਵਿੱਚ ਗੁਰੂ ਗੋਬਿੰਦ ਸਿੰਘ ਦੁਆਰਾ ਖਾਲਸਾ ਪੰਥ ਦੀ ਸਥਾਪਨਾ ਦਾ ਵੀ ਪ੍ਰਤੀਕ ਹੈ। ਪਰੇਡ ਦੀਆਂ ਯੋਜਨਾਵਾਂ ਦਾ ਐਲਾਨ ਕਰਦੇ ਹੋਏ ਕੇ.ਡੀ.ਐੱਸ. ਨੇ ਦੱਸਿਆ ਸੀ ਕਿ ਸਿੱਖ 1906 ਤੋਂ ਕੈਨੇਡਾ ਦੇ ਤਾਣੇ-ਬਾਣੇ ਦਾ ਹਿੱਸਾ ਰਹੇ ਹਨ। ਦੇਸ਼ ਵਿੱਚ ਲੱਗਭਗ 770,000 ਸਿੱਖ ਹਨ ਅਤੇ ਉਹ ਬ੍ਰਿਟਿਸ਼ ਕੋਲੰਬੀਆ ਦੀ ਆਬਾਦੀ ਦਾ ਲੱਗਭਗ 6 ਪ੍ਰਤੀਸ਼ਤ ਹਨ।

ਇਨ੍ਹਾਂ ਡੂੰਘੀਆਂ ਜੜ੍ਹਾਂ ਦੇ ਬਾਵਜੂਦ, ਭਾਈਚਾਰਾ ਔਨਲਾਈਨ ਨਫ਼ਰਤ ਅਤੇ ਵਿਅਕਤੀਗਤ ਵਿਤਕਰੇ ਦੀਆਂ ਆਧੁਨਿਕ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਇੱਕ ਰਿਲੀਜ਼ ਵਿੱਚ ਕਿਹਾ ਗਿਆ ਸੀ ਕਿ ਇਸ ਸਾਲ ਦੀ ਪਰੇਡ ਲਚਕੀਲੇਪਣ ਅਤੇ ਹਰ ਵਿਅਕਤੀ ਦੇ ਸਨਮਾਨ ਨਾਲ ਰਹਿਣ ਦੇ ਅਧਿਕਾਰ ਦਾ ਪੱਖ ਹੈ। ਹੇਅਰ ਨੇ ਦੱਸਿਆ ਕਿ ਪਰੇਡ ਹਮੇਸ਼ਾ ਨਫ਼ਰਤ ਦੇ ਵਿਰੁੱਧ ਖੜ੍ਹੀ ਹੁੰਦੀ ਸੀ। ਕੇ.ਡੀ.ਐੱਸ. ਦੇ ਸੀਨੀਅਰ ਉੱਪ-ਪ੍ਰਧਾਨ ਪਾਲ ਬੀਸਲਾ ਨੇ ਕਿਹਾ, ਭਾਰਤੀ ਭਾਈਚਾਰਾ ਇੱਥੇ ਇੱਕ ਸਦੀ ਤੋਂ ਵੱਧ ਸਮੇਂ ਤੋਂ ਹੈ। ਅਸੀਂ ਕੱਲ੍ਹ ਨਹੀਂ ਪਹੁੰਚੇ। ਹੇਅਰ ਨੇ ਕਿਹਾ, ਅਸੀਂ ਸਾਰਿਆਂ ਦਾ ਸਮਾਨਤਾ ਦੀ ਭਾਵਨਾ ਨਾਲ ਸਾਡੇ ਨਾਲ ਜੁੜਨ ਲਈ ਸਵਾਗਤ ਕਰਦੇ ਹਾਂ।

# ਹਸਪਤਾਲ ਨੂੰ ਰਾਸ਼ੀ ਦਾਨ ਕਰਨ ਲਈ ਵੱਡੀ ਗਿਣਤੀ 'ਚ ਲੋਕਾਂ ਨੇ ਲਾਈ ਸਮੂਹਿਕ ਦੌੜ



ਵੈਨਕੂਵਰ, 18 ਅਪ੍ਰੈਲ (ਪ੍ਰਤੀਨਿਧੀ): ਕੈਨੇਡਾ ਦੇ ਹੈਮਿਲਟਨ ਸ਼ਹਿਰ ਵਿੱਚ ਹੋਈ ਪ੍ਰਸਿੱਧ 'ਅਰਾਊਂਡ ਦ ਬੇ' ਦੌੜ ਦੌਰਾਨ ਮੀਂਹ ਦੇ ਬਾਵਜੂਦ ਕਰੀਬ 9,000 ਦੌੜਾਕਾਂ ਨੇ ਹਿੰਮਤ ਦਿਖਾਉਂਦਿਆਂ ਭਾਗ ਲਿਆ ਅਤੇ ਇੱਕ ਹਸਪਤਾਲ ਦੀ ਚੈਰਿਟੀ ਲਈ ਲੱਗਭਗ 4 ਲੱਖ 70 ਹਜ਼ਾਰ ਡਾਲਰ ਇੱਕੱਤਰ ਕਰਨ ਦਾ ਸ਼ਲਾਘਾਯੋਗ ਉਪਰਾਲਾ ਕੀਤਾ ਹੈ। 132ਵੀਂ ਦੌੜ 'ਚ ਹਰ ਉਮਰ ਦੇ ਲੋਕਾਂ ਨੇ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ। ਦੌੜ ਦੌਰਾਨ ਮੀਂਹ ਦੇ ਬਾਵਜੂਦ ਦੌੜਾਕਾਂ ਦੀ ਜਜ਼ਬੇ 'ਚ ਕੋਈ ਕਮੀ ਨਹੀਂ ਆਈ।

ਪ੍ਰਾਪਤ ਜਾਣਕਾਰੀ ਅਨੁਸਾਰ ਇਕੱਠੀ ਕੀਤੀ ਗਈ ਰਕਮ ਜੌਸਫ਼ ਸੈਂਟ ਹੈੱਲਥ ਕੇਅਰ ਹੈਲਮਟਨ ਨੂੰ ਦਾਨ ਦਿੱਤੀ ਜਾਵੇਗੀ, ਜਿਸ ਦਾ ਇਸਤੇਮਾਲ ਸਿਹਤ ਸੇਵਾਵਾਂ ਨੂੰ ਹੋਰ ਮਜ਼ਬੂਤ ਕਰਨ ਲਈ ਕੀਤਾ ਜਾਵੇਗਾ।

# ਆਸਟਰੇਲੀਆ ਨੇ ਤੇਲ ਸੰਕਟ ਨਾਲ ਨਜਿੱਠਣ ਲਈ ਵਾਧੂ ਡੀਜ਼ਲ ਸੁਰੱਖਿਅਤ ਕੀਤਾ



ਸਿਡਨੀ , 18 ਅਪ੍ਰੈਲ (ਪ੍ਰਤੀਨਿਧੀ) : ਆਸਟਰੇਲੀਆ ਨੇ ਵਧ ਰਹੇ ਆਲਮੀ ਤੇਲ ਸੰਕਟ ਦੇ ਮੱਦੇਨਜ਼ਰ ਆਪਣੀ ਊਰਜਾ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ 100 ਮਿਲੀਅਨ ਲੀਟਰ ਵਾਧੂ ਡੀਜ਼ਲ ਸੁਰੱਖਿਅਤ ਕੀਤਾ ਹੈ। ਇਹ ਡੀਜ਼ਲ ਬੋਰਨਿਓ (Borneo) ਅਤੇ ਦੱਖਣੀ ਕੋਰੀਆ ਤੋਂ ਪ੍ਰਾਪਤ ਕੀਤਾ ਗਿਆ ਹੈ।

ਸਰਕਾਰ ਨੇ ਇਸ ਲਈ ਆਪਣੀਆਂ ਨਵੀਆਂ ਰਣਨੀਤਿਕ ਰਿਜ਼ਰਵ ਸ਼ਕਤੀਆਂ ਦੀ ਵਰਤੋਂ ਕੀਤੀ ਹੈ, ਜਿਸ ਨਾਲ ਤੇਲ ਦੀ ਸਪਲਾਈ ਨੂੰ ਸਥਿਰ ਰੱਖਣ ਦੀ ਕੋਸ਼ਿਸ਼ ਕੀਤੀ ਗਈ ਹੈ। ਆਸਟਰੇਲੀਆ ਦੇ ਪ੍ਰਧਾਨ ਮੰਤਰੀ ਐਨਥਨੀ ਅਲਬਨੀਜ਼ ਨੇ ਇਸ ਮੌਕੇ ਬਰੂਨੇਈ ਦਾਰੂਸਲਮ ਦੇ ਸੁਲਤਾਨ ਹਾਜੀ ਹਸਨਲ ਬੋਲਕੀਆ ਨਾਲ ਵੀ ਮੁਲਾਕਾਤ ਕੀਤੀ ਅਤੇ ਊਰਜਾ ਸਹਿਯੋਗ ਬਾਰੇ ਵਿਚਾਰ-ਵਟਾਂਦਰਾ ਕੀਤਾ। ਸਰਕਾਰ ਦਾ ਕਹਿਣਾ ਹੈ ਕਿ ਇਹ ਕਦਮ ਦੇਸ਼ ਦੀ ਊਰਜਾ ਸੁਰੱਖਿਆ ਨੂੰ ਮਜ਼ਬੂਤ ਕਰਨ ਅਤੇ ਭਵਿੱਖ ਦੀਆਂ ਸੰਭਾਵਿਤ ਸਪਲਾਈਆਂ ਲਈ ਰਾਹ ਖੋਲ੍ਹਣ ਲਈ ਲਿਆ ਗਿਆ ਹੈ। ਮੌਜੂਦਾ ਸਮੇਂ ਵਿੱਚ ਆਸਟਰੇਲੀਆ ਕੋਲ ਕੇਵਲ 20 ਤੋਂ 25 ਦਿਨਾਂ ਦੇ ਤਰਲ ਬਾਲਣ ਦੀ ਸਪਲਾਈ ਹੈ, ਜੋ ਕੌਮਾਂਤਰੀ ਮਿਆਰਾਂ ਨਾਲੋਂ ਘੱਟ ਮੰਨੀ ਜਾਂਦੀ ਹੈ।